@Qpatrika  @qaumipatrika punjabi  instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 14 February 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 14 ਫਰਵਰੀ 2026, 2 ਫੱਗਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 101, qpatrika@gmail.com ਫੋਨ : 9971359517 www.qaumipatrika.org

## ਇੱਕ ਹੋਰ ਧੀ ਭਗਵੰਤ ਮਾਨ ਦੇ ਨਾਕਾਮ ਸ਼ਾਸਨ ਦੀ ਭੇਟ ਚੜ੍ਹੀ : ਹਰਸਿਮਰਤ ਬਾਦਲ

ਬਠਿੰਡਾ 13 ਫਰਵਰੀ। ਬਠਿੰਡਾ 'ਚ ਵਾਪਰੀ ਇੱਕ ਰੂਹ ਕੰਬਾਊ ਘਟਨਾ ਨੇ ਪੂਰੇ ਸੂਬੇ ਨੂੰ ਹਿਲਾ ਕੇ ਰੱਖ ਦਿੱਤਾ ਹੈ, ਜਿੱਥੇ ਇੱਕ ਸੂਟਕੇਸ ਵਿੱਚੋਂ ਇੱਕ ਨੌਜਵਾਨ ਲੜਕੀ ਦੀ ਅੱਧ-ਸੜੀ ਲਾਸ਼ ਬਰਾਮਦ ਹੋਈ ਹੈ। ਇਸ ਘਟਨਾ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਆਗੂ ਬੀਬਾ ਹਰਸਿਮਰਤ ਕੌਰ



ਬਾਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ 'ਤੇ ਤਿੱਖੇ ਨਿਸ਼ਾਨੇ ਸਾਧੇ ਹਨ। ਬੀਬਾ ਬਾਦਲ ਨੇ ਕਿਹਾ ਕਿ ਪੰਜਾਬ ਦੀ ਇੱਕ ਹੋਰ ਧੀ ਭਗਵੰਤ ਮਾਨ ਦੇ ਨਾਕਾਮ ਸ਼ਾਸਨ ਦੀ ਭੇਟ ਚੜ੍ਹ ਗਈ ਹੈ। ਉਨ੍ਹਾਂ ਇਲਜ਼ਾਮ ਲਾਇਆ ਕਿ ਭਗਵੰਤ ਮਾਨ ਅਤੇ ਕੇਜਰੀਵਾਲ ਦੇ ਰਾਜ ਵਿੱਚ ਪੰਜਾਬ ਅੰਦਰ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਨਾਲ ਛਿੱਕੇ ਟੰਗੀ ਗਈ ਹੈ ਅਤੇ ਅਜਿਹਾ ਲੱਗਦਾ ਹੈ ਕਿ ਸੂਬੇ ਵਿੱਚ ਕਾਨੂੰਨ ਨਾਂ ਦੀ ਕੋਈ ਚੀਜ਼ ਹੀ ਨਹੀਂ ਰਹਿ ਗਈ। ਉਨ੍ਹਾਂ ਮੁੱਖ ਮੰਤਰੀ 'ਤੇ ਹਮਲਾ ਕਰਦਿਆਂ ਕਿਹਾ ਕਿ ਭਗਵੰਤ ਮਾਨ ਦਿਨ-ਰਾਤ ਸਿਰਫ਼ ਪ੍ਰਚਾਰ ਅਤੇ ਨਾਟਕਬਾਜ਼ੀ ਵਿੱਚ ਮਸਰੂਫ਼ ਹਨ, ਜਦਕਿ ਜ਼ਮੀਨੀ ਹਕੀਕਤ ਇਹ ਹੈ ਕਿ ਪੰਜਾਬ ਵਿੱਚ ਕੋਈ ਵੀ ਸੁਰੱਖਿਅਤ ਨਹੀਂ ਹੈ। ਹਰਸਿਮਰਤ ਕੌਰ ਬਾਦਲ ਅਨੁਸਾਰ, ਮੌਜੂਦਾ ਸਰਕਾਰ ਨੇ ਪੰਜਾਬ ਨੂੰ ਅਪਰਾਧ ਦਾ ਗੜ੍ਹ ਬਣਾ ਦਿੱਤਾ ਹੈ। ਸਰਕਾਰ ਨੂੰ ਸਵਾਲ ਕਰਦਿਆਂ ਕਿਹਾ ਕਿ ਭਗਵੰਤ ਮਾਨ ਅਤੇ ਕੇਜਰੀਵਾਲ ਨੂੰ ਦੱਸਣਾ ਚਾਹੀਦਾ ਹੈ ਕਿ ਪੰਜਾਬ ਵਿੱਚ ਅਜਿਹੇ ਬੇਰਹਿਮ ਅਪਰਾਧ ਕਿਉਂ ਵੱਧ ਰਹੇ ਹਨ ? ਆਪਣੀ ਜ਼ਿੰਮੇਵਾਰੀ ਸਮਝਣ ਤੋਂ ਪਹਿਲਾਂ ਹੋਰ ਕਿੰਨੀਆਂ ਮਾਸੂਮ ਜਾਨਾਂ ਜਾਣਗੀਆਂ? ਉਨ੍ਹਾਂ ਚੇਤਾਵਨੀ ਦਿੱਤੀ ਕਿ ਪੰਜਾਬ ਦੇ ਲੋਕ ਇਹ ਸਭ ਕੁਝ ਦੇਖ ਰਹੇ ਹਨ ਅਤੇ ਸਮਾਂ ਆਉਣ 'ਤੇ ਇਸ ਦਾ ਸਖ਼ਤ ਜਵਾਬ ਦੇਣਗੇ।

## ਬੰਗਾਲੀ ਭਾਸ਼ਾ ਬੋਲਣ ਕਾਰਨ ਮਹਾਰਾਸ਼ਟਰ 'ਚ ਪ੍ਰਵਾਸੀ ਮਜ਼ਦੂਰ ਦਾ ਕਤਲ: ਮਮਤਾ

ਕੋਲਕਾਤਾ 13 ਫਰਵਰੀ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਦੋਸ਼ ਲਗਾਇਆ ਕਿ ਉਨ੍ਹਾਂ ਦੇ ਰਾਜ ਦੇ ਇੱਕ 24 ਸਾਲਾ ਪ੍ਰਵਾਸੀ ਮਜ਼ਦੂਰ ਦਾ ਮਹਾਰਾਸ਼ਟਰ ਵਿੱਚ ਬੰਗਾਲੀ ਬੋਲਣ ਕਾਰਨ ਕਤਲ



ਕਰ ਦਿੱਤਾ ਗਿਆ। ਬੈਨਰਜੀ ਨੇ ਇਸਨੂੰ ਨਫ਼ਰਤ ਭਰਿਆ ਅਪਰਾਧ ਦੱਸਿਆ ਅਤੇ ਦੋਸ਼ੀਆਂ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਕੀਤੀ। ਮੁੱਖ ਮੰਤਰੀ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਲਿਖਿਆ, ਮਹਾਰਾਸ਼ਟਰ ਦੇ ਪੁਣੇ ਦੇ ਪੁਰੂਲੀਆ ਦੇ ਬੰਦਵਾਨ ਦੇ 24 ਸਾਲਾ ਪ੍ਰਵਾਸੀ ਮਜ਼ਦੂਰ ਸੁਖੇਨ ਮਹਾਤੋ ਦੀ ਬੇਰਹਿਮੀ ਨਾਲ ਹੱਤਿਆ ਤੋਂ ਮੈਂ ਹੈਰਾਨ, ਗੁੱਸੇ ਅਤੇ ਬਹੁਤ ਦੁਖੀ ਹਾਂ। ਉਹ ਆਪਣੇ ਪਰਿਵਾਰ ਦਾ ਇਕਲੌਤਾ ਰੋਟੀ ਕਮਾਉਣ ਵਾਲਾ ਸੀ। ਉਨ੍ਹਾਂ ਕਿਹਾ, ਇਹ ਇੱਕ ਨਫ਼ਰਤ ਅਪਰਾਧ ਤੋਂ ਘੱਟ ਨਹੀਂ ਹੈ। ਇੱਕ ਨੌਜਵਾਨ ਨੂੰ ਉਸਦੀ ਭਾਸ਼ਾ, ਉਸਦੀ ਪਛਾਣ, ਉਸਦੀ ਜੜ੍ਹਾਂ ਕਾਰਨ ਨਿਸ਼ਾਨਾ ਬਣਾਇਆ ਗਿਆ, ਤਸੀਹੇ ਦਿੱਤੇ ਗਏ ਅਤੇ ਕਤਲ ਕਰ ਦਿੱਤਾ ਗਿਆ। ਮੁੱਖ ਮੰਤਰੀ ਨੇ ਕਿਹਾ, ਇਹ ਉਸ ਮਾਹੌਲ ਦਾ ਸਿੱਧਾ ਨਤੀਜਾ ਹੈ ਜਿਸ ਵਿੱਚ ਬਾਹਰੀ ਲੋਕਾਂ ਵਿਰੁੱਧ ਨਫ਼ਰਤ ਨੂੰ ਹਥਿਆਰ ਵਜੋਂ ਵਰਤਿਆ ਜਾਂਦਾ ਹੈ ਅਤੇ ਮਾਸੂਮ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ।

# 'ਅਸੀਂ ਗੁਲਾਮੀ ਦੀ ਮਾਨਸਿਕਤਾ ਨੂੰ ਬਦਲਣ ਦੀ ਮੁਹਿੰਮ ਸ਼ੁਰੂ ਕੀਤੀ ਹੈ..' 'ਸੇਵਾ ਤੀਰਥ' ਦੇ ਉਦਘਾਟਨ ਮੌਕੇ ਬੋਲੇ ਪ੍ਰਧਾਨ ਮੰਤਰੀ ਮੋਦੀ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 13 ਫਰਵਰੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੁੱਕਰਵਾਰ ਨੂੰ ਨਵੇਂ ਪ੍ਰਧਾਨ ਮੰਤਰੀ ਦਫਤਰ ਕੰਪਲੈਕਸ ਦਾ ਉਦਘਾਟਨ ਕੀਤਾ, ਜਿਸ ਦਾ ਨਾਮ 'ਤੀਰਥ ਭਵਨ' ਰੱਖਿਆ ਗਿਆ ਹੈ। ਇਸ ਮੌਕੇ ਉਨ੍ਹਾਂ ਨੇ ਸਭ ਤੋਂ ਪਹਿਲਾਂ ਗਰੀਬਾਂ, ਕਿਸਾਨਾਂ, ਨੌਜਵਾਨਾਂ ਅਤੇ ਔਰਤਾਂ ਦੇ ਸਸਕਤੀਕਰਨ ਨਾਲ ਸਬੰਧਤ ਮਹੱਤਵਪੂਰਨ ਫਾਈਲਾਂ 'ਤੇ ਦਸਤਖਤ ਕੀਤੇ। ਹੁਣ ਤੱਕ ਪ੍ਰਧਾਨ ਮੰਤਰੀ ਦਫਤਰ, ਰਾਸਟਰੀ ਸੁਰੱਖਿਆ ਕੌਂਸਲ ਸਕੱਤਰੇਤ ਅਤੇ ਕੈਬਨਿਟ ਸਕੱਤਰੇਤ ਵੱਖ-ਵੱਖ ਇਮਾਰਤਾਂ ਤੋਂ ਕੰਮ ਕਰ ਰਹੇ ਸਨ, ਜਿਸ ਕਾਰਨ ਤਾਲਮੇਲ 'ਚ ਮੁਸਕਲਾਂ ਆਉਂਦੀਆਂ ਸਨ। ਹੁਣ ਇਹ ਸਾਰੇ ਅਹਿਮ ਦਫਤਰ ਇਕੋ ਕੰਪਲੈਕਸ 'ਤੀਰਥ ਭਵਨ' 'ਚ ਸਥਿਤ ਹੋਣਗੇ। ਇਹ ਨਵਾਂ ਕੰਪਲੈਕਸ ਆਧੁਨਿਕ, ਕੁਸਲ ਅਤੇ ਨਾਗਰਿਕ-ਕੇਂਦ੍ਰਿਤ ਸਾਸਨ ਪ੍ਰਣਾਲੀ ਲਈ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਉਦਘਾਟਨ ਤੋਂ ਤੁਰੰਤ ਬਾਅਦ ਪ੍ਰਧਾਨ ਮੰਤਰੀ ਨੇ ਕਈ ਲੋਕ ਭਲਾਈ ਸਕੀਮਾਂ ਨੂੰ ਮਨਜ਼ੂਰੀ ਦਿੱਤੀ: ਹਾਦਸਾ ਪੀੜਤਾਂ ਲਈ ਰਾਹਤ: ਹਾਦਸੇ ਦੇ ਸਿ਼ਕਾਰ ਲੋਕਾਂ ਨੂੰ 1.5 ਲੱਖ ਰੁਪਏ ਤੱਕ ਦਾ ਕੈਸਲੈੱਸ ਇਲਾਜ ਮੁਹੱਈਆ ਕਰਵਾਉਣ ਲਈ 'ਪੀਐੱਮ ਰਾਹਤ ਯੋਜਨਾ' ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਲਖਪਤੀ ਦੀਦੀ ਯੋਜਨਾ:



ਮਹਿਲਾ ਸਸਕਤੀਕਰਨ ਨੂੰ ਹੁਲਾਰਾ ਦੇਣ ਲਈ 'ਲਖਪਤੀ ਦੀਦੀ' ਯੋਜਨਾ ਦਾ ਟੀਚਾ ਦੁੱਗਣਾ ਕਰਕੇ 6 ਕਰੋੜ ਕਰ ਦਿੱਤਾ ਗਿਆ ਹੈ। ਕਿਸਾਨਾਂ ਲਈ ਵੱਡਾ ਐਲਾਨ: ਖੇਤੀਬਾੜੀ ਬੁਨਿਆਦੀ ਢਾਂਚਾ ਫੰਡ ਦਾ ਟੀਚਾ 1 ਲੱਖ ਕਰੋੜ ਰੁਪਏ ਤੋਂ ਵਧਾ ਕੇ 2 ਲੱਖ ਕਰੋੜ ਰੁਪਏ ਕਰ ਦਿੱਤਾ ਗਿਆ ਹੈ, ਜੋ ਕਿਸਾਨਾਂ ਦੀ ਆਮਦਨ ਵਧਾਉਣ ਵਿੱਚ ਮਦਦਗਾਰ ਹੋਵੇਗਾ। ਨੌਜਵਾਨਾਂ ਅਤੇ ਸਟਾਰਟਅੱਪਸ ਲਈ: 10,000 ਕਰੋੜ ਰੁਪਏ ਦੇ ਫੰਡ ਨਾਲ 'ਸਟਾਰਟਅੱਪ ਇੰਡੀਆ ਫੰਡ ਆਫ ਫੰਡਸ 2.0' ਨੂੰ ਮਨਜ਼ੂਰੀ ਦਿੱਤੀ ਗਈ ਹੈ, ਤਾਂ ਜੋ ਡੂੰਘੀ ਤਕਨਾਲੋਜੀ ਖੋਜ ਨੂੰ ਉਤਸਾਹਿਤ ਕੀਤਾ ਜਾ ਸਕੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਫੈਸਲੇ 'ਨਾਗਰਿਕ ਦੇਵੋ ਭਵ' ਦੀ ਭਾਵਨਾ ਨੂੰ ਮਜਬੂਤ ਕਰਦੇ ਹਨ ਅਤੇ ਵਿਕਸਤ ਭਾਰਤ ਦੇ ਸੰਕਲਪ ਨੂੰ ਨਵੀਂ ਗਤੀ ਪ੍ਰਦਾਨ ਕਰਦੇ ਹਨ। ਉਨ੍ਹਾਂ ਉਮੀਦ ਜਤਾਈ ਕਿ 'ਤੀਰਥ ਭਵਨ' ਆਉਣ ਵਾਲੀਆਂ ਪੀੜ੍ਹੀਆਂ ਨੂੰ ਨਿਰਸਵਾਰਥ ਸੇਵਾ ਅਤੇ ਸਾਰਿਆਂ ਦੇ ਕਲਿਆਣ ਲਈ ਪ੍ਰੇਰਿਤ ਕਰਦਾ ਰਹੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਦਿੱਲੀ ਵਿੱਚ 'ਸੇਵਾ ਤੀਰਥ' ਅਤੇ 'ਕਰਤੱਵ ਭਵਨ' (1 ਅਤੇ 2) ਦਾ ਉਦਘਾਟਨ ਕਰਦਿਆਂ ਇਸ ਨੂੰ ਦੇਸ ਲਈ 'ਨਵੇਂ ਇਤਿਹਾਸ ਦੀ ਸੁਰੂਆਤ' ਕਰਾਰ ਦਿੱਤਾ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਅੱਜ 13 ਫਰਵਰੀ ਦਾ ਇਹ ਦਿਨ ਦੇਸ ਦੀ ਵਿਕਾਸ ਯਾਤਰਾ ਵਿੱਚ ਇੱਕ ਨਵੇਂ ਆਗਾਜ ਦਾ ਗਵਾਹ ਬਣ ਰਿਹਾ ਹੈ।

## ਰਾਜਪਾਲ ਯਾਦਵ ਨੂੰ ਹਾਈ ਕੋਰਟ ਤੋਂ ਵੱਡਾ ਝਟਕਾ !

ਨਵੀਂ ਦਿੱਲੀ 13 ਫਰਵਰੀ। ਬਾਲੀਵੁੱਡ ਦੇ ਮਸ਼ਹੂਰ ਕਾਮੇਡੀਅਨ ਰਾਜਪਾਲ ਯਾਦਵ ਨੂੰ ਦਿੱਲੀ ਹਾਈ ਕੋਰਟ ਤੋਂ ਫਿਲਹਾਲ ਕੋਈ ਰਾਹਤ ਨਹੀਂ ਮਿਲੀ ਹੈ। ਕਰੋੜਾਂ ਰੁਪਏ ਦੇ ਚੈੱਕ ਬਾਊਂਸ ਮਾਮਲੇ ਵਿੱਚ ਜੇਲ੍ਹ ਦੀ ਸਜ਼ਾ ਕੱਟ ਰਹੇ ਅਦਾਕਾਰ ਦੀ ਜ਼ਮਾਨਤ ਪਟੀਸ਼ਨ 'ਤੇ ਅੱਜ ਹੋਈ ਸੁਣਵਾਈ ਤੋਂ ਬਾਅਦ ਅਦਾਲਤ ਨੇ ਮਾਮਲੇ ਨੂੰ 16 ਫਰਵਰੀ (ਸੋਮਵਾਰ) ਤੱਕ ਲਈ ਮੁਲਤਵੀ ਕਰ ਦਿੱਤਾ ਹੈ। ਉਦੋਂ ਤੱਕ ਰਾਜਪਾਲ ਯਾਦਵ ਨੂੰ ਤਿਹਾੜ ਜੇਲ੍ਹ ਵਿੱਚ ਹੀ ਰਹਿਣਾ ਪਵੇਗਾ। ਅਦਾਲਤ ਨੇ ਇਸ ਮਾਮਲੇ ਵਿੱਚ ਸ਼ਿਕਾਇਤਕਰਤਾ ਪੱਖ ਨੂੰ ਨੋਟਿਸ ਜਾਰੀ ਕਰਕੇ ਜਵਾਬ ਤਲਬ ਕੀਤਾ ਹੈ। ਸੁਣਵਾਈ ਦੌਰਾਨ ਜਸਟਿਸ ਸਵਰਨ ਕਾਂਤਾ ਸ਼ਰਮਾ ਨੇ ਰਾਜਪਾਲ ਯਾਦਵ ਦੇ ਰਵੱਈਏ 'ਤੇ ਸਖ਼ਤ ਨਾਰਾਜ਼ਗੀ ਜ਼ਾਹਰ ਕੀਤੀ। ਅਦਾਲਤ ਨੇ ਕਿਹਾ, ਤੁਸੀਂ ਅੱਜ ਜੇਲ੍ਹ ਵਿੱਚ ਇਸ ਲਈ ਹੋ ਕਿਉਂਕਿ ਤੁਸੀਂ ਅਦਾਲਤ ਨਾਲ ਕੀਤੇ ਆਪਣੇ ਵਾਅਦੇ ਪੂਰੇ ਨਹੀਂ ਕੀਤੇ। ਅਦਾਲਤ ਨੇ ਨੋਟ ਕੀਤਾ ਕਿ ਅਦਾਕਾਰ ਨੇ ਦਰਜਨਾਂ ਵਾਰ ਪੈਸੇ ਵਾਪਸ ਕਰਨ ਦਾ ਭਰੋਸਾ ਦਿੱਤਾ ਸੀ ਪਰ ਹਰ ਵਾਰ ਅਸਫਲ ਰਹੇ।

## ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ 'ਚ ਵਾਪਸੀ ਨੂੰ ਲੈ ਕੇ ਭੂਪੇਸ਼ ਬਘੇਲ ਦਾ ਵੱਡਾ ਬਿਆਨ

ਚੰਡੀਗੜ੍ਹ 13 ਫਰਵਰੀ। ਪੰਜਾਬ ਦੀ ਸਿਆਸਤ ਵਿਚ ਇਕ ਵਾਰ ਫਿਰ ਵੱਡੀ ਹਲਚਲ ਹੁੰਦੀ ਦਿਖਾਈ ਦੇ ਰਹੀ ਹੈ। ਪੰਜਾਬ ਕਾਂਗਰਸ ਦੇ ਇੰਚਾਰਜ ਭੂਪੇਸ਼ ਬਘੇਲ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਾਰਟੀ ਵਿਚ ਵਾਪਸੀ ਨੂੰ ਲੈ ਕੇ ਇੱਕ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕੈਪਟਨ ਅਮਰਿੰਦਰ ਸਿੰਘ ਮੁੜ ਕਾਂਗਰਸ ਵਿਚ ਆਉਣਾ ਚਾਹੁੰਦੇ ਹਨ, ਤਾਂ ਪਾਰਟੀ ਵੱਲੋਂ ਉਨ੍ਹਾਂ ਦਾ ਸਵਾਗਤ ਹੈ। ਭੂਪੇਸ਼ ਬਘੇਲ ਨੇ ਕੈਪਟਨ ਦੀ ਕਾਬਲੀਅਤ 'ਤੇ ਮੋਹਰ ਲਾਉਂਦਿਆਂ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਕੈਪਟਨ ਅਮਰਿੰਦਰ ਸਿੰਘ ਇਕ ਬਹੁਤ ਵੱਡੇ ਆਗੂ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇਕਰ ਕੈਪਟਨ ਵਾਪਸੀ ਦੀ ਇੱਛਾ ਜ਼ਾਹਿਰ ਕਰਦੇ ਹਨ, ਤਾਂ ਉਨ੍ਹਾਂ ਦੀ ਵਾਪਸੀ ਬਾਰੇ ਹਾਈਕਮਾਨ ਵੱਲੋਂ ਵਿਚਾਰ ਕੀਤਾ ਜਾਵੇਗਾ। ਗੌਰਤਲਬ ਹੈ ਕਿ ਕੈਪਟਨ ਅਮਰਿੰਦਰ ਸਿੰਘ ਕੁੱਝ ਸਮਾਂ ਪਹਿਲਾਂ ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਲ ਹੋ ਗਏ ਸਨ

## ਭਗਵੰਤ ਮਾਨ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ ਪੁਰਬ ਲਈ ਸਾਲ ਭਰ ਦਾ ਰੋਡਮੈਪ ਤਿਆਰ: ਹਰਪਾਲ ਸਿੰਘ ਚੀਮਾ

ਕੌਮੀ ਪਤ੍ਰਿਕਾ

ਚੰਡੀਗੜ੍ਹ, 13 ਫਰਵਰੀ: ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਪ੍ਰਧਾਨਗੀ ਹੇਠ ਪੰਜਾਬ ਕੈਬਨਿਟ ਦੀ ਸਬ-ਕਮੇਟੀ ਨੇ ਅੱਜ ਇਥੇ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ ਪੁਰਬ ਨੂੰ ਮਨਾਉਣ ਲਈ ਸਾਲ ਭਰ ਦੇ ਵਿਸਤ੍ਰਿਤ ਰੋਡਮੈਪ ਨੂੰ ਅੰਤਿਮ ਰੂਪ ਦੇਣ ਲਈ ਆਪਣੀ ਦੂਜੀ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਇਨ੍ਹਾਂ ਸਮਾਗਮਾਂ ਨੂੰ ਵਿਸਵ ਪੱਧਰ 'ਤੇ ਲੈ ਕੇ ਜਾਣ ਅਤੇ ਗੁਰੂ ਸਾਹਿਬ ਦੇ ਬਰਾਬਰੀ, ਮਾਨਵਤਾ ਅਤੇ ਭਗਤੀ ਦੇ ਸੰਦੇਸ ਨੂੰ ਰਾਜ ਦੇ ਹਰ ਕੋਨੇ ਅਤੇ ਇਸ ਤੋਂ ਬਾਹਰ ਤੱਕ ਪਹੁੰਚਾਉਣ ਦਾ ਪੱਕਾ ਅਹਿਦ ਲਿਆ ਗਿਆ। ਮੀਟਿੰਗ ਦੌਰਾਨ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ, ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ, ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ, ਸੈਰ ਸਪਾਟਾ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਅਤੇ ਵਿਸੇਸ ਇਨਵਾਇਟੀ ਪਵਨ ਟੀਨੂੰ ਨੇ ਮਹੀਨਾਵਾਰ ਪ੍ਰੋਗਰਾਮਾਂ ਦੇ ਪ੍ਰਬੰਧਾ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਨ੍ਹਾਂ ਪ੍ਰੋਗਰਾਮਾਂ ਵਿੱਚ ਅਧਿਆਤਮਿਕ ਸਰਧਾ, ਵਿਦਿਅਕ ਪ੍ਰਸਾਰ ਅਤੇ ਸਮਾਜ ਭਲਾਈ ਪਹਿਲਕਦਮੀਆਂ ਦਾ ਸੰਤੁਲਿਤ ਸੁਮੇਲ ਹੋਵੇ। ਸਮਾਗਮਾਂ ਦੇ ਅਧਿਆਤਮਿਕ ਪਹਿਲੂ 'ਤੇ ਚਾਨਣਾ ਪਾਉਂਦੇ ਹੋਏ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, "ਸਾਡਾ ਉਦੇਸ ਇਸ ਇਤਿਹਾਸਕ ਮੌਕੇ ਨੂੰ ਅਜਿਹੇ ਪੱਧਰ 'ਤੇ ਮਨਾਉਣਾ ਹੈ ਜੋ ਸਮਾਜ 'ਤੇ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਦੇ ਡੂੰਘੇ ਪ੍ਰਭਾਵ ਨੂੰ ਦਰਸਾਉਂਦਾ ਹੋਵੇ। ਅਸੀਂ ਇਹ ਯਕੀਨੀ ਬਣਾਉਣ ਲਈ ਵਚਨਬੱਧ ਹਾਂ



ਕਿ ਹਰ ਨਾਗਰਿਕ, ਖਾਸ ਕਰਕੇ ਸਾਡੇ ਨੌਜਵਾਨ, 'ਬੇਗਮਪੁਰਾ' ਦੇ ਸੰਦੇਸ -ਇੱਕ ਅਜਿਹਾ ਸਮਾਜ ਜੋ ਦੁੱਖਾਂ ਅਤੇ ਵਿਤਕਰੇ ਤੋਂ ਮੁਕਤ ਹੋਵੇ- ਨਾਲ ਜੁੜਨ ।" ਕੈਬਨਿਟ ਸਬ-ਕਮੇਟੀ ਨੇ ਵਾਰਾਣਸੀ, ਫਰੀਦਕੋਟ, ਜੰਮੂ ਅਤੇ ਬਠਿੰਡਾ ਤੋਂ ਚਾਰ ਵੱਡੀਆਂ ਸੋਭਾ ਯਾਤਰਾਵਾਂ ਕੱਢਣ ਦਾ ਫੈਸਲਾ ਕੀਤਾ ਹੈ, ਜੋ ਗੁਰੂ ਜੀ ਦੇ ਪਵਿੱਤਰ ਤਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਨਤਮਸਤਕ ਹੋਣਗੀਆਂ। ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਸਰਧਾਲੂਆਂ ਨੂੰ ਵਾਰਾਣਸੀ ਸਥਿਤ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਅਸਥਾਨ ਮੰਦਰ ਦੇ ਦਰਸਨਾਂ ਲਈ ਤੀਰਥ ਯਾਤਰਾਵਾਂ ਦੀ ਸਹੂਲਤ ਦੇਣ ਦਾ ਵੀ ਫੈਸਲਾ ਲਿਆ ਗਿਆ। ਗੁਰੂ ਜੀ ਦਾ ਫਲਸਫਾ ਨਵੀਂ ਪੀੜ੍ਹੀ ਤੱਕ ਸਾਰਥਕ ਤਰੀਕੇ ਨਾਲ ਪਹੁੰਚਾਉਣ ਲਈ ਸਬ-ਕਮੇਟੀ ਨੇ ਸੂਬੇ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਸੈਮੀਨਾਰ ਕਰਵਾਉਣ ਦੀ ਪ੍ਰਵਾਨਗੀ ਦਿੱਤੀ। ਇਸ ਰੋਡਮੈਪ ਵਿੱਚ ਹਰ ਜਿ਼ਲ੍ਹੇ ਵਿੱਚ ਡਰੋਨ ਸੋਅ ਅਤੇ ਪਿੰਡਾਂ ਵਿੱਚ ਦਸਤਾਵੇਜੀ ਫਿ਼ਲਮਾਂ ਦੀ ਸਕ੍ਰੀਨਿੰਗ ਰਾਹੀਂ ਨਵੀਨਤਾਕਾਰੀ ਪ੍ਰਚਾਰ ਵੀ ਸਾਮਲ ਹੈ, ਤਾਂ ਜੋ ਆਧੁਨਿਕ ਤਕਨਾਲੋਜੀ ਰਾਹੀਂ ਜਾਗਰੂਕਤਾ ਵਧਾਈ ਜਾ ਸਕੇ। ਵਾਤਾਵਰਣ ਦੀ ਸਾਂਭ-ਸੰਭਾਲ ਅਤੇ ਸਮਾਜ ਸੇਵਾ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ, ਕੈਬਨਿਟ ਸਬ-ਕਮੇਟੀ ਨੇ 650ਵੀਂ ਸਤਾਬਦੀ ਨੂੰ ਸਮਰਪਿਤ ਹਰ ਜਿ਼ਲ੍ਹੇ ਵਿੱਚ 6.5 ਲੱਖ ਪੌਦੇ ਲਗਾਉਣ ਦੀ ਮੁਹਿੰਮ ਸੁਰੂ ਕਰਨ ਬਾਰੇ ਵਿਚਾਰ-ਵਟਾਂਦਰਾ ਕੀਤਾ।

# "ਮੈਂ ਕਹਿ ਰਿਹਾ ਹਾਂ ਉਸਨੂੰ ਸਸਪੈਂਡ ਕਰੋ..." ਹਰਿਆਣਾ ਦੇ ਮੰਤਰੀ ਅਨਿਲ ਵਿਜ ਤੇ ਐੱਸ.ਪੀ. ਉਪਾਸਨਾ ਵਿਚਾਲੇ ਤਿੱਖੀ ਬਹਿਸ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਨੈਸ਼ਨਲ ਡੈਸਕ 13 ਫਰਵਰੀ। ਹਰਿਆਣਾ ਦੇ ਟਰਾਂਸਪੋਰਟ ਮੰਤਰੀ ਅਨਿਲ ਵਿਜ ਅਤੇ ਕੈਥਲ ਦੀ ਐੱਸ.ਪੀ. ਉਪਾਸਨਾ ਵਿਚਕਾਰ ਇੱਕ ਮੀਟਿੰਗ ਦੌਰਾਨ ਜਬਰਦਸਤ ਬਹਿਸ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਘਟਨਾ 13 ਫਰਵਰੀ 2026 ਨੂੰ ਸਿਕਾਇਤ ਨਿਵਾਰਨ ਕਮੇਟੀ ਦੀ ਮੀਟਿੰਗ ਦੌਰਾਨ ਵਾਪਰੀ, ਜਿੱਥੇ ਮੰਤਰੀ ਅਨਿਲ ਵਿਜ ਇੱਕ ਪੁਲਿਸ ਮੁਲਾਜਮ ਵਿਰੁੱਧ ਕਾਰਵਾਈ ਨਾ ਹੋਣ 'ਤੇ ਭੜਕ ਗਏ। ਦਰਅਸਲ, ਸਿਕਾਇਤ ਨਿਵਾਰਨ ਕਮੇਟੀ ਦੀ ਮੀਟਿੰਗ ਵਿੱਚ ਜਮੀਨੀ ਧੋਖਾਧੜੀ ਨਾਲ ਸਬੰਧਤ ਇੱਕ ਪੁਲਸ ਮੁਲਾਜਮ ਵਿਰੁੱਧ ਸਿ਼ਕਾਇਤ ਆਈ ਸੀ। ਮੰਤਰੀ ਅਨਿਲ ਵਿਜ ਨੇ ਮੌਕੇ 'ਤੇ ਹੀ ਐੱਸ.ਪੀ. ਉਪਾਸਨਾ ਨੂੰ ਉਸ ਪੁਲਸ ਵਾਲੇ ਨੂੰ ਤੁਰੰਤ ਮੁਅੱਤਲ (ਸਸਪੈਂਡ) ਕਰਨ ਦੇ ਹੁਕਮ ਦਿੱਤੇ। ਹਾਲਾਂਕਿ, ਐੱਸ.ਪੀ. ਨੇ ਇਹ ਕਹਿ ਕੇ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਉਨ੍ਹਾਂ ਕੋਲ ਇਸ ਦੀ ਪਾਵਰ ਨਹੀਂ ਹੈ ਕਿਉਂਕਿ ਇਹ ਮਾਮਲਾ ਕੁਰੂਕਸੇਤਰ



ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ। ਐੱਸ.ਪੀ. ਦੇ ਜਵਾਬ ਤੋਂ ਬਾਅਦ ਅਨਿਲ ਵਿਜ ਦਾ ਗੁੱਸਾ ਸੱਤਵੇਂ ਆਸਮਾਨ 'ਤੇ ਪਹੁੰਚ ਗਿਆ। ਉਨ੍ਹਾਂ ਜਨਤਕ ਤੌਰ 'ਤੇ ਐੱਸ.ਪੀ. ਨੂੰ ਕਿਹਾ, "ਜੇਕਰ ਤੁਹਾਡੇ ਕੋਲ ਪਾਵਰ ਨਹੀਂ ਹੈ ਤਾਂ ਬੈਠਕ ਤੋਂ ਉੱਠ ਕੇ ਚਲੇ ਜਾਓ"। ਮੰਤਰੀ ਦੇ ਸਖਤ ਤੇਵਰ ਦੇਖਦਿਆਂ ਐੱਸ.ਪੀ. ਨੇ ਬਾਅਦ ਵਿੱਚ ਕਿਹਾ ਕਿ ਉਹ ਸਬੰਧਤ ਪੁਲਸ ਮੁਲਾਜਮ ਨੂੰ ਮੁਅੱਤਲ ਕਰਨ ਲਈ ਉੱਚ ਅਧਿਕਾਰੀਆਂ ਨੂੰ ਪੱਤਰ ਲਿਖਣਗੇ। ਜਿ਼ਕਰਯੋਗ ਹੈ ਕਿ ਹਰਿਆਣਾ ਦੇ 'ਗੱਬਰ' ਵਜੋਂ ਜਾਣੇ ਜਾਂਦੇ ਅਨਿਲ ਵਿਜ ਅਕਸਰ ਪੁਲਸ ਅਧਿਕਾਰੀਆਂ ਦੀ ਕਾਰਜਸੈਲੀ 'ਤੇ ਸਵਾਲ ਚੁੱਕਦੇ ਰਹਿੰਦੇ ਹਨ। ਇਸ ਤੋਂ ਪਹਿਲਾਂ 2024 ਵਿੱਚ ਵੀ ਉਨ੍ਹਾਂ ਨੇ ਅੰਬਾਲਾ ਵਿੱਚ ਇੱਕ ਮਹਿਲਾ ਦੀ ਸਿ਼ਕਾਇਤ 'ਤੇ ਐਫ.ਆਈ.ਆਰ. ਦਰਜ ਨਾ ਕਰਨ ਕਾਰਨ ਐਸ.ਐਚ.ਓ. ਨੂੰ ਮੁਅੱਤਲ ਕਰਨ ਦੇ ਹੁਕਮ ਦਿੱਤੇ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਪੁਲਿਸ ਦਾ ਕੰਮ ਕੇਸ ਦਰਜ ਕਰਕੇ ਅਦਾਲਤ ਅੱਗੇ ਰੱਖਣਾ ਹੈ, ਨਾ ਕਿ ਥਾਣੇ ਵਿੱਚ ਖੁਦ ਜੱਜ ਬਣਨਾ।

## ਸਰਹੱਦ ਪਾਰੋਂ ਡਰੋਨ ਗਤੀਵਿਧੀਆਂ ਵੱਡੀ ਚੁਣੌਤੀ, ਪੂਰੀ ਤਰ੍ਹਾਂ ਕਾਬੂ ਪਾਉਣਾ ਅਜੇ ਬਾਕੀ : ਰਾਜਪਾਲ

ਫਾਜ਼ਿਲਕਾ 13 ਫਰਵਰੀ। ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਅੱਜ ਅਬੋਹਰ ਵਿਖੇ ਨਸ਼ਿਆਂ ਦੇ ਕੋਹੜ ਖ਼ਿ਼ਲਾਫ਼ ਇੱਕ ਵਿਸ਼ਾਲ ਪੈਦਲ ਮਾਰਚ ਦੀ ਅਗਵਾਈ ਕੀਤੀ। ਇਸ ਮੁਹਿੰਮ ਦੀ ਸ਼ੁਰੂਆਤ ਅਬੋਹਰ ਦੇ ਰੇਲਵੇ ਸਟੇਸ਼ਨ ਤੋਂ ਕੀਤੀ ਗਈ, ਜੋ ਕਿ ਅਬੋਹਰ-ਹਨੂੰਮਾਨਗੜ੍ਹ ਰੋਡ 'ਤੇ ਸਥਿਤ ਡੀ. ਏ. ਵੀ. ਕਾਲਜ ਤੱਕ ਪਹੁੰਚੀ। ਰਾਜਪਾਲ ਨੇ ਸ਼ਾਂਤੀ ਦੇ ਪ੍ਰਤੀਕ ਰੰਗ-ਬਿਰੰਗੇ ਗੁਬਾਰੇ ਛੱਡ ਕੇ ਇਸ ਜਾਗਰੂਕਤਾ ਯਾਤਰਾ ਦਾ ਆਗਾਜ਼ ਕੀਤਾ, ਜਿਨ੍ਹਾਂ ਨਾਲ ਨਸ਼ਾ ਵਿਰੋਧੀ ਸਲੋਗਨ ਲਿਖੀਆਂ ਤਖਤੀਆਂ ਬੰਨ੍ਹੀਆਂ ਹੋਈਆਂ ਸਨ। ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਰਾਜਪਾਲ ਨੇ ਕਿਹਾ ਕਿ ਸਾਡੇ ਗੁਆਂਢੀ ਮੁਲਕ ਵੱਲੋਂ ਸਾਡੀ ਨੌਜਵਾਨ ਪੀੜ੍ਹੀ ਨੂੰ ਕਮਜ਼ੋਰ ਕਰਨ ਦੀ ਇੱਕ ਵੱਡੀ ਸਾਜ਼ਿਸ਼ ਰਚੀ ਜਾ ਰਹੀ ਹੈ। ਉਨ੍ਹਾਂ ਨਸ਼ੇ ਨੂੰ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਕਮਜ਼ੋਰੀ ਦੱਸਦਿਆਂ ਕਿਹਾ ਕਿ ਗੁਆਂਢੀ ਦੇਸ਼ਾਂ ਨੇ ਇਸ ਨੂੰ ਦੇਸ਼ ਨੂੰ ਅੰਦਰੋਂ ਖੋਖਲਾ ਕਰਨ ਲਈ ਇੱਕ ਹਥਿਆਰ ਵਜੋਂ ਵਰਤਿਆ ਹੈ। ਰਾਜਪਾਲ ਨੇ ਜ਼ੋਰ ਦੇ ਕੇ ਕਿਹਾ ਕਿ ਜਦੋਂ ਤੱਕ ਸਮਾਜ ਦਾ ਹਰ ਵਿਅਕਤੀ ਇਸ ਮੁਹਿੰਮ 'ਚ ਸ਼ਾਮਲ ਨਹੀਂ ਹੁੰਦਾ, ਉਦੋਂ ਤੱਕ ਨਸ਼ਾ ਮੁਕਤ ਪੰਜਾਬ ਅਤੇ ਨਸ਼ਾ ਮੁਕਤ ਦੇਸ਼ ਦਾ ਸੁਫ਼ਨਾ ਪੂਰਾ ਕਰਨਾ ਆਸਾਨ ਨਹੀਂ ਹੈ। ਸਰਹੱਦੀ ਚੁਣੌਤੀਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੱਸਿਆ ਕਿ ਗੁਆਂਢੀ ਮੁਲਕ ਤੋਂ ਹੋ ਰਹੀਆਂ ਡਰੋਨ ਗਤੀਵਿਧੀਆਂ ਇੱਕ ਵੱਡੀ ਚੁਣੌਤੀ ਬਣੀਆਂ ਹੋਈਆਂ ਹਨ। ਹਾਲਾਂਕਿ ਕਈ ਡਰੋਨ ਸੁੱਟੇ ਗਏ ਹਨ ਅਤੇ ਕਈ ਕਬਜ਼ੇ 'ਚ ਲਏ ਗਏ ਹਨ, ਪਰ ਅਜੇ ਤੱਕ ਡਰੋਨਾਂ 'ਤੇ ਪੂਰੀ ਤਰ੍ਹਾਂ ਕਾਬੂ ਨਹੀਂ ਪਾਇਆ ਜਾ ਸਕਿਆ। ਉਨ੍ਹਾਂ ਇਸ ਗੱਲ 'ਤੇ ਖੁਸ਼ੀ ਜ਼ਾਹਰ ਕੀਤੀ ਕਿ ਨੌਜਵਾਨ ਇਸ ਮੁਹਿੰਮ 'ਚ ਵੱਧ-ਚੜ੍ਹ ਕੇ ਸਾਥ ਦੇ ਰਹੇ ਹਨ। ਇਸ ਪੈਦਲ ਮਾਰਚ



ਦੌਰਾਨ ਅਬੋਹਰ ਦੇ ਵਿਧਾਇਕ ਸੰਦੀਪ ਜਾਖੜ, ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਕਾਕਾ ਕੰਬੋਜ ਅਤੇ ਹੋਰ ਇਲਾਕਾ ਨਿਵਾਸੀ ਅਤੇ ਪ੍ਰਸ਼ਾਸਨਿਕ ਅਧਿਕਾਰੀ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਇਸ ਮੌਕੇ ਸੱਤਾਧਾਰੀ ਸਰਕਾਰ ਦੇ ਨੇਤਾਵਾਂ ਦੀ ਗੈਰ-ਹਾਜ਼ਰੀ ਵੀ ਦੇਖਣ ਨੂੰ ਮਿਲੀ।

## ਭਾਰਤ ਦੇ ਆਰਥਿਕ ਵਿਕਾਸ 'ਚ ਪਸ਼ੂਆਂ ਦੇ ਡਾਕਟਰ ਮਹੱਤਵਪੂਰਨ ਭੂਮਿਕਾ : ਮੋਹਨ ਭਾਗਵਤ

ਨਾਗਪੁਰ 13 ਫਰਵਰੀ। ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.) ਦੇ ਮੁਖੀ ਮੋਹਨ ਭਾਗਵਤ ਨੇ ਕਿਹਾ ਕਿ ਪਸ਼ੂਆਂ ਦੇ ਡਾਕਟਰ ਦੇਸ਼ ਦੇ ਆਰਥਿਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਨੂੰ ਰਵਾਇਤੀ ਜ਼ਿੰਮੇਵਾਰੀਆਂ ਤੋਂ ਪਰੇ ਆਪਣੇ



ਦ੍ਰਿਸ਼ਟੀਕੋਣ ਨੂੰ ਵਿਸ਼ਾਲ ਕਰਨ ਦੀ ਅਪੀਲ ਕੀਤੀ। ਸਹਿ-ਹੋਂਦ ਦੀ ਭਾਵਨਾ 'ਤੇ ਜ਼ੋਰ ਦਿੰਦੇ ਹੋਏ ਭਾਗਵਤ ਨੇ ਕਿਹਾ ਕਿ ਮਨੁੱਖਾਂ, ਜਾਨਵਰਾਂ ਅਤੇ ਕੁਦਰਤ ਵਿਚਕਾਰ ਬਿਹਤਰ ਸਦਭਾਵਨਾ ਹੋਣੀ ਚਾਹੀਦੀ ਹੈ ਅਤੇ ਸਮਾਜ ਨੂੰ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ ਕਿ ਸੰਤੁਲਿਤ ਸਹਿ-ਹੋਂਦ ਨੂੰ ਕਿਵੇਂ ਯਕੀਨੀ ਬਣਾਇਆ ਜਾਵੇ। ਭਾਗਵਤ ਇੱਥੇ ਇੰਡੀਅਨ ਸੋਸਾਇਟੀ ਫਾਰ ਐਡਵਾਂਸਮੈਂਟ ਆਫ ਕੈਨਾਈਨ ਪ੍ਰੈਕਟਿਸ ਅਤੇ ਮਹਾਰਾਸ਼ਟਰ ਐਨੀਮਲ ਐਂਡ ਫਿਸ਼ਰੀਜ਼ ਸਾਇੰਸਜ਼ ਯੂਨੀਵਰਸਿਟੀ ਵੱਲੋਂ ਸਾਂਝੇ ਤੌਰ 'ਤੇ ਆਯੋਜਿਤ ਇੱਕ ਸੈਮੀਨਾਰ ਨੂੰ ਸੰਬੋਧਨ ਕਰ ਰਹੇ ਸਨ। ਆਰਐਸਐਸ ਮੁਖੀ ਨੇ ਕਿਹਾ, ਪਹਿਲਾਂ, ਅਸੀਂ ਸੋਚਦੇ ਸੀ ਕਿ ਪਸ਼ੂਆਂ ਦੇ ਡਾਕਟਰਾਂ ਵਜੋਂ ਸਾਡੀ ਭੂਮਿਕਾ ਸੀਮਤ ਹੈ ਪਰ ਸਾਨੂੰ ਆਪਣੀ ਸੋਚ ਬਦਲਣ ਅਤੇ ਇੱਕ ਵਿਸ਼ਾਲ ਦ੍ਰਿਸ਼ਟੀਕੋਣ ਅਤੇ ਆਪਣੇ ਲਈ ਇੱਕ ਵੱਡੀ ਭੂਮਿਕਾ ਦੀ ਕਲਪਨਾ ਕਰਨ ਦੀ ਲੋੜ ਹੈ।

# ਤਿਉਹਾਰਾਂ ਦੇ ਮੌਕੇ ਮਾਹੌਲ ਵਿਗਾੜਨ ਵਾਲਿਆਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇ'': ਮੁੱਖ ਮੰਤਰੀ ਯੋਗੀ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਲਖਨਊ 13 ਫਰਵਰੀ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਹੋਲੀ, ਮਹਾਸ਼ਿਵਰਾਤਰੀ ਅਤੇ ਰਮਜ਼ਾਨ ਸਮੇਤ ਵੱਖ-ਵੱਖ ਤਿਉਹਾਰਾਂ ਦੌਰਾਨ ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਦੇ ਨਿਰਦੇਸ਼ ਦਿੱਤੇ ਹਨ। ਮੁੱਖ ਮੰਤਰੀ ਨੇ ਇੱਥੇ ਲੋਕ ਭਵਨ ਵਿਖੇ ਸੀਨੀਅਰ ਅਧਿਕਾਰੀਆਂ ਨਾਲ ਰਾਜ ਦੀ ਕਾਨੂੰਨ ਵਿਵਸਥਾ ਦੀ ਸਥਿਤੀ ਬਾਰੇ ਸਮੀਖਿਆ ਮੀਟਿੰਗ ਕੀਤੀ। ਮੀਟਿੰਗ ਵਿੱਚ ਸਾਰੇ ਡਿਵੀਜ਼ਨਾਂ, ਪੁਲਸ ਜ਼ੋਨਾਂ, ਰੇਂਜਾਂ ਅਤੇ ਜ਼ਿਲ੍ਹਿਆਂ ਦੇ ਪ੍ਰਸ਼ਾਸਨਿਕ ਅਤੇ ਪੁਲਸ ਅਧਿਕਾਰੀ ਵੀਡੀਓ ਕਾਨਫਰੰਸਿੰਗ ਰਾਹੀਂ ਸ਼ਾਮਲ ਹੋਏ। ਇੱਕ ਅਧਿਕਾਰਤ ਬਿਆਨ ਅਨੁਸਾਰ ਮੁੱਖ ਮੰਤਰੀ ਨੇ ਕਿਹਾ ਕਿ ਹੋਲੀ 2 ਤੋਂ 4 ਮਾਰਚ ਤੱਕ ਮਨਾਈ ਜਾਵੇਗੀ ਅਤੇ ਬ੍ਰਜ ਖੇਤਰ ਸਮੇਤ ਪੂਰੇ ਰਾਜ ਵਿੱਚ ਤਿਉਹਾਰ ਵਾਲਾ ਮਾਹੌਲ ਰਹੇਗਾ। ਉਨ੍ਹਾਂ ਨੇ ਨਿਰਦੇਸ਼ ਦਿੱਤੇ ਕਿ ਕਿਸੇ ਵੀ ਹਾਲਤ ਵਿੱਚ ਬੇਕਾਬੂ ਤੱਤਾਂ ਨੂੰ ਜਲੂਸਾਂ ਵਿੱਚ ਘੁਸਪੈਠ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ ਅਤੇ ਜਸ਼ਨਾਂ ਨੂੰ ਵਿਗਾੜਨ ਜਾਂ ਹੰਗਾਮਾ ਫੈਲਾਉਣ ਦੀ ਕੋਸ਼ਿਸ਼ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਘਟਨਾਵਾਂ ਤੋਂ ਸਿੱਖ ਕੇ ਸਥਾਨਕ ਜ਼ਰੂਰਤਾਂ ਦੇ ਅਨੁਸਾਰ ਚੌਕਸੀ, ਨਿਗਰਾਨੀ ਅਤੇ ਪ੍ਰਬੰਧਨ ਨੂੰ ਹੋਰ ਮਜ਼ਬੂਤ ??ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹੋਲਿਕਾ ਦਹਨ ਸਿਰਫ਼ ਰਵਾਇਤੀ ਥਾਵਾਂ 'ਤੇ ਕੀਤਾ ਜਾਣਾ ਚਾਹੀਦਾ ਅਤੇ ਕਿਸੇ ਵੀ ਹਾਲਤ ਵਿੱਚ ਸੜਕ ਦੇ ਵਿਚਕਾਰ ਨਹੀਂ ਕੀਤਾ ਜਾਣਾ ਚਾਹੀਦਾ। ਇਸ ਦੇ ਨਾਲ ਸੋਸ਼ਲ ਮੀਡੀਆ 'ਤੇ ਅਫਵਾਹਾਂ ਫੈਲਾਉਣ ਵਾਲੀਆਂ ਪੋਸਟਾਂ 'ਤੇ ਨਿਰੰਤਰ ਨਿਗਰਾਨੀ ਰੱਖਣ ਦੇ ਨਿਰਦੇਸ਼ ਵੀ ਦਿੱਤੇ ਗਏ। ਮੁੱਖ ਮੰਤਰੀ ਨੇ ਨਿਰਦੇਸ਼ ਦਿੱਤੇ ਕਿ ਮਹਾਸ਼ਿਵਰਾਤਰੀ, ਹੋਲੀ ਅਤੇ ਰਮਜ਼ਾਨ ਦੇ ਨਾਲ-ਨਾਲ ਸੈਕੰਡਰੀ ਸਿੱਖਿਆ ਬੋਰਡ ਦੀਆਂ ਪ੍ਰੀਖਿਆਵਾਂ, ਜਨਗਣਨਾ ਅਤੇ ਹੋਰ ਮਹੱਤਵਪੂਰਨ ਸਮਾਗਮਾਂ ਦੇ ਮੱਦੇਨਜ਼ਰ ਸ਼ਾਂਤੀ, ਸੁਰੱਖਿਆ ਅਤੇ ਜਨਤਕ ਵਿਵਸਥਾ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾਵੇ। ਉਨ੍ਹਾਂ ਪੁਲਸ ਅਤੇ ਪ੍ਰਸ਼ਾਸਨ ਨੂੰ ਕੰਵਰ ਸ਼ਰਧਾਲੂਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਕਿਸੇ ਵੀ ਹਾਦਸੇ ਨੂੰ ਰੋਕਣ ਲਈ ਪੂਰੀ ਤਰ੍ਹਾਂ ਚੌਕਸ



ਰਹਿਣ ਦੀ ਅਪੀਲ ਕੀਤੀ। ਪੁਲਸ ਡਾਇਰੈਕਟਰ ਜਨਰਲ ਨੇ ਕਿਹਾ ਕਿ ਸਬੰਧਤ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ। ਮੁੱਖ ਮੰਤਰੀ ਯੋਗੀ ਨੇ ਵਾਰਾਣਸੀ, ਮੇਰਠ, ਲਖੀਮਪੁਰ ਖੇੜੀ ਅਤੇ ਬਾਰਾਬੰਕੀ ਦੇ ਜ਼ਿਲ੍ਹਾ ਮੈਜਿਸਟ?ਰੇਟਾਂ ਤੋਂ ਮਹਾਸ਼ਿਵਰਾਤਰੀ ਦੀਆਂ ਤਿਆਰੀਆਂ ਬਾਰੇ ਪੁੱਛਗਿੱਛ ਕੀਤੀ। 14 ਅਤੇ 15 ਫਰਵਰੀ ਨੂੰ ਵੱਡੀ ਗਿਣਤੀ ਵਿੱਚ ਸ਼ਰਧਾਲੂ ਪ੍ਰਮੁੱਖ ਸ਼ਿਵ ਮੰਦਰਾਂ ਵਿੱਚ ਪਹੁੰਚਣਗੇ। ਇਸ ਲਈ ਦਰਸ਼ਨ, ਆਵਾਜਾਈ, ਪਾਰਕਿੰਗ, ਔਰਤਾਂ ਦੀ ਸੁਰੱਖਿਆ ਅਤੇ ਐਮਰਜੈਂਸੀ ਪ੍ਰਤੀਕਿਰਿਆ ਨੂੰ ਸੁਚਾਰੂ ਢੰਗ ਨਾਲ ਯਕੀਨੀ ਬਣਾਉਣ ਲਈ NDRF ਅਤੇ SDRF ਟੀਮਾਂ ਨੂੰ 24 ਘੰਟੇ ਸਰਗਰਮ ਰਹਿਣਾ ਚਾਹੀਦਾ ਹੈ। ਯੋਗੀ ਨੇ ਕਿਹਾ ਕਿ ਮੰਦਰ ਕੰਪਲੈਕਸ ਵਿੱਚ ਮਹਿਲਾ ਪੁਲਸ ਕਰਮਚਾਰੀਆਂ ਦੀ ਢੁਕਵੀਂ ਤਾਇਨਾਤੀ ਵੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਮੁੱਖ ਮੰਤਰੀ ਨੇ ਟ?ਰੈਫਿਕ ਜਾਮ ਦੇ ਸਥਾਈ ਹੱਲ, ਰਾਤ ??10 ਵਜੇ ਤੋਂ ਬਾਅਦ ਡੀਜੇ ਅਤੇ ਉੱਚੀ ਆਵਾਜ਼ ਵਾਲੇ ਯੰਤਰਾਂ 'ਤੇ ਪੂਰੀ ਤਰ੍ਹਾਂ ਪਾਬੰਦੀ ਨੂੰ ਸਖ਼ਤੀ ਨਾਲ ਲਾਗੂ ਕਰਨ ਅਤੇ ਧਾਰਮਿਕ ਸਥਾਨਾਂ ਦੇ ਆਲੇ-ਦੁਆਲੇ ਭੀਖ ਮੰਗਣ 'ਤੇ ਪ੍ਰਭਾਵੀ ਪਾਬੰਦੀ ਦੇ ਨਿਰਦੇਸ਼ ਦਿੱਤੇ। ਮੁੱਖ ਮੰਤਰੀ ਨੇ ਕਿਹਾ ਕਿ 18 ਫਰਵਰੀ ਤੋਂ ਸ਼ੁਰੂ ਹੋਣ ਵਾਲੀਆਂ 10ਵੀਂ ਅਤੇ 12ਵੀਂ ਦੀਆਂ ਬੋਰਡ ਪ੍ਰੀਖਿਆਵਾਂ ਨਕਲ ਤੋਂ ਮੁਕਤ ਹੋਣੀਆਂ ਚਾਹੀਦੀਆਂ ਹਨ ਅਤੇ ਪ੍ਰੀਖਿਆਵਾਂ ਦੀ ਪਵਿੱਤਰਤਾ ਨਾਲ ਸਮਝੌਤਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

# ਪੰਜਾਬ 'ਚ ਵੱਡੀ ਵਾਰਦਾਤ ! ਸਾਲੇ ਨੇ ਗੋਲ?ੀਆਂ ਮਾਰ ਕੇ ਜੀਜੇ ਦਾ ਕੀਤਾ ਕਤਲ

**ਕੌਮੀ ਪਤ੍ਰਿਕਾ**

ਬੰਗਾ 13 ਫਰਵਰੀ। ਬੰਗਾ ਸਟੈਂਡ ਦੇ ਬਾਹਰ ਅੰਦਾਜ਼ਨ ਦੋ ਮਹੀਨੇ ਪਹਿਲਾ ਚੱਲੀਆਂ ਗੋਲ?ੀਆਂ ਦੀ ਦਹਿਸ਼ਤ ਹੁਣ ਤੱਕ ਲੋਕਾਂ ਦੇ ਦਿਲਾਂ ਵਿਚੋਂ ਨਿਕਲੀ ਵੀ ਨਹੀਂ ਸੀ ਕਿ ਬੀਤੀ ਦੇਰ ਰਾਤ ਫਿਰ ਤੋਂ ਚੱਲੀਆਂ ਗੋਲ?ੀਆਂ ਨੇ ਸਥਾਨਕ ਨਿਵਾਸੀਆਂ ਦੇ ਰੌਂਗਟੇਂ ਖੜ੍ਹੇ ਕਰਕੇ ਸ਼ਹਿਰ ਅੰਦਰ ਦਹਿਸ਼ਤ ਵਾਲਾ ਮਾਹੌਲ ਪੈਦਾ ਕਰ ਦਿੱਤਾ ਹੈ। ਬੀਤੀ ਦੇਰ ਰਾਤ ਸਥਾਨਕ ਐੱਮ. ਸੀ. ਕਾਲੋਨੀ ਵਿਚ ਸਾਲੇ ਵੱਲੋਂ ਜੀਜੇ ਦਾ ਗੋਲ?ੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਗੁਰਪ੍ਰੀਤ ਉਰਫ਼ ਗੋਪੀ ਵਜੋਂ ਹੋਈ ਹੈ। ਗੁਰਪ੍ਰੀਤ ਸਿੰਘ ਉਰਫ਼ ਗੋਪੀ ਪੁੱਤਰ ਸਤਪਾਲ ਵਾਸੀ ਗੜ੍ਹਸ਼ੰਕਰ ਵਿਖੇ ਫਿਊਜੀਥਰੈਪੀ ਦਾ ਕੰਮ ਕਰਦੇ ਸਨ। ਗੋਪੀ 'ਤੇ ਉਨ੍ਹਾਂ ਦੇ ਕਰੀਬੀ ਰਿਸ਼ਤੇਦਾਰ ਮਨਦੀਪ ਸਿੰਘ ਪੁੱਤਰ ਹੁਕਮ ਸਿੰਘ ਨਿਵਾਸੀ ਬੰਗਾ ਨੇ ਗੋਲ?ੀਆਂ ਚਲਾਈਆਂ। ਮਨਦੀਪ ਸਿੰਘ ਪੰਜਾਬ ਪੁਲਸ ਵਿਚ ਬਤੌਰ ਹੈਂਡ ਕਾਂਸਟੇਬਲ ਵਜੋਂ ਤਾਇਨਾਤ ਹਨ ਅਤੇ ਉਨ੍ਹਾਂ ਨੇ ਆਪਣੀ ਸਰਕਾਰੀ ਪਿਸਤੌਲ ਨਾਲ ਗੁਰਪ੍ਰੀਤ 'ਤੇ 3 ਤੋਂ 4 ਫਾਇਰ ਕਰਕੇ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰਿਆ। ਉੱਥੇ ਹੋਈ ਇਸ ਗੋਲੀਬਾਰੀ ਵਿਚ ਇਕ ਗੋਲ?ੀ ਘਰ ਦੇ ਗੁਆਂਢ ਰਹਿੰਦੀ ਅਰਚਨਾ ਮਿਸ਼ਰਾ ਪਤਨੀ ਨੀਰਜ਼ ਮਿਸ਼ਰਾ ਨਾਮੀ ਔਰਤ ਦੀ ਲੱਤ ਵਿਚ ਲੱਗਣ ਕਾਰਨ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਈ। ਮੌਕੇ 'ਤੇ ਜਾਣਕਾਰੀ ਦਿੰਦੇ ਮ੍ਰਿਤਕ ਗੁਰਪ੍ਰੀਤ ਦੀ ਪਤਨੀ ਮਨਜੀਤ ਕੌਰ ਨੇ ਦੱਸਿਆ ਮਨਦੀਪ ਸਿੰਘ ਉਸ ਦਾ ਸਕਾ ਭਰਾ ਹੈ ਅਤੇ ਪੰਜਾਬ ਪੁਲਸ ਵਿਚ ਬਤੌਰ ਹੈੱਡ ਕਾਸਟੇਬਲ ਵਜੋਂ ਤਾਇਨਾਤ ਹੈ ਅਤੇ ਉਹ ਬੰਗਾ ਦੇ ਮੰਸਦਾ ਪੱਟੀ ਹੱਪੋਵਾਲ ਰੋਡ ਦਾ ਨਿਵਾਸੀ ਹੈ। ਉਸ ਨੇ ਦੱਸਿਆ ਕਿ ਉਸ ਦੀ ਦੂਜੀ ਭੈਣ ਦੇ ਸੁਹਰੇ ਪਰਿਵਾਰ ਵਿਚ ਕਿਸੇ ਕਰੀਬੀ ਰਿਸ਼ਤੇਦਾਰ ਦਾ ਵਿਆਹ ਸੀ ਅਤੇ ਮਨਦੀਪ ਨੂੰ ਉਕਤ ਪਰਿਵਾਰ ਵੱਲੋਂ ਨਹੀਂ ਬੁਲਾਇਆ ਗਿਆ ਸੀ, ਜਿਸ ਨੂੰ ਲੈ ਕੇ ਮਨਦੀਪ ਨਾਰਾਜ਼ ਸੀ ਅਤੇ ਉਨ੍ਹਾਂ ਨੂੰ ਵੀ ਉਪਰੋਕਤ ਵਿਆਹ ਵਿਚ ਜਾਣ ਤੋਂ ਰੋਕ ਰਿਹਾ ਸੀ। ਉਸ ਨੇ ਦੱਸਿਆ ਕਿ ਕਰੀਬੀ ਰਿਸ਼ਤੇਦਾਰੀ ਹੋਣ ਕਾਰਨ ਵਿਆਹ ਵਿਚ ਦੇਰ ਰਾਤ ਜ਼ਰੂਰ ਗਏ ਅਤੇ ਬਿਨਾਂ ਵਿਆਹ ਵੇਖੇ ਸ਼ਗਨ ਦੇਣ ਉਪਰੰਤ ਤੁਰੰਤ ਵਾਪਸ ਮੁੜ ਆਏ ਤਾਂ ਕਿ ਮਨਦੀਪ ਉਨ੍ਹਾਂ ਨਾਲ ਨਾਰਾਜ਼ ਨਾ ਹੋਵੇ। ਉਸ ਨੇ ਦੱਸਿਆ ਕਿ ਮਨਦੀਪ ਨੇ ਪਹਿਲਾਂ ਉਨ੍ਹਾਂ ਦੇ 12 ਸਾਲ ਦੇ ਬੇਟੇ ਨੂੰ ਫੋਨ ਕਰਕੇ ਪੁੱਛਿਆ ਕਿ ਤੁਸੀਂ ਵਿਆਹ ਗਏ ਸੀ ਤਾਂ ਬੇਟੇ ਨੇ ਕਿਹਾ ਨਹੀਂ ਉਹ ਵਿਆਹ 'ਤੇ ਨਹੀਂ ਗਏ ਅਤੇ ਫਿਰ ਉਸ ਨੇ ਇਸ ਦੀ ਪੁਸ਼ਟੀ ਕਿਸੇ ਹੋਰ ਕਰੀਬੀ ਰਿਸ਼ਤੇਦਾਰ ਤੋਂ ਕੀਤੀ ਤਾਂ ਉਸ ਨੇ ਮਨਦੀਪ ਨੂੰ ਦੱਸ ਦਿੱਤਾ ਕਿ ਉਹ ਵਿਆਹ 'ਤੇ ਆਏ ਸਨ ਅਤੇ ਸ਼ਗਨ ਦੇ ਕੇ ਤੁਰੰਤ ਨਿਕਲ ਗਏ। ਇਸ ਗੱਲ ਤੋਂ ਨਾਰਾਜ਼ ਮਨਦੀਪ ਤੈਸ਼ ਵਿਚ ਆ ਗਿਆ ਅਤੇ ਪਹਿਲਾਂ ਉਸ ਨੇ ਆਪਣੇ ਘਰ ਆਪਣੇ ਮਾਤਾ-ਪਿਤਾ ਨਾਲ ਗਾਲੀ-ਗਲੋਚ ਕੀਤਾ ਅਤੇ ਫਿਰ ਉਨ੍ਹਾਂ ਦੇ ਘਰ ਆ ਗਿਆ ਅਤੇ ਆਪਣੀ ਕਾਰ ਲਿਆ ਕੇ ਸਿੱਧੀ ਉਨ੍ਹਾਂ ਦੇ ਗੇਟ ਵਿਚ ਮਾਰੀ ਅਤੇ ਗੇਟ ਤੋੜ ਦਿੱਤਾ ਅਤੇ ਗਾਲੀ ਗਲੋਚ ਕਰਨ ਲੱਗ ਪਿਆ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਕੁੰਡਾ ਨਾ ਖੋਲ੍ਹਣ 'ਤੇ ਮਨਦੀਪ ਨੇ ਉਨ੍ਹਾਂ ਦੇ ਘਰ ਅੰਦਰ ਲੱਗੇ ਜਾਲੀ ਵਾਲੇ ਦਰਵਾਜ਼ੇ ਨੂੰ ਤੋੜ ਦਿੱਤਾ। ਉਸ ਨੇ ਦੱਸਿਆ ਮਨਦੀਪ ਨੂੰ ਗੁੱਸੇ ਵਿਚ ਵੇਖ ਉਹ ਆਪਣੇ ਪਤੀ ਅਤੇ ਬੱਚਿਆਂ ਸਮੇਤ ਘਰ ਦੀ ਛੱਤ 'ਤੇ ਚਲੇ ਗਏ ਅਤੇ ਮਨਦੀਪ ਦੇ ਜਾਣ ਦਾ ਇੰਤਜ਼ਾਰ ਕਰਨ ਲੱਗੇ। ਉਸ ਨੇ ਦੱਸਿਆ ਮਨਦੀਪ ਦਾ ਰੌਲਾ ਰੱਪਾ ਸੁਣ ਕੇ ਮੁੱਹਲੇ ਵਿਚ ਰਹਿੰਦੇ ਆਂਢ-ਗੁਆਂਢ ਦੇ ਲੋਕਾਂ ਨੂੰ ਇੱਕਠਾ ਹੁੰਦਾ ਵੇਖ ਮਨਦੀਪ ਉੱਥੋਂ ਚਲਾ ਗਿਆ ਅਤੇ ਉਹ ਵੀ ਘਰ ਦੀ ਛੱਤ ਤੋਂ ਹੇਠਾਂ ਆ ਗਏ ਅਤੇ ਗਲੀ ਵਿਚ ਖੜ੍ਹਾ ਕੇ ਉਨ੍ਹਾਂ ਦੇ ਪਤੀ ਨੇ ਇਸ ਦੀ ਜਾਣਕਾਰੀ ਬੰਗਾ ਪੁਲਸ ਨੂੰ ਦਿੱਤੀ। ਇਸ ਤੋਂ ਪਹਿਲਾ ਕਿ ਪੁਲਸ ਉੱਥੇ ਆਉਂਦੀ ਘਰ ਦੇ ਆਂਢ-ਗੁਆਂਢ ਰਹਿੰਦੇ ਲੋਕਾਂ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਆਪਣੇ ਘਰ ਨੂੰ ਬੰਦ ਕਰਕੇ ਉਨ੍ਹਾਂ ਦੇ ਘਰ ਆ ਜਾਣ ਅਤੇ ਮਾਹੌਲ ਠੰਡਾ ਹੋਣ 'ਤੇ ਚਲੇ ਜਾਣ ਤਾਂ ਮਨਦੀਪ ਸਾਹਮਣੇ ਖਾਲੀ ਪਏ ਇਕ ਪਲਾਟ ਦੀਆਂ ਝਾੜੀਆਂ ਵਿਚੋਂ ਤੇਜ਼ੀ ਨਾਲ ਬਾਹਰ ਨਿਕਲ ਆਇਆ ਅਤੇ ਉਸ ਨੇ ਆਪਣੇ ਹੱਥ ਵਿਚ ਫੜੀ ਪਿਸਤੌਲ ਨਾਲ ਗੁਰਪ੍ਰੀਤ 'ਤੇ ਗੋਲ?ੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਉਹ ਲਹੂ-ਲੁਹਾਨ ਹੋ ਕੇ ਗਲੀ ਵਿਚ ਡਿੱਗ ਪਿਆ। ਉਸ ਨੇ ਦੱਸਿਆ ਕਿ ਮਨਦੀਪ ਨੇ ਉਨ੍ਹਾਂ ਦੇ 12 ਸਾਲਾ ਬੇਟੇ 'ਤੇ ਵੀ ਗੋਲ?ੀ ਚਲਾਈ ਪਰ ਉਹ ਗੋਲ?ੀ ਉਨ੍ਹਾਂ ਦੇ ਬੇਟੇ ਨੂੰ ਲੱਗਣ ਦੀ ਬਜਾਏ ਉਨ੍ਹਾਂ ਦੇ ਗੁਆਂਢ ਵਿਚ ਰਹਿੰਦੀ ਅਰਚਨਾ ਮਿਸ਼ਰਾ ਨਾਮੀ ਔਰਤ ਦੀ ਲੱਤ ਵਿਚ ਲੱਗ ਗਈ, ਜਿਸ ਤੋਂ ਬਾਅਦ ਮਨਦੀਪ ਆਪਣੀ ਕਾਰ ਵਿਚ ਸਵਾਰ ਹੋ ਕੇ ਉਥੋਂ ਭੱਜ ਗਿਆ। ਉਨ੍ਹਾਂ ਨੇ ਦੱਸਿਆ ਕਿ ਵਾਰਦਾਤ ਦੌਰਾਨ ਜ਼ਖ਼ਮੀ ਹੋਏ ਗੁਰਪ੍ਰੀਤ ਉਰਫ਼ ਗੋਪੀ ਅਤੇ ਅਰਚਨਾ ਨੂੰ ਮੌਕੇ 'ਤੇ ਹਾਜ਼ਰ ਸਥਾਨਕ ਨਿਵਾਸੀ ਨੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾ ਕਲੇਰਾਂ ਪੁਹੰਚਾਇਆ, ਜਿੱਥੇ ਡਾਕਟਰੀ ਟੀਮ ਵੱਲੋਂ ਗੁਰਪ੍ਰੀਤ ਨੂੰ ਮ੍ਰਿਤਕ ਕਰਾਰ ਕਰ ਦਿੱਤਾ ਗਿਆ ਜਦਕਿ ਅਰਚਨਾ ਮਿਸ਼ਰਾ ਨਾਮੀ ਔਰਤ ਹਸਪਤਾਲ ਵਿਚ ਜ਼ੇਰੇ ਇਲਾਜ਼ ਹੈ। ਗੁਰਪ੍ਰੀਤ ਆਪਣੇ ਪਿੱਛੇ ਦੋ ਬੇਟੀਆਂ, ਜਿਨ੍ਹਾਂ ਵਿਚ ਇਕ 14 ਸਾਲ ਦੀ ਅਤੇ ਇਕ ਮਾਤਰ 7 ਮਹੀਨਿਆਂ ਦੀ ਹੈ ਅਤੇ 12 ਸਾਲਾ ਇਕ ਬੇਟੇ ਨੂੰ ਛੱਡ ਗਿਆ।

## ਨਾਈਟ ਕਲੱਬ ਦੇ ਪ੍ਰੋਪਰਾਈਟਰ ਖ਼?ਲਾਫ਼ ਕਾਰਵਾਈ

ਲੁਧਿਆਣਾ 13 ਫਰਵਰੀ। ਥਾਣਾ ਪੀ. ਏ. ਯੂ. ਦੀ ਪੁਲਸ ਨੇ 15 ਲੱਖ ਰੁਪਏ ਦੀ ਧੋਖਾਦੇਹੀ ਕਰਨ ਵਾਲੇ ਮੁਲਜ਼ਮ ਖਿਲਾਫ ਕੇਸ ਦਰਜ ਕੀਤਾ ਹੈ। ਜਾਣਕਾਰੀ ਦਿੰਦਿਆਂ ਥਾਣੇਦਾਰ ਕੰਵਲਜੀਤ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਅਮਿਤ ਚੌਧਰੀ ਪੁੱਤਰ ਵਰਿੰਦਰ ਚੌਧਰੀ ਵਾਸੀ ਕਿਚਲੂ ਨਗਰ ਸਿਵਲ ਲਾਈਨ ਨੇ ਪੁਲਸ ਕਮਿਸ਼ਨਰ ਨੂੰ 7 ਫਰਵਰੀ 2025 ਨੂੰ ਸ਼ਿਕਾਇਤ ਦਰਜ ਕਰਵਾਈ ਸੀ, ਜਿਸ ਵਿਚ ਸ਼ਿਕਾਇਤਕਰਤਾ ਨੇ ਦੱਸਿਆ ਕਿ ਉਸ ਨੇ ਲਵਲੀਨ ਰਾਏ ਪ੍ਰੋਪਰਾਈਟਰ ਨਾਈਟ ਕਲੱਬ ਨੂੰ 15 ਲੱਖ ਰੁਪਏ ਦਿੱਤੇ ਸਨ। ਉਨ੍ਹਾਂ ਦੱਸਿਆ ਕਿ ਜਦੋਂ ਕੁਝ ਸਮੇਂ ਬਾਅਦ ਉਸ ਨੇ ਆਪਣੇ ਪੈਸੇ ਵਾਪਸ ਮੰਗੇ ਤਾਂ ਉਕਤ ਲਵਲੀਨ ਰਾਏ ਟਾਲ-ਮਟੋਲ ਕਰਨ ਲੱਗਾ ਅਤੇ ਪੈਸੇ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਉਸ ਵਲੋਂ ਪੁਲਸ ਦੇ ਉੱਚ ਅਧਿਕਾਰੀਆਂ ਵਲੋਂ ਉਕਤ ਮਾਮਲੇ ਦੀ ਸ਼ਿਕਾਇਤ ਕੀਤੀ ਗਈ। ਜਾਂਚ ਤੋਂ ਬਾਅਦ ਥਾਣਾ ਪੀ. ਏ. ਯੂ. ਦੀ ਪੁਲਸ ਨੂੰ ਮੁਲਜ਼ਮ ਲਵਲੀਨ ਰਾਏ ਖਿਲਾਫ ਧੋਖਾਦੇਹੀ ਕਰਨ ਦਾ ਕੇਸ ਦਰਜ ਕਰਨ ਦੀ ਸਿਫਾਰਸ਼ ਕੀਤੀ ਗਈ।

# ਤਰਨਤਾਰਨ 'ਚ ਨਸ਼ਾ ਤਸਕਰਾਂ ਤੇ ਪੁਲਸ ਵਿਚਾਲੇ ਮੁੱਠਭੇੜ, ਤਾੜ-ਤਾੜ ਚੱਲੀਆਂ ਗੋਲੀਆਂ

**ਕੌਮੀ ਪਤ੍ਰਿਕਾ**

ਤਰਨਤਾਰਨ 13 ਫਰਵਰੀ। ਤਰਨ ਤਾਰਨ ਦੇ ਪੁੱਲ ਜਸਮਸਤਪੁਰ ਨਜ਼ਦੀਕ ਦੇਰ ਰਾਤ ਨਸ਼ਾ ਤਸਕਰਾਂ ਅਤੇ ਪੁਲਸ ਵਿੱਚ ਮੁੱਠਭੇੜ ਹੋਈ, ਜਿਸ ਦੌਰਾਨ ਦੋਵਾਂ ਵਲੋਂ ਤਾੜ-ਤਾੜ ਗੋਲੀਆਂ ਚਲਾਈਆਂ ਗਈਆਂ। ਇਸ ਦੌਰਾਨ ਕੀਤੀ ਜਾ ਰਹੀ ਪੁਲਸ ਦੀ ਜਵਾਬੀ ਫਾਇਰਿੰਗ ਦੌਰਾਨ ਦੋਵੇਂ ਨਸ਼ਾ ਤਸਕਰ ਗੋਲੀ ਲੱਗਣ ਕਾਰਨ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਜਾਣਕਾਰੀ ਮੁਤਾਬਕ ਦੋਵੇਂ ਨਸ਼ਾ ਸਮੱਗਲਰਾਂ ਦੀ ਪਛਾਣ ਅਵਤਾਰ ਸਿੰਘ ਬਾਬਾ ਬਾਸੀ ਪਿੰਡ ਸੁਰ ਸਿੰਘ ਅਤੇ ਜੱਜਪ੍ਰੀਤ ਸਿੰਘ ਨਿਵਾਸੀ ਤਰਨ ਤਾਰਨ ਵਜੋਂ ਹੋਈ ਹੈ। ਇਸ ਸਬੰਧ ਵਿਚ ਜਾਣਕਾਰੀ ਦਿੰਦੇ ਡੀਐਸਪੀ ਡਿਟੈਕਟਿਵ ਜਗਜੀਤ ਸਿੰਘ ਨੇ ਦੱਸਿਆ ਕਿ ਇੱਕ ਫਾਰਚੂਨਰ ਗੱਡੀ 'ਤੇ ਸਵਾਰ ਵਿਅਕਤੀਆਂ ਨੂੰ ਪੁਲਸ ਪਾਰਟੀ ਵੱਲੋਂ ਪਿੰਡ ਜਸਮਸਤਪੁਰ ਡਰੇਨ ਨਜ਼ਦੀਕ ਰੁਕਣ ਦਾ ਇਸ਼ਾਰਾ ਕੀਤਾ ਗਿਆ। ਇਸ ਦੌਰਾਨ ਫਾਰਚੂਨਰ ਸਵਾਰ ਵਿਅਕਤੀਆਂ ਵੱਲੋਂ ਪੁਲਸ ਪਾਰਟੀ 'ਤੇ ਹਮਲਾ ਕਰ ਦਿੱਤਾ ਗਿਆ। ਇਸ ਹਮਲੇ ਦੌਰਾਨ ਏਐਸਆਈ ਕਿਰਪਾਲ ਸਿੰਘ ਨੇ ਬੜੀ ਮੁਸ਼ਕਿਲ ਨਾਲ ਆਪਣੀ ਜਾਨ ਬਚਾਈ। ਪੁਲਸ ਨੇ ਜਵਾਬੀ ਕਾਰਵਾਈ ਦੌਰਾਨ ਫਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ, ਜਿਸ ਕਾਰਨ ਦੋਵੇਂ ਮੁਲਜ਼ਮ ਗੋਲੀ ਲੱਗਣ ਨਾਲ



ਜ਼ਖ਼ਮੀ ਹੋ ਗਏ। ਪੁਲਸ ਮੁਤਾਬਕ ਅਵਤਾਰ ਸਿੰਘ ਬਾਬਾ ਖ਼ਿਲਾਫ਼ ਪਹਿਲਾਂ ਵੀ ਕਈ ਅਪਰਾਧਿਕ ਮਾਮਲੇ ਦਰਜ ਹਨ। ਪੁਲਸ ਨੇ ਮੁਲਜ਼ਮਾਂ ਪਾਸੋਂ ਇੱਕ ਪਿਸਤੌਲ, 59,000 ਡਰੱਗ ਮਨੀ, 770 ਗ੍ਰਾਮ ਹੈਰੋਇਨ ਅਤੇ ਫਾਰਚੂਨਰ ਬਰਾਮਦ ਕੀਤੀ ਹੈ। ਦੋਵਾਂ ਖ਼?ਲਾਫ਼ ਥਾਣਾ ਸਿਟੀ ਤਰਨ ਤਾਰਨ ਵਿਖੇ ਪਰਚਾ ਦਰਜ ਕਰ ਲਿਆ ਗਿਆ ਹੈ।

## ਭਿਆਨਕ ਸੜਕ ਹਾਦਸਾ: ਸੀਨੀਅਰ ਕਾਂਗਰਸੀ ਆਗੂ ਦੀ ਧੀ ਸਣੇ 3 ਦੀ ਮੌਤ, ਕਾਰ ਦੇ ਉੱਡੇ ਪਰਖੱਚੇ

ਨੈਸ਼ਨਲ ਡੈਸਕ 13 ਫਰਵਰੀ। ਮੱਧ ਪ੍ਰਦੇਸ਼ ਦੇ ਇੰਦੌਰ ਵਿੱਚ ਵਾਪਰੇ ਇਕ ਦਰਦਨਾਕ ਸੜਕ ਹਾਦਸੇ ਨੇ ਇੱਕ ਵਾਰ ਫਿਰ ਤੇਜ਼ ਰਫ਼ਤਾਰ ਦੇ ਖ਼ਤਰਿਆਂ ਨੂੰ ਉਜਾਗਰ ਕੀਤਾ ਹੈ। ਇਸ ਹਾਦਸੇ ਵਿੱਚ ਸੀਨੀਅਰ ਕਾਂਗਰਸੀ ਨੇਤਾ ਅਤੇ ਸਾਬਕਾ ਗ੍ਰਹਿ ਮੰਤਰੀ ਬਾਲਾ ਬੱਚਨ ਦੀ ਧੀ ਪ੍ਰੇਰਨਾ ਸਮੇਤ ਤਿੰਨ ਲੋਕਾਂ ਦੀ ਜਾਨ




ਚਲੀ ਗਈ। ਇਸ ਘਟਨਾ 'ਤੇ ਇਲਾਕੇ ਵਿੱਚ ਸੋਗ ਦੀ ਲਹਿਰ ਹੈ। ਜਾਣਕਾਰੀ ਅਨੁਸਾਰ ਇਹ ਹਾਦਸਾ ਸ਼ੁੱਕਰਵਾਰ ਸਵੇਰੇ 5 ਵਜੇ ਦੇ ਕਰੀਬ ਰਾਲਾਮੰਡਲ ਖੇਤਰ ਵਿੱਚ ਵਾਪਰਿਆ ਹੈ। ਇਸ ਦੌਰਾਨ ਤੇਜ਼ ਰਫ਼ਤਾਰ ਨਾਲ ਜਾ ਰਹੀ ਨੈਕਸਨ ਕਾਰ ਪਿੱਛੇ ਤੋਂ ਸੜਕ 'ਤੇ ਹੌਲੀ-ਹੌਲੀ ਚੱਲ ਰਹੇ ਇੱਕ ਟਰੱਕ ਨਾਲ ਟਕਰਾ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ। ਇਸ ਦੇ ਅੰਦਰ ਬੈਠੇ ਲੋਕਾਂ ਨੂੰ ਬਚਾਉਣ ਲਈ ਗੱਡੀ ਨੂੰ ਕੱਟਣਾ ਪਿਆ। ਪ੍ਰੇਰਨਾ, ਪ੍ਰਖਰ ਕਾਸਲੀਵਾਲ ਅਤੇ ਮਾਨ ਸਿੰਧੂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਅਨੁਸ਼ਕਾ ਗੰਭੀਰ ਜ਼ਖਮੀ ਹੋ ਗਈ। ਜ਼ਖਮੀਆਂ ਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਤਿੰਨਾਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਇੰਦੌਰ ਦੇ ਐਮਵਾਈ ਹਸਪਤਾਲ ਵਿੱਚ ਰੱਖਿਆ ਗਿਆ ਹੈ। ਹਾਦਸੇ ਦੀ ਸੂਚਨਾ ਮਿਲਣ 'ਤੇ ਸਾਬਕਾ ਗ੍ਰਹਿ ਮੰਤਰੀ ਬਾਲਾ ਬੱਚਨ ਵੀ ਹਸਪਤਾਲ ਪਹੁੰਚ ਗਏ। ਪੁਲਸ ਦੇ ਅਨੁਸਾਰ, ਕਾਰ ਵਿੱਚ ਸਵਾਰ ਨੌਜਵਾਨ ਅਤੇ ਕੁੜੀ ਵਿਦਿਆਰਥੀ ਸਨ ਅਤੇ ਕਥਿਤ ਤੌਰ 'ਤੇ ਕਿਸੇ ਸਮਾਗਮ ਜਾਂ ਪਾਰਟੀ ਤੋਂ ਵਾਪਸ ਆ ਰਹੇ ਸਨ। ਮੁੱਢਲੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਹਾਦਸੇ ਦਾ ਮੁੱਖ ਕਾਰਨ ਤੇਜ਼ ਰਫ਼ਤਾਰ ਸੀ। ਹਾਦਸੇ ਤੋਂ ਬਾਅਦ ਟਰੱਕ ਡਰਾਈਵਰ ਗੱਡੀ ਸਮੇਤ ਮੌਕੇ ਤੋਂ ਭੱਜ ਗਿਆ। ਪੁਲਿਸ ਨੇ ਮਾਮਲਾ ਦਰਜ ਕਰਕੇ ਟਰੱਕ ਡਰਾਈਵਰ ਦੀ ਭਾਲ ਸ਼ੁਰੂ ਕਰ ਦਿੱਤੀ ਹੈ ਅਤੇ ਆਲੇ-ਦੁਆਲੇ ਦੇ ਇਲਾਕੇ ਦੇ ਸੀਸੀਟੀਵੀ ਫੁਟੇਜ ਨੂੰ ਵੀ ਸਕੈਨ ਕੀਤਾ ਜਾ ਰਿਹਾ ਹੈ।

## ਪ੍ਰੇਮੀ ਤੋਂ ਨਾਰਾਜ਼ ਹੋ ਕੇ ਕੁੜੀ ਨੇ ਸਰਯੂ ਨਦੀ 'ਚ ਮਾਰੀ ਛਾਲ

ਮਊ 13 ਫਰਵਰੀ। ਉੱਤਰ ਪ੍ਰਦੇਸ਼ ਦੇ ਮਊ ਜ਼ਿਲ੍ਹੇ ਤੋਂ ਇਕ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਵੈਲੇਨਟਾਈਨ ਵੀਕ ਦੌਰਾਨ ਆਪਣੇ ਪ੍ਰੇਮੀ ਤੋਂ ਨਾਰਾਜ਼ ਹੋ ਕੇ ਇਕ ਕੁੜੀ ਨੇ ਸਰਯੂ ਨਦੀ 'ਚ ਛਾਲ ਮਾਰ ਕੇ ਆਪਣੀ ਜਾਨ ਦੇਣ ਦੀ ਕੋਸ਼ਿਸ਼ ਕੀਤੀ। ਹਾਲਾਂਕਿ, ਮੌਕੇ 'ਤੇ ਮੌਜੂਦ ਮਛੇਰਿਆਂ ਦੀ ਮੁਸਤੈਦੀ ਸਦਕਾ ਕੁੜੀ ਨੂੰ ਸੁਰੱਖਿਅਤ ਬਚਾ ਲਿਆ ਗਿਆ। ਇਹ ਸਾਰੀ ਘਟਨਾ ਮਊ ਜ਼ਿਲ੍ਹੇ ਦੇ ਦੋਹਰੀਘਾਟ ਅਤੇ ਗੋਰਖਪੁਰ ਦੇ ਬੜਹਲਗੰਜ ਸਰਹੱਦ ਵਿਚਕਾਰ ਵਗਦੀ ਸਰਯੂ ਨਦੀ 'ਤੇ ਵਾਪਰੀ। ਜਾਣਕਾਰੀ ਅਨੁਸਾਰ, ਵੈਲੇਨਟਾਈਨ ਵੀਕ ਦੌਰਾਨ ਕੁੜੀ ਦੇ ਪ੍ਰੇਮੀ ਨੇ ਉਸ ਨਾਲ ਕੋਈ ਵਾਅਦਾ ਕੀਤਾ ਸੀ, ਪਰ ਜਦੋਂ ਉਸ ਨੇ ਉਹ ਵਾਅਦਾ ਤੋੜ ਦਿੱਤਾ ਤਾਂ ਕੁੜੀ ਕਾਫੀ ਦੁਖੀ ਹੋ ਗਈ। ਇਸ ਗੁੱਸੇ ਅਤੇ ਨਾਰਾਜ਼ਗੀ 'ਚ ਉਸ ਨੇ ਖੁਦਕੁਸ਼ੀ ਕਰਨ ਦੇ ਇਰਾਦੇ ਨਾਲ ਨਦੀ 'ਚ ਛਾਲ ਮਾਰ ਦਿੱਤੀ। ਜਿਵੇਂ ਹੀ ਕੁੜੀ ਪਾਣੀ 'ਚ ਡਿੱਗੀ, ਉਹ ਡੁੱਬਣ ਤੋਂ ਬਚਣ ਲਈ ਹੱਥ-ਪੈਰ ਮਾਰਨ ਲੱਗੀ। ਪੁਲ ਅਤੇ ਘਾਟ 'ਤੇ ਮੌਜੂਦ ਲੋਕਾਂ ਨੇ ਜਦੋਂ ਕੁੜੀ ਨੂੰ ਡੁੱਬਦੇ ਦੇਖਿਆ ਤਾਂ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਲੋਕਾਂ ਦੀਆਂ ਆਵਾਜ਼ਾਂ ਸੁਣ ਕੇ ਨੇੜੇ ਹੀ ਕਿਸ਼ਤੀ ਚਲਾ ਰਹੇ ਮਛੇਰਿਆਂ ਨੇ ਬਿਨਾਂ ਸਮਾਂ ਗੁਆਏ ਕੁੜੀ ਦੀ ਮਦਦ ਕੀਤੀ ਅਤੇ ਉਸ ਨੂੰ ਸੁਰੱਖਿਅਤ ਬਾਹਰ ਕੱਢ ਲਿਆ। ਬਾਅਦ 'ਚ ਮਛੇਰਿਆਂ ਨੇ ਕੁੜੀ ਨੂੰ ਉਸਦੇ ਘਰ ਪਹੁੰਚਾਇਆ। ਇਸ ਸਾਰੀ ਘਟਨਾ ਦੀ ਇੱਕ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ, ਜਿਸ 'ਚ ਕੁੜੀ ਨੂੰ ਨਦੀ 'ਚ ਡੁੱਬਦੇ ਅਤੇ ਮਛੇਰਿਆਂ ਵੱਲੋਂ ਉਸ ਨੂੰ ਬਚਾਉਂਦੇ ਹੋਏ ਦੇਖਿਆ ਜਾ ਸਕਦਾ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਜੇਕਰ ਮਛੇਰੇ ਸਹੀ ਸਮੇਂ 'ਤੇ ਕਾਰਵਾਈ ਨਾ ਕਰਦੇ ਤਾਂ ਕੋਈ ਵੱਡਾ ਹਾਦਸਾ ਵਾਪਰ ਸਕਦਾ ਸੀ।

# ਪੱਛਮੀ ਬੰਗਾਲ : ਪਟਾਕਿਆਂ ਦੀ ਫੈਕਟਰੀ 'ਚ ਵੱਡਾ ਧਮਾਕਾ, 4 ਜ਼ਖ਼ਮੀ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 13 ਫਰਵਰੀ। ਪੱਛਮੀ ਬੰਗਾਲ ਦੇ ਦੱਖਣੀ 24 ਪਰਗਨਾ ਜ਼ਿਲ੍ਹੇ ਵਿੱਚ ਸ਼ਨੀਵਾਰ ਨੂੰ ਇੱਕ ਪਟਾਕੇ ਬਣਾਉਣ ਵਾਲੀ ਯੂਨਿਟ ਵਿੱਚ ਹੋਏ ਧਮਾਕੇ ਵਿੱਚ ਚਾਰ ਲੋਕ ਗੰਭੀਰ ਜ਼ਖ਼ਮੀ ਹੋ ਗਏ। ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਦੱਸਿਆ ਕਿ ਇਹ ਧਮਾਕਾ ਚੰਪਾਹਾਟੀ ਖੇਤਰ ਵਿੱਚ ਸਥਿਤ ਇੱਕ ਫੈਕਟਰੀ ਵਿੱਚ ਹੋਇਆ। ਬਰੂਈਪੁਰ ਪੁਲਸ ਜ਼ਿਲ੍ਹੇ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਚੰਪਾਹਾਟੀ ਦੀ ਇੱਕ ਫੈਕਟਰੀ ਵਿੱਚ ਦੁਪਹਿਰ 1 ਵਜੇ ਦੇ ਕਰੀਬ ਧਮਾਕਾ ਹੋਇਆ, ਜਿਸ ਨਾਲ ਫੈਕਟਰੀ ਅਤੇ ਨੇੜਲੇ ਘਰਾਂ ਨੂੰ ਭਾਰੀ ਨੁਕਸਾਨ ਪਹੁੰਚਿਆ। ਉਨ੍ਹਾਂ ਦੱਸਿਆ ਕਿ ਚਾਰ ਜ਼ਖਮੀਆਂ ਵਿੱਚੋਂ ਤਿੰਨ ਦੀ ਪਛਾਣ ਗੌਰ ਗੰਗੋਪਾਧਿਆਏ, ਕਿਸ਼ਨ ਮੰਡਲ ਅਤੇ ਰਾਹੁਲ ਮੰਡਲ ਵਜੋਂ ਹੋਈ ਹੈ, ਜਦੋਂ ਕਿ ਤੀਜੇ ਵਿਅਕਤੀ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ ਹੈ। ਸੀਨੀਅਰ ਪੁਲਸ ਅਧਿਕਾਰੀ ਨੇ ਦੱਸਿਆ ਕਿ ਉਹ ਬੁਰੀ ਤਰ੍ਹਾਂ ਸੜ ਗਏ ਸਨ ਅਤੇ ਉਨ੍ਹਾਂ ਨੂੰ ਤੁਰੰਤ ਇਲਾਜ ਲਈ ਬਰੂਈਪੁਰ ਅਤੇ ਕੋਲਕਾਤਾ ਦੇ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ।




ਅਧਿਕਾਰੀ ਨੇ ਕਿਹਾ ਕਿ ਧਮਾਕੇ ਕਾਰਨ ਲੱਗੀ ਅੱਗ 'ਤੇ ਕਾਬੂ ਪਾਉਣ ਲਈ ਕਈ ਫਾਇਰ ਇੰਜਣ ਤਾਇਨਾਤ ਕੀਤੇ ਗਏ ਸਨ। ਸਥਾਨਕ ਲੋਕਾਂ ਦਾ ਦਾਅਵਾ ਹੈ ਕਿ ਧਮਾਕਾ ਇੰਨਾ ਸ਼ਕਤੀਸ਼ਾਲੀ ਅਤੇ ਗੰਭੀਰ ਸੀ ਕਿ ਇਸ ਨਾਲ ਫੈਕਟਰੀ ਦੀ ਐਸਬੈਸਟਸ ਛੱਤ ਉੱਡ ਗਈ। ਐਸਬੈਸਟਸ ਇੱਕ ਕੁਦਰਤੀ ਤੌਰ 'ਤੇ ਹੋਣ ਵਾਲਾ ਖਣਿਜ ਹੈ। ਅਧਿਕਾਰੀ ਨੇ ਕਿਹਾ, ਧਮਾਕੇ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ। ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਫੋਰੈਂਸਿਕ ਜਾਂਚ ਲਈ ਘਟਨਾ ਸਥਾਨ ਤੋਂ ਨਮੂਨੇ ਇਕੱਠੇ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਇਹ ਘਟਨਾ ਗੈਰ-ਕੁਸ਼ਲ ਕਾਮਿਆਂ ਦੁਆਰਾ ਵਿਸਫੋਟਕ ਸਮੱਗਰੀ ਨੂੰ ਗਲਤ ਢੰਗ ਨਾਲ ਸੰਭਾਲਣ ਕਾਰਨ ਹੋਈ ਹੋ ਸਕਦੀ ਹੈ। ਅਧਿਕਾਰੀ ਨੇ ਕਿਹਾ ਕਿ ਪਟਾਕੇ ਕਥਿਤ ਤੌਰ 'ਤੇ ਇੱਕ ਵਿਆਹ ਲਈ ਬਣਾਏ ਜਾ ਰਹੇ ਸਨ। ਦਸੰਬਰ 2024 ਵਿੱਚ, ਚੰਪਾਹਾਟੀ ਵਿੱਚ ਇੱਕ ਪਟਾਕੇ ਬਣਾਉਣ ਵਾਲੀ ਇਕਾਈ ਵਿੱਚ ਇੱਕ ਧਮਾਕਾ ਹੋਇਆ, ਜਿਸ ਨਾਲ ਸਥਾਨਕ ਲੋਕਾਂ ਵਿੱਚ ਦਹਿਸ਼ਤ ਫੈਲ ਗਈ।

## ਪੁਲਸ ਭਰਤੀ ਦੀ ਦੌੜ ਬਣੀ ਕਾਲ ! 1600 ਮੀਟਰ ਦੀ ਰੇਸ ਦੌਰਾਨ ਨੌਜਵਾਨ ਦੀ ਹੋਈ ਮੌਤ

ਬੀੜ 13 ਫਰਵਰੀ। ਮਹਾਰਾਸ਼ਟਰ ਦੇ ਬੀੜ ਜ਼ਿਲ੍ਹੇ ਵਿੱਚ ਚੱਲ ਰਹੀ ਪੁਲਸ ਭਰਤੀ ਪ੍ਰਕਿਰਿਆ ਦੌਰਾਨ ਇੱਕ ਬਹੁਤ ਹੀ ਦਰਦਨਾਕ ਹਾਦਸਾ ਸਾਹਮਣੇ ਆਇਆ ਹੈ। ਸਰੀਰਕ ਯੋਗਤਾ ਪ੍ਰੀਖਿਆ ਦੇ ਤਹਿਤ ਆਯੋਜਿਤ 1600 ਮੀਟਰ ਦੀ ਦੌੜ ਵਿੱਚ ਹਿੱਸਾ ਲੈ ਰਹੇ ਇੱਕ ਉਮੀਦਵਾਰ ਦੀ ਅਚਾਨਕ ਸਿਹਤ ਵਿਗੜ ਗਈ ਅਤੇ ਉਹ ਟਰੈਕ 'ਤੇ ਹੀ ਡਿੱਗ ਪਿਆ। ਮੌਕੇ 'ਤੇ ਤਾਇਨਾਤ ਅਧਿਕਾਰੀਆਂ ਅਤੇ ਮੈਡੀਕਲ ਟੀਮ ਨੇ ਤੁਰੰਤ ਨੌਜਵਾਨ ਨੂੰ ਇਲਾਜ ਲਈ ਬੀੜ ਦੇ ਜ਼ਿਲ੍ਹਾ ਹਸਪਤਾਲ ਪਹੁੰਚਾਇਆ, ਪਰ ਡਾਕਟਰਾਂ ਨੇ ਜਾਂਚ ਤੋਂ ਬਾਅਦ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕ ਨੌਜਵਾਨ ਦੀ ਪਛਾਣ ਦੀਪਕ ਭਾਸਕਰ ਵਾਵਲ ਵਜੋਂ ਹੋਈ ਹੈ, ਜੋ ਪਰਲੀ ਤਾਲੁਕਾ ਦਾ ਰਹਿਣ ਵਾਲਾ ਸੀ। ਮੈਦਾਨ 'ਤੇ ਮਚੀ ਹਫੜਾ-ਦਫੜੀ ਚਸ਼ਮਦੀਦਾਂ ਅਨੁਸਾਰ ਦੌੜ ਦੌਰਾਨ ਦੀਪਕ ਨੂੰ ਅਚਾਨਕ ਚੱਕਰ ਆਏ ਅਤੇ ਉਹ ਆਪਣਾ ਸੰਤੁਲਨ ਗੁਆ ਕੇ ਮੈਦਾਨ 'ਤੇ ਡਿੱਗ ਪਿਆ। ਇਸ ਘਟਨਾ ਕਾਰਨ ਭਰਤੀ ਕੇਂਦਰ 'ਤੇ ਹਫੜਾ-ਦਫੜੀ ਮਚ ਗਈ ਅਤੇ ਹੋਰ ਉਮੀਦਵਾਰਾਂ ਨੇ ਵੀ ਇਸ ਘਟਨਾ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਮੁੱਢਲੀ ਜਾਣਕਾਰੀ ਅਨੁਸਾਰ ਮੌਤ ਦਾ ਕਾਰਨ ਸਿਹਤ ਸੰਬੰਧੀ ਸਮੱਸਿਆਵਾਂ ਹੋਣ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ। ਦੀਪਕ ਪੁਲਸ ਸੇਵਾ ਵਿੱਚ ਸ਼ਾਮਲ ਹੋਣ ਦਾ ਸੁਪਨਾ ਲੈ ਕੇ ਪ੍ਰੀਖਿਆ ਦੇਣ ਆਇਆ ਸੀ, ਪਰ ਇਸ ਬੇਵਕਤੀ ਮੌਤ ਨੇ ਪਰਿਵਾਰ ਨੂੰ ਗਹਿਰੇ ਸਦਮੇ ਵਿੱਚ ਪਾ ਦਿੱਤਾ ਹੈ। ਪ੍ਰਸ਼ਾਸਨ ਵੱਲੋਂ ਲੋੜੀਂਦੀਆਂ ਕਾਨੂੰਨੀ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ।

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਅੱਖਾਂ ਦਾ ਚੈੱਕਅਪ ਕੈਂਪ ਲਗਾਇਆ

ਜਲੰਧਰ 13 ਫਰਵਰੀ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੋਆਬਾ ਯੂਨਿਟ ਨੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਿੰਡ ਜਮਸ਼ੇਰ ਖਾਸ ਵਿੱਚ ਅੱਖਾਂ ਦਾ ਚੈੱਕਅਪ ਕੈਂਪ ਲਗਾਇਆ। ਕੈਂਪ ਦੌਰਾਨ ਮਰੀਜ਼ਾਂ ਦੀਆਂ ਜ਼ਰੂਰਤਾਂ ਮੁਤਾਬਕ ਆਪ੍ਰੇਸ਼ਨ, ਦਵਾਈਆਂ ਅਤੇ ਐਨਕਾਂ ਦਾ ਪ੍ਰਬੰਧ ਕੀਤਾ ਗਿਆ। ਡਾ. ਅਮਨਦੀਪ ਸਿੰਘ ਦੀ ਟੀਮ ਨੇ 700 ਮਰੀਜ਼ਾਂ ਦੀ ਜਾਂਚ ਕੀਤੀ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਅਤੇ ਐਨਕਾਂ ਪ੍ਰਦਾਨ ਕੀਤੀਆਂ। ਕੈਂਪ ਵਿੱਚ 130 ਮਰੀਜ਼ ਆਪਰੇਸ਼ਨਯੋਗ ਪਾਏ ਗਏ, ਟਰੱਸਟ ਵੱਲੋਂ ਉਨ੍ਹਾਂ ਦੇ ਆਪਰੇਸ਼ਨ ਮੁਫ਼ਤ ਕੀਤੇ ਜਾਣਗੇ। ਗੁਰੂ ਨਾਨਕ ਸਿੰਘ ਸਭਾ ਗੁਰਦੁਆਰੇ ਦੀ ਸਮੁੱਚੀ ਕਮੇਟੀ ਅਤੇ ਐੱਨ. ਆਰ. ਆਈ. ਦੋਸਤਾਂ ਜਸਵਿੰਦਰ ਸ਼ੇਰਗਿੱਲ, ਪਲਵਿੰਦਰ ਸ਼ੇਰਗਿੱਲ, ਪਰਮਿੰਦਰ ਸ਼ੇਰਗਿੱਲ, ਹਰਜੀਤ ਸ਼ੇਰਗਿੱਲ, ਅਵਤਾਰ ਖਹਿਰਾ, ਪਰਮਜੀਤ ਖਹਿਰਾ, ਈਵਿਨ ਗੋਲਡ (ਯੂ.ਐਸ.ਏ.), ਗੁਰਜੰਟਿੰਦਰ ਰੰਧਾਵਾ, ਸੁਖਦੇਵ ਸ਼ੇਰਗਿੱਲ, ਪਰਮਜੀਤ ਬੈਨੀਪਾਲ, ਇੰਦਰਜੀਤ ਸ਼ੇਰਗਿੱਲ, ਰਵੀ ਸ਼ੇਰਗਿੱਲ ਨੇ ਇਸ ਕੈਂਪ ਨੂੰ ਸਫਲ ਬਣਾਉਣ ਵਿੱਚ ਅਹਿਮ ਯੋਗਦਾਨ ਪਾਇਆ। ਇਸ ਕੈਂਪ ਵਿੱਚ ਸਰਬੱਤ ਦਾ ਭਲਾ ਟਰੱਸਟ ਦੀ ਦੋਆਬਾ ਟੀਮ ਵੱਲੋਂ ਜ਼ਿਲ੍ਹਾ ਪ੍ਰਧਾਨ ਅਮਰਜੋਤ ਸਿੰਘ ਅਤੇ ਮੈਂਬਰ ਮਨਮੋਹਨ ਸਿੰਘ, ਜਤਿੰਦਰ ਵਾਲੀਆ, ਗੁਰਵਿੰਦਰ ਸਿੰਘ, ਗੁਰਮੀਤ ਚੰਦ, ਸੁਰਜੀਤ ਲਾਲ, ਰਜਿੰਦਰ ਕੁਮਾਰ ਆਦਿ ਵੀ ਹਾਜ਼ਰ ਸਨ। ਇਸ ਮੌਕੇ ਨਕੋਦਰ ਦਫ਼ਤਰ ਇੰਚਾਰਜ ਗੁਰਮੀਤ ਚੰਦ ਅਤੇ ਰਜਿੰਦਰ ਕੁਮਾਰ ਵੀ ਹਾਜ਼ਰ ਸਨ।

## ਦਸੂਹਾ 'ਚ ਵਿਅਕਤੀ ਦਾ ਬੇਰਹਿਮੀ ਨਾਲ ਕਤਲ, ਪੁਲਸ ਨੇ ਕੁਝ ਹੀ ਘੰਟਿਆਂ 'ਚ ਮੁਲਜ਼ਮ ਕੀਤਾ ਗ੍ਰਿਫ਼ਤਾਰ

ਦਸੂਹਾ 13 ਫਰਵਰੀ। ਸੰਦੀਪ ਕੁਮਾਰ ਮਲਿਕ ਸੀਨੀਅਰ ਪੁਲਸ ਕਪਤਾਨ ਹੁਸ਼ਿਆਰਪੁਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਪਰਮਿੰਦਰ ਸਿੰਘ ਹੀਰ ਐੱਸ. ਪੀ. ਇਨਵੈਸਟੀਗੇਸ਼ਨ ਹੁਸ਼ਿਆਰਪੁਰ ਅਤੇ ਬਲਵਿੰਦਰ ਸਿੰਘ ਜੋੜਾ ਡੀ. ਐੱਸ. ਪੀ. ਦਸੂਹਾ ਦੀਆਂ ਹਦਾਇਤਾਂ ਮੁਤਾਬਕ ਐੱਸ. ਆਈ. ਬਲਜਿੰਦਰ ਸਿੰਘ ਮੱਲੀ ਮੁੱਖ ਅਫ਼ਸਰ ਥਾਣਾ ਦਸੂਹਾ ਦੀ ਅਗਵਾਈ ਹੇਠ ਪੁਲਸ ਨੂੰ ਉਸ ਸਮੇਂ ਵੱਡੀ ਸਫ਼ਲਤਾ ਹਾਸਲ ਹੋਈ, ਜਦੋਂ ਕਤਲ ਕੇਸ ਦੇ ਮੁਲਜ਼ਮ ਦਵਿੰਦਰਪਾਲ ਸਿੰਘ ਪੁੱਤਰ ਭੁਪਿੰਦਰ ਸ਼ਿੰਘ ਵਾਸੀ ਘੋਗਰਾ ਥਾਣਾ ਦਸੂਹਾ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਸਬੰਧੀ ਡੀ. ਐੱਸ. ਪੀ. ਬਲਵਿੰਦਰ ਸਿੰਘ ਜੋੜਾ ਅਤੇ ਮੁੱਖ ਅਫ਼ਸਰ ਥਾਣਾ ਦਸੂਹਾ ਬਲਜਿੰਦਰ ਸਿੰਘ ਮੱਲੀ ਨੇ ਦੱਸਿਆ ਕਿ ਬਲਵਿੰਦਰ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਘੋਗਰਾ ਥਾਣਾ ਦਸੂਹਾ ਨੇ ਬਿਆਨਾਂ 'ਚ ਦੱਸਿਆ ਕਿ ਉਸ ਦਾ ਬੇਟਾ ਸਿਮਰਜੀਤ ਸਿੰਘ ਅਤੇ ਉਸ ਦਾ ਦੋਸਤ ਹਨੀ ਸਿੰਘ ਆਪਣੇ ਦੋਸਤ ਦੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਸੁੰਡੀਆ ਰਾਹੀਂ ਦਸੂਹਾ ਨੂੰ ਜਾ ਰਹੇ ਸੀ ਤਾਂ ਇਸ ਦੌਰਾਨ ਜਦੋਂ ਉਹ ਐੱਸ. ਕੇ. ਭੱਠੇ ਕੋਲ ਪੁੱਜੇ ਤਾਂ ਇਨ੍ਹਾਂ ਦੇ ਪਿੱਛੇ ਇਕ ਕਾਰ, ਜਿਸ ਨੂੰ ਦਵਿੰਦਰਪਾਲ ਸਿੰਘ ਪੁੱਤਰ ਭੁਪਿੰਦਰ ਸਿੰਘ ਵਾਸੀ ਘੋਗਰਾ ਚਲਾ ਰਿਹਾ ਸੀ ਅਤੇ ਇਸ ਨਾਲ ਇਸ ਦਾ ਸਾਲਾ ਅਮਰਜੀਤ ਸਿੰਘ ਪੁੱਤਰ ਜੈ ਪਾਲ ਵਾਸੀ ਮਹਿਤਪੁਰ ਥਾਣਾ ਮੁਕੇਰੀਆ ਬੈਠਾ ਸੀ, ਉਸ ਨੇ ਜਾਣਬੁੱਝ ਕੇ ਅਤੇ ਲਾਪ੍ਰਵਾਹੀ ਨਾਲ ਮੋਟਰਸਾਈਕਲ 'ਚ ਆਪਣੀ ਕਾਰ ਦੀ ਟੱਕਰ ਮਾਰੀ। ਜਿਸ ਨਾਲ ਦੋਵੇਂ ਸੜਕ ਵਿਚਕਾਰ ਡਿੱਗ ਪਏ। ਫਿਰ ਦੋਵਾਂ ਦਵਿੰਦਰਪਾਲ ਸਿੰਘ ਅਤੇ ਅਮਰਜੀਤ ਸਿੰਘ ਨੇ ਆਪਣੇ ਦਸਤੀ ਹਥਿਆਰਾਂ ਨਾਲ ਉਨ੍ਹਾਂ ਨੂੰ ਸੱਟਾਂ ਮਾਰੀਆਂ, ਇਸ ਦੇ ਉਪਰੰਤ ਜ਼ਖ਼ਮੀਆਂ ਨੂੰ ਸਿਵਲ ਹਸਪਾਤਲ ਵਿਖੇ ਦਾਖ਼ਲ ਕਰਵਾਇਆ ਗਿਆ, ਜਿੱਥੇ 7 ਜਨਵਰੀ ਨੂੰ ਸਿਮਰਜੀਤ ਸਿੰਘ ਦੀ ਮੌਤ ਹੋ ਗਈ ਅਤੇ ਦੂਜਾ ਹਨੀ ਸਿੰਘ ਹਸਪਤਾਲ 'ਚ ਜ਼ੇਰੇ ਇਲਾਜ ਹੈ। ਉਨ੍ਹਾਂ ਦੱਸਿਆ ਕਤਲ ਦੇ ਇਕ ਮੁਲਜ਼ਮ ਦਵਿੰਦਰਪਾਲ ਸਿੰਘ ਨੂੰ ਕੁਝ ਹੀ ਘੰਟਿਆਂ 'ਚ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਦੂਜੇ ਦੀ ਭਾਲ ਜਾਰੀ ਹੈ।

## ਮਲੋਟ ਵਿਖੇ ਰੇਲਵੇ ਰੋਡ 'ਤੇ ਚੋਰਾਂ 3 ਦੁਕਾਨਾਂ ਨੂੰ ਬਣਾਇਆ ਨਿਸ਼ਾਨਾ

ਮਲੋਟ 13 ਫਰਵਰੀ। ਚੋਰਾਂ ਨੇ ਸ਼ਹਿਰ ਅੰਦਰ ਰੇਲਵੇ ਰੋਡ 'ਤੇ ਵੱਖ-ਵੱਖ ਦੁਕਾਨਾਂ ਦੇ ਤਾਲੇ ਤੋੜ ਕੇ ਚੋਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਚੋਰਾਂ ਵੱਲੋਂ ਜਿਹੜੀਆਂ 3 ਘਟਨਾਵਾਂ ਨੂੰ ਅੰਜਾਮ ਦਿੱਤਾ, ਉਹ ਸਾਰੀਆਂ ਦੁਕਾਨਾਂ ਨੇੜੇ-ਨੇੜੇ ਹਨ। ਇਸ ਲਈ ਸਪੱਸ਼ਟ ਹੈ ਕਿ ਇਹ ਵਾਰਦਾਤਾਂ ਇਕੋ ਹੀ ਗਿਰੋਹ ਵੱਲੋਂ ਹੀ ਕੀਤੀਆਂ ਹਨ। ਪੁਲਸ ਵੱਲੋਂ ਘਟਨਾਵਾਂ ਨੇੜੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਚੈਕਿੰਗ ਕੀਤੀ ਜਾ ਰਹੀ ਹੈ। ਜਾਣਕਾਰੀ ਮੁਤਾਬਕ ਬੀਤੀ ਰਾਤ ਚੋਰਾਂ ਨੇ ਰੇਲਵੇ ਰੋਡ ਤੇ ਮੰਡੀ ਹਰਜੀ ਰਾਮ ਸਕੂਲ ਦੇ ਸਾਹਮਣੇ ਰਾਹੁਲ ਨਾਮਕ ਵਿਅਕਤੀ ਵੱਲੋਂ ਚਲਾਏ ਜਾ ਰਹੇ ਸਾਈਬਰ ਕੈਫੇ ਦੇ ਜ਼ਿੰਦੇ ਤੋੜੇ, ਜਿਸ ਤੋਂ ਬਾਅਦ ਸ਼ਟਰ ਦੇ ਅੱਗੇ ਲੱਗਾ ਕੱਚ ਦਾ ਸ਼ੀਸ਼ਾ ਤੋੜਿਆ ਅਤੇ ਦਰਾਜਾਂ 'ਚ ਪਈ ਨਕਦੀ ਅਤੇ ਸਾਮਾਨ ਚੋਰੀ ਕਰ ਲਿਆ। ਇਸ ਦੇ ਬਾਅਦ ਨਾਲ ਹੀ ਲੱਗਦੀ ਸੁਭਾਸ਼ ਗੁੰਬਰ ਦੀ ਕੱਪੜੇ ਦੀ ਦੁਕਾਨ ਦੇ ਜ਼ਿੰਦੇ ਤੋੜੇ। ਚੋਰਾਂ ਨੇ ਜ਼ਿੰਦੇ ਤਾਂ ਤੋੜ ਲਏ ਪਰ ਸੈਂਟਰ ਲਾਕਿੰਗ ਇੰਨੀ ਮਜ਼ਬੂਤ ਸੀ ਕਿ ਉਹ ਤੋੜ ਨਹੀਂ ਸਕੇ। ਇਸ ਤੋਂ ਇਲਾਵਾ ਚੋਰਾਂ ਨੇ ਇਸ ਰੋਡ 'ਤੇ ਅੱਗੇ ਜਾ ਕੇ ਹੰਸ ਰਾਜ ਗਰੋਵਰ ਦੀ ਆਟੇ ਵਾਲੀ ਚੱਕੀ ਦੇ ਜ਼ਿੰਦੇ ਤੋੜੇ। ਚੱਕੀ ਦੇ ਅੰਦਰ ਪਿਆ ਸਾਮਾਨ ਅਤੇ 6-7 ਹਜ਼ਾਰ ਰੁਪਏ ਨਕਦੀ ਚੋਰੀ ਕਰ ਲਏ। ਇਸ ਸਬੰਧੀ ਸ਼ਹਿਰ ਵਾਸੀਆਂ ਦਾ ਕਹਿਣਾ ਹੈ ਕਿ ਇਹ ਸ਼ਹਿਰ ਦੀ ਸਭ ਤੋਂ ਮੁੱਖ ਸੜਕ ਹੈ, ਜਿਸ 'ਤੇ ਰੇਲਵੇ ਸਟੇਸ਼ਨ, ਸਕੂਲ ਅਤੇ ਸਰਕਾਰੀ ਹਸਪਤਾਲ ਪੈਂਦੇ ਹਨ। ਇਸ ਲਈ ਸ਼ਹਿਰ ਦੇ ਨਾਲ ਇਸ ਸੜਕ 'ਤੇ ਪੀ. ਸੀ. ਆਰ. ਦੀਆਂ ਟੀਮ ਵੱਲੋਂ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਇਨ੍ਹਾਂ ਘਟਨਾਵਾਂ ਦੀ ਸੂਚਨਾ ਮਿਲਣ 'ਤੇ ਏ. ਐੱਸ. ਆਈ. ਜਸਵਿੰਦਰ ਸਿੰਘ ਨੇ ਮੌਕੇ 'ਤੇ ਪੁੱਜ ਕੇ ਛਾਣਬੀਣ ਸ਼ੁਰੂ ਕਰ ਦਿੱਤੀ ਹੈ। ਪੁਲਸ ਦਾ ਕਹਿਣਾ ਹੈ ਕਿ ਸੀ. ਸੀ. ਟੀ. ਵੀ.ਫੁਟੇਜ ਦੇ ਆਧਾਰ 'ਤੇ ਜਲਦੀ ਚੋਰਾਂ ਨੂੰ ਕਾਬੂ ਕਰ ਲਿਆ ਜਾਵੇਗਾ। ਉਨ੍ਹਾਂ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਜਿਵੇਂ ਇਕ ਦੁਕਾਨ ਦੇ ਸ਼ਟਰ 'ਚ ਸੈਂਟਰ ਲਾਕਿੰਗ ਮਜ਼ਬੂਤ ਹੋਣ ਕਰ ਕੇ ਚੋਰ ਸ਼ਟਰ ਤੋੜਨ 'ਚ ਅਸਫਲ ਰਹੇ। ਇਸ ਲਈ ਬਾਕੀ ਦੁਕਾਨਦਾਰਾਂ ਨੂੰ ਵੀ ਸੁਰੱਖਿਆ ਦੇ ਮਜ਼ਬੂਤ ਇੰਤਜਾਮ ਕਰਨੇ ਚਾਹੀਦੇ ਹਨ।

# ਭੇਦਭਰੇ ਹਾਲਤ 'ਚ ਨੌਜਵਾਨ ਦੀ ਮੌਤ, ਇਲਾਕੇ 'ਚ ਪਸਰਿਆ ਸੋਗ

**ਕੌਮੀ ਪਤ੍ਰਿਕਾ**

ਤਰਨਤਾਰਨ 13 ਫਰਵਰੀ। ਪਿੰਡ ਤੋਂ ਸ਼ਹਿਰ ਆਏ 24 ਸਾਲ ਦੇ 6 ਫੁੱਟੇ ਨੌਜਵਾਨ ਦੀ ਭੇਦ ਭਰੇ ਹਾਲਾਤ 'ਚ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਿਸ ਦੀ ਬਾਜ਼ਾਰ 'ਚ ਕਾਫੀ ਜ਼ਿਆਦਾ ਚਰਚਾ ਰਹੀ। ਮਿਲੀ ਜਾਣਕਾਰੀ ਦੇ ਅਨੁਸਾਰ ਪਿੰਡ ਵਲੀਪੁਰ ਦੇ ਨਿਵਾਸੀ ਗੁਰਪਿੰਦਰ ਸਿੰਘ (24) ਪੁੱਤਰ ਕੁਲਵਿੰਦਰ ਸਿੰਘ ਜੋ ਕਿਸੇ ਕੰਮ ਲਈ ਤਰਨਤਾਰਨ ਸ਼ਹਿਰ ਆਇਆ ਸੀ, ਜਿਸ ਦੀ ਲਾਸ਼ ਮੁਹੱਲਾ ਜਸਵੰਤ ਸਿੰਘ ਨਜ਼ਦੀਕ ਬਣੇ ਬਾਥਰੂਮ ਨੇੜਿਓਂ ਬਰਾਮਦ ਕੀਤੀ ਗਈ। ਆਸ-ਪਾਸ ਦੇ ਲੋਕਾਂ ਵੱਲੋਂ 6 ਫੁੱਟ ਦੇ ਨੌਜਵਾਨ ਨੂੰ ਜਦੋਂ ਬਾਥਰੂਮ ਨੇੜੇ ਡਿੱਗੇ ਹੋਏ ਦੇਖਿਆ ਤਾਂ ਉਸਦੇ ਪਰਿਵਾਰਕ ਮੈਂਬਰਾਂ ਤੱਕ ਸੰਪਰਕ ਕੀਤਾ ਗਿਆ। ਲੋਕਾਂ ਦੇ ਦੱਸਣ ਅਨੁਸਾਰ ਗੁਰਪਿੰਦਰ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਚੁੱਕੀ ਸੀ ਅਤੇ ਉਸਦਾ ਸਰੀਰ ਪੀਲਾ ਪੈ ਚੁੱਕਾ ਸੀ। ਇਸ ਦੁਖਦਾਈ ਸੂਚਨਾ ਮਿਲਣ ਤੋਂ ਬਾਅਦ ਗੁਰਪਿੰਦਰ ਦੇ ਰਿਸ਼ਤੇਦਾਰਾਂ ਵੱਲੋਂ ਉਸਨੂੰ ਤੁਰੰਤ ਵਾਪਸ ਪਿੰਡ ਲਿਜਾਇਆ ਗਿਆ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਪਿੰਡ ਦੇ ਨੰਬਰਦਾਰ ਮਨਜਿੰਦਰ ਸਿੰਘ ਨੇ



ਦੱਸਿਆ ਕਿ ਗੁਰਪਿੰਦਰ ਸਿੰਘ ਦਾ ਭਰਾ ਗੁਰਸ਼ਿੰਦਰ ਸਿੰਘ ਕੈਨੇਡਾ ਰਹਿੰਦਾ ਹੈ ਅਤੇ ਪਿੰਡ ਵਿਚ ਗੁਰਪਿੰਦਰ ਸਿੰਘ ਆਪਣੀ ਮਾਤਾ ਰਾਜਵਿੰਦਰ ਕੌਰ ਨਾਲ ਰਹਿ ਰਿਹਾ ਸੀ ਜਦਕਿ ਉਸਦੇ ਪਿਤਾ ਕੁਲਵਿੰਦਰ ਸਿੰਘ ਦਾ ਦਿਹਾਂਤ ਹੋ ਚੁੱਕਾ ਹੈ। ਨੰਬਰਦਾਰ ਨੇ ਦੱਸਿਆ ਕਿ ਗੁਰਪਿੰਦਰ ਸਿੰਘ ਨੂੰ ਕੋਈ ਵੀ ਬੀਮਾਰੀ ਨਹੀਂ ਸੀ ਅਤੇ ਨਾ ਹੀ ਉਸਦਾ ਕੋਈ ਇਲਾਜ ਚੱਲਦਾ ਸੀ ਪ੍ਰੰਤੂ ਅੱਜ ਉਸ ਦੀ ਮੁਹੱਲਾ ਜਸਵੰਤ ਸਿੰਘ ਨਜ਼ਦੀਕ ਅਚਾਨਕ ਕਰੀਬ 12 ਵਜੇ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਗੁਰਪਿੰਦਰ ਸਿੰਘ ਅਤੇ ਉਸ ਦੇ ਭਰਾ ਦੀ ਪਿੰਡ ਵਲੀਪੁਰ ਵਿਚ ਕਰੀਬ 30 ਏਕੜ ਜ਼ਮੀਨ ਮੌਜੂਦ ਹੈ। ਨੰਬਰਦਾਰ ਨੇ ਦੱਸਿਆ ਕਿ ਗੁਰਪਿੰਦਰ ਸਿੰਘ ਦਾ ਪਿੰਡ ਵਿਚ ਸ਼ੁਕਰਵਾਰ ਸ਼ਾਮ ਸਮੇਂ ਅੰਤਿਮ ਸਸਕਾਰ ਕਰ ਦਿੱਤਾ ਗਿਆ। ਜ਼ਿਕਰਯੋਗ ਹੈ ਕਿ 6 ਫੁੱਟ ਦੇ ਗੱਭਰੂ ਨੌਜਵਾਨ ਦੀ ਭੇਦ ਭਰੇ ਹਾਲਾਤ ਵਿਚ ਛੋਟੀ ਉਮਰ ਦੌਰਾਨ ਹੋਈ ਮੌਤ ਇਲਾਕੇ ਵਿਚ ਚਰਚਾ ਦਾ ਵਿਸ਼ਾ ਬਣੀ ਰਹੀ।

## ਪਤਨੀ ਨੇ ਪਤੀ ਨੂੰ ਛੱਡ ਪ੍ਰੇਮੀ ਨਾਲ ਕਰਵਾਇਆ ਵਿਆਹ, ਗੁੱਸੇ 'ਚ ਇੰਝ ਮਾਰ 'ਤਾ ਬੱਚਾ

ਨੈਸ਼ਨਲ ਡੈਸਕ 13 ਫਰਵਰੀ। ਬਿਹਾਰ ਦੇ ਦਰਭੰਗਾ ਜ਼ਿਲ੍ਹੇ ਤੋਂ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ ਪਿਤਾ ਨੇ ਆਪਣੇ ਡੇਢ ਸਾਲ ਦੇ ਪੁੱਤਰ ਨੂੰ ਪਾਣੀ ਨਾਲ ਭਰੇ ਟੋਏ ਵਿੱਚ ਡੁਬੋ ਕੇ ਮਾਰ ਦਿੱਤਾ। ਇਸ ਘਟਨਾ ਨਾਲ ਇਲਾਕੇ ਵਿੱਚ ਸਨਸਨੀ ਫੈਲ ਗਈ। ਸੂਚਨਾ ਮਿਲਣ ਤੋਂ ਬਾਅਦ ਮੌਕੇ 'ਤੇ ਪਹੁੰਚੀ ਪੁਲਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਅਤੇ ਮਾਮਲੇ ਦੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ। ਰਿਪੋਰਟਾਂ ਅਨੁਸਾਰ ਇਹ ਘਟਨਾ ਜ਼ਿਲ੍ਹੇ ਦੇ ਭਾਲਪਤੀ ਥਾਣਾ ਖੇਤਰ ਵਿੱਚ ਸਥਿਤ ਫਾਜ਼ਲਾ ਪਿੰਡ ਵਿੱਚ ਵਾਪਰੀ ਹੈ। ਮ੍ਰਿਤਕ ਬੱਚੇ ਦੀ ਪਛਾਣ ਚੰਦਨ ਸਾਹਨੀ (35) ਦੇ ਡੇਢ ਸਾਲ ਦੇ ਇਕਲੌਤੇ ਪੁੱਤਰ ਰਾਘਵ ਕੁਮਾਰ ਵਜੋਂ ਹੋਈ ਹੈ। ਚੰਦਨ ਸਾਹਨੀ ਹਿਮਾਚਲ ਵਿੱਚ ਮਜ਼ਦੂਰੀ ਦਾ ਕੰਮ ਕਰਦਾ ਹੈ। ਦੱਸਿਆ ਜਾ ਰਿਹਾ ਹੈ ਕਿ ਚੰਦਨ ਸਾਹਨੀ ਦਾ ਵਿਆਹ 2021 ਵਿੱਚ ਪ੍ਰਿਯੰਕਾ ਕੁਮਾਰੀ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਸਭ ਕੁਝ ਠੀਕ ਚੱਲ ਰਿਹਾ ਸੀ ਪਰ ਪ੍ਰਿਯੰਕਾ ਦਾ ਡੇਢ ਸਾਲ ਤੋਂ ਕਿਸੇ ਹੋਰ ਨਾਲ ਅਫੇਅਰ ਚੱਲ ਰਿਹਾ ਸੀ। ਤਿੰਨ ਮਹੀਨੇ ਬਾਅਦ ਉਸਨੇ ਆਪਣੇ ਪਤੀ ਨੂੰ ਛੱਡ ਕੇ ਪ੍ਰੇਮੀ ਨਾਲ



ਵਿਆਹ ਕਰਵਾ ਲਿਆ, ਜਿਸ ਕਾਰਨ ਚੰਦਨ ਨੂੰ ਗੁੱਸਾ ਆ ਗਿਆ ਸੀ। ਸੋਮਵਾਰ ਨੂੰ ਚੰਦਨ ਹਿਮਾਚਲ ਤੋਂ ਘਰ ਵਾਪਸ ਆਇਆ ਅਤੇ ਗੁੱਸੇ ਵਿੱਚ ਆਪਣੇ ਪੁੱਤਰ ਨੂੰ ਆਪਣੇ ਘਰ ਤੋਂ 30 ਮੀਟਰ ਦੂਰ ਪਾਣੀ ਨਾਲ ਭਰੇ ਟੋਏ ਵਿੱਚ ਲੈ ਗਿਆ। ਫਿਰ ਉਸ ਨੇ ਬੱਚੇ ਨੂੰ ਪਾਣੀ ਵਿੱਚ ਉਸ ਸਮੇਂ ਤੱਕ ਡੁਬੋ ਕੇ ਰੱਖਿਆ,ਜਦੋਂ ਤੱਕ ਉਹ ਮਰ ਨਹੀਂ ਗਿਆ।

# ਥਾਣਾ ਵੈਰੋ ਕਾ ਪੁਲਸ ਦੀ ਵੱਡੀ ਕਾਮਯਾਬੀ ! ਲੁੱਟਾਂ-ਖੋਹਾਂ ਕਰਨ ਵਾਲੇ ਗਿਰੋਹ ਦੇ 4 ਮੈਂਬਰ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਜਲਾਲਾਬਾਦ 13 ਫਰਵਰੀ। ਥਾਣਾ ਵੈਰੋ ਕੇ ਏਰੀਏ 'ਚ ਲੁੱਟਾਂ ਖੋਹਾ ਤੇ ਡਕੈਤੀਆਂ ਨੂੰ ਅੰਜਾਮ ਦੇਣ ਵਾਲਾ ਚੋਰ ਗਿਰੋਹ ਸਰਗਰਮ ਦੇ ਮੈਂਬਰ ਸਰਗਰਮ ਹੋਣ ਕਾਰਨ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਸਨ। ਸਬ ਡਵੀਜਨ ਜਲਾਲਾਬਾਦ ਦੇ ਡੀ.ਐੱਸ.ਪੀ ਗੁਰਸਵੇਕ ਸਿੰਘ ਬਰਾੜ ਦੇ ਦਿਸ਼ਾ ਨਿਰਦੇਸ਼ਾਂ ਦੇ ਤਹਿਤ ਥਾਣਾ ਵੈਰੋ ਕਾ ਦੇ ਐੱਸ.ਐੱਚ.ਓ ਪਰਮਜੀਤ ਸਿੰਘ ਦਰੋਗਾ ਦੀ ਅਗਵਾਈ ਹੇਠ ਪੁਲਸ ਪਾਰਟੀ ਨੇ ਗੁਪਤ ਸੂਚਨਾ ਦੇ ਅਧਾਰ 'ਤੇ ਅਣਪਾਛਤੇ ਚੋਰ ਗਿਰੋਹ ਦੇ ਮੈਂਬਰਾਂ ਸਮੇਤ ਅਣਪਛਾਤੇ ਵਿਅਕਤੀਆਂ ਸਣੇ 10 ਲੋਕਾਂ ਦੇ ਵਿਰੁੱਧ ਮੁਕੱਦਮਾ ਨੰਬਰ 9 ਦਰਜ ਕਰਕੇ ਚੋਰ ਗਿਰੋਹ ਦੇ 4 ਮੈਂਬਰਾਂ ਨੂੰ ਮਾਰੂ ਹਥਿਆਰਾਂ ਸਣੇ ਕਾਬੂ ਕਰਕੇ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਸਾਂਝੀ ਕਰਦੇ ਹੋਏ ਥਾਣਾ




ਵੈਰੋ ਕਾ ਦੇ ਐੱਸ.ਐੱਚ.ਓ ਪਰਮਜੀਤ ਸਿੰਘ ਦਰੋਗਾ ਨੇ ਦੱਸਿਆ ਕਿ ਏ.ਐੱਸ.ਆਈ ਮਹਿੰਦਰ ਸਿੰਘ ਨੂੰ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਲੁੱਟਾਂ ਖੋਹਾਂ ਕਰਨ ਵਾਲੇ ਗਿਰੋਹ ਦੇ ਮੈਂਬਰ ਵੰਸ਼ਦੀਪ ਸਿੰਘ ਪੁੱਤਰ ਪਰਮਜੀਤ ਸਿੰਘ ਵਾਸੀ ਅਰਾਈਵਾਲਾ ਵਾ ਮੋਹਕਮ, ਸਾਜਨ ਪੁੱਤਰ ਹਰਦੀਪ ਸਿੰਘ ਵਾਸੀ ਜਾਫਰਾ, ਚਿਮਨ ਸਿੰਘ ਉਰਫ ਅਜੇ ਪੁੱਤਰ ਪ੍ਰੀਤਮ ਸਿੰਘ ਵਾਸੀ ਜਾਫਰਾ, ਪ੍ਰਿੰਸ ਉਰਫ ਪ੍ਰਿੰਸੀ ਉਰਫ ਬੱਚੀ ਪੁੱਤਰ ਸੁਰਜੀਤ ਸਿੰਘ ਵਾਸੀ ਸੂਰਘੁਰੀ ਉਰਫ ਚੱਕ ਮੌਜਦੀਨ ਵਾਲਾ ਅਤੇ ਅਕਾਸ਼ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਦਸ਼ਮੇਸ਼ ਨਗਰੀ ਜਲਾਲਾਬਾਦ ਸਮੇਤ 4/5 ਅਣਪਛਾਤੇ ਵਿਅਕਤੀ ਨਾਜਾਇਜ਼ ਅਸਲੇ ਅਤੇ ਮਾਰੂ ਹਥਿਆਰਾਂ ਨਾਲ ਲੈਸ ਹੋ ਕੇ ਡਕੈਤੀ ਅਤੇ ਲੁੱਟਾਂ ਖੋਹ ਕਰਨ ਦੇ ਆਦਿ ਹਨ ਅਤੇ ਅੱਜ ਵੀ ਕਿਸੇ ਸੰਗੀਨ ਉਰਫ ਚੱਕ ਮੌਜਦੀਨ ਵਾਲਾ ਅਤੇ ਅਕਾਸ਼ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਦਸ਼ਮੇਸ਼ ਨਗਰੀ ਜਲਾਲਾਬਾਦ ਸਮੇਤ 4/5 ਅਣਪਛਾਤੇਉਰਫ ਚੱਕ ਮੌਜਦੀਨ ਵਾਲਾ ਅਤੇ ਅਕਾਸ਼ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਦਸ਼ਮੇਸ਼ ਨਗਰੀ ਜਲਾਲਾਬਾਦ ਸਮੇਤ 4/5 ਅਣਪਛਾਤੇਘਟਨਾਂ ਨੂੰ ਅੰਜਾਮ ਦੇਣ ਦੀ ਤਾਂਕ 'ਚ ਬੈਠੇ ਹੋਏ ਹਨ। ਐੱਸ.ਐੱਚ.ਓ ਦਰੋਗਾ ਨੇ ਕਿਹਾ ਕਿ ਇਲਤਾਹ ਠੋਸ ਹੋਣ 'ਤੇ ਪੁਲਸ ਪਾਰਟੀ ਵੱਲੋਂ ਚੱਕ ਖੇੜੇ ਵਾਲਾ ਉਰਫ ਜੈਮਲ ਵਾਲਾ ਦੀ ਦਾਣਾ ਮੰਡੀ 'ਚ ਛਾਪੇਮਾਰੀ ਕਰਕੇ ਗਿਰੋਹ ਦੇ 4 ਮੈਂਬਰਾਂ ਨੂੰ ਕਾਬੂ ਕਰਕੇ ਉਨ੍ਹਾਂ ਦੇ ਪਾਸੋ 2 ਕਾਪੇ ,1 ਕਿਰਪਾਨ ਅਤੇ 1 ਖੰਡਾ ਬਰਾਮਦ ਕੀਤਾ ਗਿਆ ਹੈ। ਐੱਸ.ਐੱਚ.ਓ ਦਰੋਗਾ ਨੇ ਕਿਹਾ ਕਿ ਦੋਸ਼ੀਆਨ ਨੂੰ ਮਾਨਯੋਗ ਅਦਾਲਤ 'ਚ ਪੇਸ਼ ਕਰਕੇ ਰਿਮਾਂਡ ਹਾਸਲ ਕਰਨ ਤੋਂ ਪੁੱਛਗਿੱਛ ਕੀਤੀ ਜਾਵੇਗੀ ਅਤੇ ਕਈ ਹੋਰ ਵੱਡੇ ਖੁਲਾਸੇ ਹੋਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਮਾੜੇ ਅਨਸਰ ਨੂੰ ਬਖ਼ਸ਼ਿਆ ਨਹੀ ਜਾਵੇਗਾ। ਇਸ ਮੌਕੇ ਜਾਂਚ ਅਧਿਕਾਰੀ ਮਹਿੰਦਰ ਸਿੰਘ, ਏ.ਐੱਸ.ਆਈ. ਰਣਜੀਤ ਸਿੰਘ ਤੋਂ ਇਲਾਵਾ ਥਾਣਾ ਦਾ ਸਮੁੱਚਾ ਸਟਾਫ ਵੀ ਮੌਜੂਦ ਸੀ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814
Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਸਕੱਤਰ ਪ੍ਰਤਾਪ ਸਿੰਘ ਦਾ ਕੀਤਾ ਗਿਆ ਤਬਾਦਲਾ ਮਹਿਜ ਪਰਦਾ ਪਾਊ ਕਾਰਵਾਈ : ਗਿਆਨੀ ਹਰਪ੍ਰੀਤ ਸਿੰਘ

## ਬੀਬੀ ਪਰਮਜੀਤ ਕੌਰ ਲਾਂਡਰਾਂ ਵੱਲੋਂ ਇਸ ਸੰਬੰਧੀ ਵਿਰੋਧ ਵਿਚ ਉਠਾਈ ਗਈ ਗੱਲ ਸਲਾਘਾਯੋਗ, ਬਾਕੀ ਮੈਂਬਰਾਂ ਨੂੰ ਵੀ ਸੰਸਥਾ ਦੇ ਗੰਭੀਰ ਮਸਲਿਆਂ 'ਤੇ ਉਸੇ ਹਿੰਮਤ ਨਾਲ ਆਪਣੀ ਚੁੱਪ ਤੋੜਨੀ ਚਾਹੀਦੀਐ

ਕੌਮੀ ਪਤ੍ਰਿਕਾ
ਕ੍ਰਿਸ਼ਨ ਸਿੰਘ ਦੁਸਾਂਝ

ਅੰਮ੍ਰਿਤਸਰ 13 ਫਰਵਰੀ: ਗੁਰਦੁਆਰਾ ਅੰਬ ਸਾਹਿਬ ਦੀ ਜਮੀਨ ਵੇਚਣ ਦੇ ਮਾਮਲੇ ਸੰਬੰਧੀ ਸ੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਸੋਸਲ ਮੀਡੀਆ ਪਲੇਟਫਾਰਮ ਰਾਹੀਂ ਪੋਸਟ ਸਾਂਝੀ ਕਰਦਿਆਂ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕਟ ਜਥੇ. ਹਰਜਿੰਦਰ ਸਿੰਘ ਧਾਮੀ ਵੱਲੋਂ ਸਕੱਤਰ ਪ੍ਰਤਾਪ ਸਿੰਘ ਦਾ ਕੀਤਾ ਗਿਆ ਤਬਾਦਲਾ ਮਹਿਜ ਉਸੇ ਤਰ੍ਹਾਂ ਦੀ ਪਰਦਾ ਪਾਊ ਕਾਰਵਾਈ ਹੈ, ਜੋ ਹੋਰ ਮਸਲਿਆਂ ਵਿੱਚ ਵੀ ਸ੍ਰੋਮਣੀ ਕਮੇਟੀ ਵੱਲੋਂ ਕੀਤੀ ਜਾਂਦੀ ਰਹੀ ਹੈ। ਸਿਰਫ ਤਬਾਦਲਾ ਕਰਨ ਦੀ ਬਜਾਏ ਇਹ ਵੀ ਸਪੱਸਟ ਕੀਤਾ ਜਾਣਾ ਚਾਹੀਦਾ ਹੈ ਕਿ ਸਕੱਤਰ ਦੀ ਇਸ ਮਾਮਲੇ ਵਿੱਚ ਕੀ ਭੂਮਿਕਾ ਰਹੀ ਹੈ ਅਤੇ ਤਬਾਦਲੇ ਦਾ ਫੈਸਲਾ ਕਿਹੜੇ ਆਧਾਰ 'ਤੇ ਲਿਆ ਗਿਆ। ਉਨ੍ਹਾਂ ਕਿਹਾ ਕਿ ਮੋਹਾਲੀ ਤੋਂ ਮੈਂਬਰ ਬੀਬੀ ਪਰਮਜੀਤ ਕੌਰ ਲਾਂਡਰਾਂ ਵੱਲੋਂ ਇਸ ਸੰਬੰਧੀ ਵਿਰੋਧ ਵਿਚ ਉਠਾਈ ਗਈ ਗੱਲ ਸਲਾਘਾਯੋਗ ਹੈ। ਜਿਨ੍ਹਾਂ ਨੇ ਮੈਨੇਜਮੈਂਟ ਵਿੱਚ ਉੱਚ ਅਧਿਕਾਰੀਆਂ ਨੂੰ ਬਚਾਉਣ ਦੇ ਰੁਝਾਨ ਬਾਰੇ ਜੋ ਸਵਾਲ ਖੜ੍ਹੇ ਕੀਤੇ ਹਨ, ਉਹ ਗੰਭੀਰ ਧਿਆਨ ਦੇਣ ਯੋਗ ਹਨ। ਬਾਕੀ ਮੈਂਬਰਾਂ ਨੂੰ ਵੀ ਸੰਸਥਾ ਦੇ ਗੰਭੀਰ ਮਸਲਿਆਂ 'ਤੇ ਉਸੇ ਹਿੰਮਤ ਨਾਲ ਆਪਣੀ ਚੁੱਪ ਤੋੜਨੀ ਚਾਹੀਦੀ ਹੈ। 328 ਪਾਵਨ ਸਰੂਪਾਂ ਵਾਲੇ ਮਾਮਲੇ ਤੋਂ ਲੈਕੇ ਅਜਿਹੇ ਜਿੰਨੇ ਵੀ ਗੰਭੀਰ ਮਾਮਲੇ ਹਨ, ਉਹਨਾਂ ਵਿੱਚ ਸਪੱਸਟ ਕਾਰਵਾਈ ਕਰਨ ਦੀ ਬਜਾਏ ਮਸਲਿਆਂ ਨੂੰ ਕੁਝ ਵਿਅਕਤੀਆਂ ਨੂੰ ਬਚਾਉਣ ਲਈ ਅਧੂਰੀਆਂ ਕਾਰਵਾਈਆਂ ਕੀਤੀਆਂ ਜਾਂਦੀਆਂ ਰਹੀਆਂ ਹਨ, ਜਿਸ ਕਰਕੇ ਸਰਕਾਰ ਦੇ ਦਖਲ ਲਈ ਰਾਹ ਪੱਧਰਾ ਹੁੰਦਾ ਹੈ, ਜਿਹੜਾ ਸਾਡੀਆਂ ਸਿੱਖ ਸੰਸਥਾਵਾਂ ਲਈ ਅਸਿਹ ਹੈ। ਇਥੇ ਵਰਨਣਯੋਗ ਹੈ ਕਿ ਸੋਸਲ ਮੀਡੀਆ ਤੇ ਸਕੱਤਰ ਪ੍ਰਤਾਪ ਸਿੰਘ ਨੂੰ ਹਟਾਏ ਜਾਣ ਦੀ ਗੱਲ ਚੱਲ ਰਹੀ ਹੈ ਜਦ ਕਿ ਇਹ ਪ੍ਰਬੰਧ ਨੂੰ ਮੁੱਖ ਰੱਖਦਿਆਂ ਵਿਭਾਗਾਂ ਦੀਆਂ ਅਦਲੀਆ ਬਦਲੀਆਂ ਹਨ. ਜਿਥੇ ਸਕੱਤਰ ਪ੍ਰਤਾਪ ਸਿੰਘ ਪਾਸੋਂ ਗੁਰਦੁਆਰਾ ਸੈਕਸਨ 85 ਦਾ ਵਿਭਾਗ ਗੁਰਿੰਦਰ ਸਿੰਘ ਮਥਰੇਵਾਲ ਵਧੀਕ ਸਕੱਤਰ ਨੂੰ ਸੌਂਪਿਆ ਗਿਆ ਹੈ ਜੋ ਕਿ ਪਿਛਲੇ ਸਾਲ ਗੁਰਿੰਦਰ ਸਿੰਘ ਮਥਰੇਵਾਲ ਪਾਸ ਪਹਿਲਾਂ ਹੀ ਮੌਜੂਦ ਸੀ. ਗੁਰਿੰਦਰ ਸਿੰਘ ਮਥਰੇਵਾਲ ਜਦੋਂ ਵਿਦੇਸ ਛੁੱਟੀ ਗਏ ਸਨ ਉਸ ਸਮੇਂ ਸਕੱਤਰ ਪ੍ਰਤਾਪ ਸਿੰਘ ਨੂੰ ਗੁਰਦੁਆਰਾ ਸੈਕਸਨ 85 ਦਾ ਵਿਭਾਗ ਵਾਧੂ ਤੌਰ ਤੇ ਸੌਂਪਿਆ ਗਿਆ ਸੀ, ਜਿਸ ਨੂੰ ਹੁਣ ਵਾਪਸ ਲੈ ਕੇ ਵਧੀਕ ਸਕੱਤਰ ਮੱਥਰੇਵਾਲ ਨੂੰ ਅਜਾਦਆਨਾ ਤੌਰ ਤੇ ਪਹਿਲਾਂ ਦੀ ਤਰ੍ਹਾਂ ਸੌਂਪਿਆ ਗਿਆ ਹੈ। ਉਥੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰਬੰਧ ਨੂੰ ਮੁੱਖ ਰੱਖਦਿਆਂ ਕੁਝ ਸਕੱਤਰਾਂ ਦੇ ਵਿਭਾਗਾਂ ਵਿੱਚ ਤਬਦੀਲੀ ਕੀਤੀ ਹੈ। ਇਸ ਦੇ ਨਾਲ ਹੀ ਸ੍ਰੋਮਣੀ ਕਮੇਟੀ ਦੇ ਮੀਤ ਸਕੱਤਰ ਜਸਵਿੰਦਰ ਸਿੰਘ ਜੱਸੀ ਨੂੰ ਧਰਮ ਪ੍ਰਚਾਰ ਕਮੇਟੀ ਵਿਚ ਮੀਤ ਸਕੱਤਰ ਲਗਾਇਆ ਹੈ। ਧਰਮ ਪ੍ਰਚਾਰ ਕਮੇਟੀ ਦੇ ਮੀਤ ਸਕੱਤਰ ਗੁਰਦਿਆਲ ਸਿੰਘ ਨੂੰ ਜਸਵਿੰਦਰ ਸਿੰਘ ਜੱਸੀ ਦੀ ਥਾਂ ਤੇ ਟਰੱਸਟ ਵਿਭਾਗ, ਵਿਦੇਸ ਵਿਭਾਗ ਤੇ ਵਿਦਿਆ ਵਿਭਾਗ ਸੌਂਪਿਆ ਹੈ। ਇਸ ਤਰਾਂ ਗੁਰਦੁਆਰਾ ਸੈਕਸਨ 85 ਅਤੇ ਫਲਾਇੰਗ ਵਿਭਾਗ ਦੇ ਇੰਚਾਰਜਾਂ ਨੂੰ ਆਪਸ ਵਿੱਚ ਤਬਦੀਲ ਕੀਤਾ ਹੈ।



## 'ਪੰਜਾਬ 'ਚ ਨਹੀਂ ਰਹਿਣ ਦਿਆਂਗੇ ਕੋਈ ਪ੍ਰਵਾਸੀ', ਬੇਖੌਫ਼ ਸ਼ੂਟਰਾਂ ਨੇ ਗੋਲੀਆਂ ਚਲਾਉਣ ਮਗਰੋਂ ਜਾਰੀ ਕੀਤੀ ਵੀਡੀਓ

ਮੋਗਾ 13 ਫਰਵਰੀ। ਪੰਜਾਬ ਵਿਚ ਕਾਨੂੰਨ ਵਿਵਸਥਾ ਲਗਾਤਾਰ ਵਿਗੜਦੀ ਜਾ ਰਹੀ ਹੈ। ਅੱਜ ਮੋਗਾ ਦੇ ਜ਼ੀਰਾ ਰੋਡ 'ਤੇ 3 ਬਾਈਕ ਸਵਾਰ ਬਦਮਾਸ਼ਾਂ ਨੇ 2 ਪ੍ਰਵਾਸੀ ਮਜ਼ਦੂਰਾਂ 'ਤੇ ਫ਼ਾਇਰਿੰਗ ਕੀਤੀ ਹੈ। ਇਹ ਦੋਵੇਂ ਮਜ਼ਦੂਰ ਬਿਹਾਰ ਦੇ ਦੱਸੇ ਜਾ ਰਹੇ ਹਨ ਤੇ ਮੋਗਾ ਦੀ ਫੈਕਟਰੀ ਵਿਚ ਕੰਮ ਕਰਦੇ ਹਨ। ਇਸ ਮਗਰੋਂ ਬੇਖੌਫ਼ ਬਦਮਾਸ਼ਾਂ ਨੇ ਸੋਸ਼ਲ ਮੀਡੀਆ 'ਤੇ ਇਸ ਵਾਰਦਾਤ ਦੀ ਵੀਡੀਓ ਸਾਂਝੀ ਕਰਦਿਆਂ ਨਾ ਸਿਰਫ਼ ਇਸ ਦੀ ਜ਼ਿੰਮੇਵਾਰੀ ਲਈ ਹੈ, ਸਗੋਂ ਪ੍ਰਵਾਸੀਆਂ ਤੇ ਉਨ੍ਹਾਂ ਦੀ ਮਦਦ ਕਰਨ ਵਾਲੇ ਸਰਪੰਚਾਂ ਨੂੰ ਵੀ ਸ਼ਰੇਆਮ ਧਮਕੀ ਦੇ ਦਿੱਤੀ ਹੈ। ਹਾਲਾਂਕਿ ਇਹ ਪੋਸਟ ਜਾਂਚ ਦਾ ਵਿਸ਼ਾ ਹੈ ਤੇ 'ਜਗ ਬਾਣੀ' ਇਸ ਦੀ ਪੁਸ਼ਟੀ ਨਹੀਂ ਕਰਦਾ ਪਰ ਇਸ ਪੋਸਟ ਨੇ ਪੰਜਾਬ ਸਰਕਾਰ ਦੀ ਨਾਕਾਮੀ ਇਕ ਵਾਰ ਫ਼?ਰ ਸਾਬਿਤ ਕਰ ਦਿੱਤੀ ਹੈ। ਪੰਜਾਬ ਵਿਚ ਇਸ ਵੇਲੇ ਲੱਖਾਂ ਦੀ ਗਿਣਤੀ ਵਿਚ ਪ੍ਰਵਾਸੀ ਮਜ਼ਦੂਰ ਵਸਦੇ ਹਨ ਅਤੇ ਇਸ ਤਰੀਕੇ ਨਾਲ ਸ਼ਰੇਆਮ ਉਨ੍ਹਾਂ ਨੂੰ ਟਾਰਗੇਟ ਕਰ ਕੇ ਗੋਲੀਆਂ ਮਾਰਨਾ ਪੰਜਾਬ ਸਰਕਾਰ ਦੀ ਲੱਚਰ ਹੁੰਦੀ ਕਾਨੂੰਨ ਵਿਵਸਥਾ ਅਤੇ ਪੰਜਾਬ ਪੁਲਸ ਦੀ ਮੁਸਤੈਦੀ ਤੇ ਵੱਡੇ ਸਵਾਲ ਖੜ੍ਹੇ ਹੋ ਰਹੇ ਹਨ। ਬਦਮਾਸ਼ਾਂ ਨੇ ਸ਼ਰੇਆਮ ਨਾ ਸਿਰਫ਼ ਸੋਸ਼ਲ ਮੀਡੀਆ ਤੇ ਪੋਸਟ ਪਾ ਜ਼ਿੰਮੇਵਾਰੀ ਲਈ ਸਗੋਂ ਇਸ ਪੂਰੀ ਵਾਰਦਾਤ ਦੀ ਸ਼ੂਟਰਾਂ ਵੱਲੋਂ ਸ਼ੂਟ ਕੀਤੀ ਗਈ ਵੀਡੀਓ ਵੀ ਸਾਂਝੀ ਕੀਤੀ ਹੈ ਜਿਸ ਵਿਚ ਵੇਖਿਆ ਜਾ ਸਕਦਾ ਹੈ

# ਪਾਵਨ ਸਰੂਪਾਂ ਦੀ ਛਪਾਈ ਵਿਚ ਗਲਤੀਆਂ ਸਿੱਖ ਆਸਥਾ ਨਾਲ ਖਿਲਵਾੜ : ਮੁੱਛਲ

## ਪਾਵਨ ਸਰੂਪਾਂ ਦੀ ਛਪਾਈ ਵਿਚ ਕਥਿਤ ਗਲਤੀਆਂ ਸੰਬੰਧੀ ਸਤਿਕਾਰ ਕਮੇਟੀ ਨੇ ਜਥੇਦਾਰ ਦੇ ਨਾਮ ਦਿੱਤਾ ਮੰਗ ਪੱਤਰ

ਕ੍ਰਿਸ਼ਨ ਸਿੰਘ ਦੁਸਾਂਝ

ਅੰਮ੍ਰਿਤਸਰ, 13 ਫਰਵਰੀ: ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਵਲੋਂ ਪ੍ਰਧਾਨ ਭਾਈ ਬਲਬੀਰ ਸਿੰਘ ਮੁੱਛਲ ਦੀ ਅਗਵਾਈ ਵਿਚ ਪਾਵਨ ਸਰੂਪਾਂ ਦੀ ਮਰਯਾਦਾ ਅਤੇ ਛਪਾਈ ਵਿਚ ਗਲਤੀਆਂ ਸੰਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਭਾਈ ਬਲਬੀਰ ਸਿੰਘ ਮੁੱਛਲ ਪੱਤਰਕਾਰਾ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਅਧੀਨ ਸ੍ਰੀ ਰਾਮਸਰ ਸਾਹਿਬ ਵਾਲੀ ਪ੍ਰੈਸ ਵਿਚ ਪਾਵਨ ਸਰੂਪਾਂ ਦੀ ਛਪਾਈ ਵਿਚ ਵੱਡੀਆਂ ਕੁਤਾਹੀਆਂ ਹੋ ਰਹੀਆਂ ਹਨ। ਉਨ੍ਹਾਂ ਸੰਬੋਧਨ ਕਰਦਿਆ ਕਿਹਾ ਕਿ ਛਪਾਈ ਦੌਰਾਨ ਪਾਵਨ ਗੁਰਬਾਣੀ ਵਿਚ ਸਿਹਾਰੀ, ਬਿਹਾਰੀ ਅਤੇ ਔਂਕੜ-ਦੁਲੈਂਕੜ ਦੀਆਂ ਕਈ ਗਲਤੀਆਂ ਸਿੱਖ ਆਸਥਾ ਨਾਲ ਖਿਲਵਾੜ ਹਨ। ਉਨ੍ਹਾਂ ਮੰਗ ਕੀਤੀ ਕਿ ਸ੍ਰੀ ਰਾਮਸਰ ਸਾਹਿਬ ਵਾਲੀ ਪ੍ਰੈੱਸ ਦੀ ਛਪਾਈ 'ਤੇ ਤੁਰੰਤ ਪਾਬੰਦੀ ਲਗਾਈ ਜਾਵੇ ਅਤੇ ਇਸ ਮਾਮਲੇ ਦੀ ਜਾਂਚ ਲਈ ਪੰਜ ਮੈਂਬਰੀ ਕਮੇਟੀ ਗਠਿਤ ਕੀਤਾ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਪੁਰਾਤਨ ਜਾਂ ਬਿਰਧ ਸਰੂਪਾਂ ਨੂੰ ਅਗਨ-ਭੇਟ ਕਰਨ ਸਮੇਂ ਕੋਈ ਵੀਡੀਓਗ੍ਰਾਫੀ ਜਾਂ ਪੁਖਤਾ ਸਬੂਤ ਰਿਕਾਰਡ ਲਈ ਨਹੀਂ ਰੱਖਿਆ ਜਾ ਰਿਹਾ। ਸ੍ਰੀ ਦਰਬਾਰ ਸਾਹਿਬ ਦੇ ਤੋਸ਼ਾਖਾਨੇ ਵਿਚ ਮੌਜੂਦ ਪੁਰਾਤਨ ਪਾਵਨ ਸਰੂਪਾਂ ਬਾਰੇ ਵੀ ਜਾਣਕਾਰੀ ਜਨਤਕ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਜੇਕਰ ਜਥੇਦਾਰ ਸਾਹਿਬ ਵਲੋਂ ਇਨ੍ਹਾਂ ਪੰਥਕ ਤੇ ਧਾਰਮਿਕ ਮਾਮਲਿਆਂ ਬਾਰੇ ਜਲਦ ਕੋਈ ਠੋਸ ਫੈਸਲਾ ਨਾ ਲਿਆ ਗਿਆ, ਤਾਂ ਸਤਿਕਾਰ ਕਮੇਟੀ ਸੰਘਰਸ਼ ਲਈ ਮਜ਼ਬੂਰ ਹੋਵੇਗੀ।


**NAME CHANGE**
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**NAME CHANGE**
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.
Shyam Sharma (Adv)

**PUBLIC NOTICE**
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR



**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.



**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DIN-DAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**NAME CHANGE**
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**PUBLIC NOTICE**
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Sumame Kochhar for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**PUBLIC NOTICE**
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.



**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)



## ☛ ਰੇਲਯਾਤਰੀ ਕਿਰਪਾ ਧਿਆਨ ਦੇਣ! ☚

### ਹੋਲੀ ਵਿਸ਼ੇਸ਼ ਰੇਲਗੱਡੀਆਂ-2026 ਦੀ ਸੰਖਿਆ ਵਿਚ ਵਾਧਾ

**ਰੇਲਯਾਤਰੀਆਂ ਦੀ ਸੁਵਿਧਾ ਦੇ ਲਈ ਆਉਂਦੇ ਹੋਲੀ ਤਿਉਹਾਰ ਦੇ ਦੌਰਾਨ ਪਹਿਲਾਂ ਤੋਂ ਐਲਾਨੀਆਂ ਅਨੇਕ ਹੋਲੀ ਵਿਸ਼ੇਸ਼ ਰੇਲਗੱਡੀਆਂ ਦੇ ਇਲਾਵਾ ਉਤਰ ਰੇਲਵੇ ਦੁਆਰਾ ਹੇਠਾਂ ਲਿਖਤ ਹੋਲੀ ਤਿਉਹਾਰ ਵਿਸ਼ੇਸ਼ ਰੇਲਗੱਡੀਆਂ ਦਾ ਵੀ ਸੰਚਾਲਨ ਕੀਤਾ ਜਾਵੇਗਾ, ਜਿਨ੍ਹਾਂ ਦਾ ਵਿਸਤ੍ਰਿਤ ਵੇਰਵਾ ਹੇਠਾਂ ਅਨੁਸਾਰ ਹੈ:**

**04054/04053 ਨਵੀਂ ਦਿੱਲੀ - ਬਰੌਨੀ ਜੰ. - ਨਵੀਂ ਦਿੱਲੀ ਰੀਜ਼ਰਵ ਵਿਸ਼ੇਸ਼ ਰੇਲਗੱਡੀ (ਰੋਜਾਨਾ)** — 30 ਫੇਰੇ

| ਰੇਲਗੱਡੀ ਨੰ. 04054 | | ↓ ਸਟੇਸ਼ਨ ↑ | ਰੇਲਗੱਡੀ ਨੰ. 04053 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 19:50 | ਨਵੀਂ ਦਿੱਲੀ | 03:50 | --- |
| 22:00 | --- | ਬਰੌਨੀ ਜੰ. | --- | 00:45 |

**ਚੱਲਣ ਦੇ ਦਿਨ: 04054 ਨਵੀਂ ਦਿੱਲੀ ਤੋਂ** ਮਿਤੀ 20.02.2026 ਤੋਂ 06.03.2026 (ਰੋਜਾਨਾ) ਅਤੇ **04053 ਬਰੌਨੀ ਜੰ.** ਤੋਂ ਮਿਤੀ 22.02.2026 ਤੋਂ 08.03.2026 (ਰੋਜਾਨਾ) ਤਕ।
**ਸਥਾਨ:** ਸਲੀਪਰ ਅਤੇ ਜਨਰਲ
**ਠਹਿਰਾਓ:** ਗਾਜੀਆਬਾਦ, ਅਲੀਗੜ੍ਹ ਜੰ. ਟੂੰਡਲਾ ਜੰ., ਇਟਾਵਾ ਜੰ., ਕਾਨਪੁਰ ਸੈਂਟ੍ਰਲ, ਓਨਾਵ ਜੰ., ਏਸ਼ਬਾਗ, ਬਾਦਸ਼ਾਹਨਗਰ, ਬਾਰਾਬੰਕੀ ਜੰ., ਗੋਂਡਾ ਜੰਕਸ਼ਨ, ਬਸਤੀ, ਖਲੀਲਾਬਾਦ, ਗੋਰਖਪੁਰ ਜੰ., ਦੇਵਰਿਯਾ ਸਦਰ, ਸੀਵਾਨ ਜੰ., ਛਪਰਾ, ਸੋਨਪੁਰ, ਹਾਜੀਪੁਰ ਜੰਕਸ਼ਨ ਅਤੇ ਸ਼ਾਹਪੁਰ ਪਟੋਰੀ ਸਟੇਸ਼ਨ।

**04060/04059 ਨਵੀਂ ਦਿੱਲੀ - ਸੁਪੌਲ - ਨਵੀਂ ਦਿੱਲੀ ਰੀਜ਼ਰਵ ਵਿਸ਼ੇਸ਼ ਰੇਲਗੱਡੀ (ਰੋਜਾਨਾ)** — 30 ਫੇਰੇ

| ਰੇਲਗੱਡੀ ਨੰ. 04060 | | ↓ ਸਟੇਸ਼ਨ ↑ | ਰੇਲਗੱਡੀ ਨੰ. 04059 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 21:35 | ਨਵੀਂ ਦਿੱਲੀ | 16:10 | --- |
| 04:00 | --- | ਸੁਪੌਲ | --- | 07:00 |

**ਚੱਲਣ ਦੇ ਦਿਨ: 04060 ਨਵੀਂ ਦਿੱਲੀ ਤੋਂ** ਮਿਤੀ 20.02.2026 ਤੋਂ 06.03.2026 (ਰੋਜਾਨਾ) ਅਤੇ **04059 ਸੁਪੌਲ** ਤੋਂ ਮਿਤੀ 22.02.2026 ਤੋਂ 08.03.2026 (ਰੋਜਾਨਾ) ਤਕ।
**ਸਥਾਨ:** ਸਲੀਪਰ ਅਤੇ ਜਨਰਲ
**ਠਹਿਰਾਓ:** ਗਾਜੀਆਬਾਦ, ਅਲੀਗੜ੍ਹ ਜੰ. ਟੂੰਡਲਾ ਜੰ., ਇਟਾਵਾ ਜੰ., ਕਾਨਪੁਰ ਸੈਂਟ੍ਰਲ, ਓਨਾਵ ਜੰ., ਏਸ਼ਬਾਗ, ਬਾਦਸ਼ਾਹਨਗਰ, ਬਾਰਾਬੰਕੀ ਜੰ., ਗੋਂਡਾ ਜੰਕਸ਼ਨ, ਬਸਤੀ, ਖਲੀਲਾਬਾਦ, ਗੋਰਖਪੁਰ ਜੰ., ਦੇਵਰਿਯਾ ਸਦਰ, ਸੀਵਾਨ ਜੰ., ਛਪਰਾ, ਸੋਨਪੁਰ, ਹਾਜੀਪੁਰ ਜੰ. , ਸ਼ਾਹਪੁਰ ਪਟੋਰੀ, ਬਰੌਨੀ ਜੰ., ਬੇਗੂਸਰਾਏ, ਖਗੜਿਯਾ ਜੰ., ਮਾਨਸੀ ਜੰ., ਸਿਮਰੀ ਬਖਿਤਯਾਰਪੁਰ ਅਤੇ ਸਹਰਸਾ ਜੰ. ਸਟੇਸ਼ਨ।

**04066/04065 ਆਨੰਦ ਵਿਹਾਰ (ਟ.)-ਖੋਰਧਾ ਰੋਡ ਜੰ.- ਆਨੰਦ ਵਿਹਾਰ (ਟ.) ਰੀਜ਼ਰਵ ਵਿਸ਼ੇਸ਼ ਰੇਲਗੱਡੀ (ਰੋਜਾਨਾ)** — 10 ਫੇਰੇ

| ਰੇਲਗੱਡੀ ਨੰ. 04066 | | ↓ ਸਟੇਸ਼ਨ ↑ | ਰੇਲਗੱਡੀ ਨੰ. 04065 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 00:30 | ਆਨੰਦ ਵਿਹਾਰ (ਟ.) | 08:15 | --- |
| 12:30 | --- | ਖੋਰਧਾ ਰੋਡ ਜੰ. | --- | 15:30 |

**ਚੱਲਣ ਦੇ ਦਿਨ: 04066 ਆਨੰਦ ਵਿਹਾਰ (ਟ.) ਤੋਂ** ਮਿਤੀ 27.02.2026 ਤੋਂ 03.03.2026 (ਰੋਜਾਨਾ) ਅਤੇ **04065 ਖੋਰਧਾ ਰੋਡ ਜੰ.** ਤੋਂ ਮਿਤੀ 28.02.2026 ਤੋਂ 04.03.2026 (ਰੋਜਾਨਾ) ਤਕ।
**ਸਥਾਨ:** 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ
**ਠਹਿਰਾਓ:** ਗਾਜੀਆਬਾਦ, ਗੋਵਿੰਦਪੁਰੀ, ਸੂਬੇਦਾਰਗੰਜ, ਮਿਰਜਾਪੁਰ, ਪੰਡਿਤ ਦੀਨ ਦਿਆਲ ਉਪਾਧਿਆਏ ਜੰ., ਭਭੂਆ ਰੋਡ, ਸਾਸਾਰਾਮ, ਡੇਹਰੀ ਆਨ ਸੋਨ, ਅਨੁਗ੍ਰਹ ਨਾਰਾਯਨ ਰੋਡ, ਗਯਾ ਜੰ., ਪਹਾੜਪੁਰ, ਕੋਡਰਮਾ, ਹਜਾਰੀਬਾਗ ਰੋਡ, ਪਾਰਸਨਾਥ, ਨੇਤਾਜੀ ਸੁਭਾਸ਼ ਚੰਦਰ ਬੋਸ ਗੋਮੋ, ਚੰਦਰਪੁਰਾ, ਬੋਕਾਰੋ ਸਟੀਲ ਸਿਟੀ, ਪੁਰੂਲਿਯਾਂ ਜੰ., ਬਰਾਭੂਮ, ਚਾਂਡਿੰਲ ਜੰ., ਟਾਟਾਨਗਰ ਜੰ., ਘਾਟਸ਼ਿਲਾ ਹਿਜਲੀ, ਬਾਲੇਸ਼ਵਰ, ਭਦ੍ਰਕ, ਜਾਜਪੁਰ ਕੇਂਨਦਰੂ ਰੋਡ, ਕਟਕ ਅਤੇ ਭੁਵਨੇਸ਼ਵਰ ਸਟੇਸ਼ਨ।

**04070/04069 ਆਨੰਦ ਵਿਹਾਰ (ਟ.)-ਸ਼ੇਖਪੁਰਾ- ਆਨੰਦ ਵਿਹਾਰ (ਟ.) ਰੀਜ਼ਰਵ ਵਿਸ਼ੇਸ਼ ਰੇਲਗੱਡੀ (ਦ੍ਵਿ-ਸਪਤਾਹਿਕ)** — 10 ਫੇਰੇ

| ਰੇਲਗੱਡੀ ਨੰ. 04070 | | ↓ ਸਟੇਸ਼ਨ ↑ | ਰੇਲਗੱਡੀ ਨੰ. 04069 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 00:20 | ਆਨੰਦ ਵਿਹਾਰ (ਟ.) | 19:00 | --- |
| 20:30 | --- | ਸ਼ੇਖਪੁਰਾ | --- | 22:30 |

**ਚੱਲਣ ਦੇ ਦਿਨ: 04070 ਆਨੰਦ ਵਿਹਾਰ (ਟ.) ਤੋਂ** ਅਤੇ **04069 ਸ਼ੇਖਪੁਰਾ ਤੋਂ** ਮਿਤੀ 20.02.2026 ਤੋਂ 06.03.2026 (ਹਰੇਕ ਸ਼ੁਕਰਵਾਰ ਅਤੇ ਮੰਗਲਵਾਰ) ਤਕ।
**ਸਥਾਨ:** ਫਸਟ ਏਸੀ., 2 ਟੀਯਰ ਏਸੀ., 3 ਟੀਯਰ ਏਸੀ.
**ਠਹਿਰਾਓ:** ਗੋਵਿੰਦਪੁਰੀ, ਪ੍ਰਯਾਗਰਾਜ ਜੰ., ਪੰ. ਦੀਨ ਦਿਆਲ ਉਪਾਧਿਆਏ ਜੰ. ਬਕਸਰ, ਆਰਾ, ਦਾਨਾਪੁਰ, ਪਟਨਾ ਜੰ., ਰਾਜੇਂਦਰਨਗਰ ਟਰਮੀਨਲ, ਬਖਤਿਯਾਰਪੁਰ ਜੰ., ਬਿਹਾਰ ਸ਼ਰੀਫ ਜੰ. ਅਸਥਾਵਾਂ ਅਤੇ ਬਰਬੀਘਾ ਸਟੇਸ਼ਨ।

**04081/04082 ਨਵੀਂ ਦਿੱਲੀ - ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ - ਨਵੀਂ ਦਿੱਲੀ ਰੀਜ਼ਰਵ ਵਿਸ਼ੇਸ਼ ਰੇਲਗੱਡੀ (ਰੋਜਾਨਾ)** — 32 ਫੇਰੇ

| ਰੇਲਗੱਡੀ ਨੰ. 04081 | | ↓ ਸਟੇਸ਼ਨ ↑ | ਰੇਲਗੱਡੀ ਨੰ. 04082 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 23:45 | ਨਵੀਂ ਦਿੱਲੀ | 10:00 | --- |
| 12:00 | --- | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | --- | 21:20 |

**ਚੱਲਣ ਦੇ ਦਿਨ: 04081 ਨਵੀਂ ਦਿੱਲੀ ਤੋਂ** ਮਿਤੀ 21.02.2026 ਤੋਂ 08.03.2026 (ਰੋਜਾਨਾ) ਅਤੇ **04082 ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ** ਤੋਂ ਮਿਤੀ 22.02.2026 ਤੋਂ 09.03.2026 (ਰੋਜਾਨਾ) ਤਕ।
**ਸਥਾਨ:** 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ
**ਠਹਿਰਾਓ:** ਪਾਨੀਪਤ, ਕੁਰੂਕਸ਼ੇਤਰ ਜੰ., ਅੰਬਾਲਾ ਕੈਂਟ, ਲੁਧਿਆਣਾ ਜੰ., ਜਲੰਧਰ ਕੈਂਟ, ਪਠਾਨਕੋਟ ਕੈਂਟ, ਜੰਮੂ ਤਵੀ ਅਤੇ ਸ਼ਹੀਦ ਕੈਪਟਨ ਤੁਸ਼ਾਰ ਮਹਾਜਨ ਸਟੇਸ਼ਨ।

**04010/04009 ਦਿੱਲੀ ਜੰ.- ਸੀਤਾਮੜ੍ਹੀ - ਦਿੱਲੀ ਜੰ. ਰੀਜ਼ਰਵ ਵਿਸ਼ੇਸ਼ ਰੇਲਗੱਡੀ (ਸਪਤਾਹਿਕ)** — 04 ਫੇਰੇ

| ਰੇਲਗੱਡੀ ਨੰ. 04010 | | ↓ ਸਟੇਸ਼ਨ ↑ | ਰੇਲਗੱਡੀ ਨੰ. 04009 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 23:05 | ਦਿੱਲੀ ਜੰ. | 23:20 | --- |
| 22:30 | --- | ਸੀਤਾਮੜ੍ਹੀ | --- | 23:55 |

**ਚੱਲਣ ਦੇ ਦਿਨ: 04010 ਦਿੱਲੀ ਜੰ. ਤੋਂ** ਮਿਤੀ 26.02.2026 ਅਤੇ 05.03.2026 (ਵੀਰਵਾਰ) ਅਤੇ **04009 ਸੀਤਾਮੜ੍ਹੀ** ਤੋਂ ਮਿਤੀ 27.02.2026 ਤੋਂ 06.03.2026 (ਸ਼ੁਕਰਵਾਰ) ਨੂੰ।
**ਸਥਾਨ:** ਫਸਟ ਏਸੀ., 2 ਟੀਯਰ ਏਸੀ., 3 ਟੀਯਰ ਏਸੀ., 3 ਟੀਯਰ ਏਸੀ., ਇਕੋਨਾਮੀ, ਸਲੀਪਰ ਅਤੇ ਜਨਰਲ
**ਠਹਿਰਾਓ:** ਗਾਜੀਆਬਾਦ, ਹਾਪੁੜ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਸੀਤਾਪੁਰ, ਗੋਂਡਾ ਜੰ., ਗੋਰਖਪੁਰ, ਬਗਹਾ, ਨਰਕਟਿਯਾਗੰਜ ਜੰ., ਸਿਕਟਾ, ਰਕਸੌਲ ਜੰ. ਅਤੇ ਬੈਰਗਨਿਯਾ ਸਟੇਸ਼ਨ।

**04014/04013 ਆਨੰਦ ਵਿਹਾਰ (ਟ.)-ਲੌਕਹਾ ਬਾਜਾਰ- ਆਨੰਦ ਵਿਹਾਰ (ਟ.) ਰੀਜ਼ਰਵ ਵਿਸ਼ੇਸ਼ ਰੇਲਗੱਡੀ (ਰੋਜਾਨਾ)** — 16 ਫੇਰੇ

| ਰੇਲਗੱਡੀ ਨੰ. 04014 | | ↓ ਸਟੇਸ਼ਨ ↑ | ਰੇਲਗੱਡੀ ਨੰ. 04013 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 15:40 | ਆਨੰਦ ਵਿਹਾਰ (ਟ.) | 03:40 | --- |
| 20:15 | --- | ਲੌਕਹਾ ਬਾਜਾਰ | --- | 21:30 |

**ਚੱਲਣ ਦੇ ਦਿਨ: 04014 ਆਨੰਦ ਵਿਹਾਰ (ਟ.) ਤੋਂ** ਮਿਤੀ 27.02.2026 ਤੋਂ 06.03.2026 (ਰੋਜਾਨਾ) ਅਤੇ **04013 ਲੌਕਹਾ ਬਾਜਾਰ** ਤੋਂ ਮਿਤੀ 28.02.2026 ਤੋਂ 07.03.2026 (ਰੋਜਾਨਾ) ਤਕ।
**ਸਥਾਨ:** 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ
**ਠਹਿਰਾਓ:** ਗਾਜੀਆਬਾਦ, ਮੁਰਾਦਾਬਾਦ, ਬਰੇਲੀ, ਲਖਨਊ, ਗੋਂਡਾ ਜੰ., ਗੋਰਖਪੁਰ ਜੰ., ਕਪਤਾਨਗੰਜ ਜੰ., ਸਿਸਵਾ ਬਾਜਾਰ, ਬਗਹਾ, ਹਰਿਨਗਰ, ਨਰਕਟਿਯਾਗੰਜ ਜੰ., ਸਿਕਟਾ, ਰਕਸੌਲ ਜੰ., ਬੈਰਗਨਿਯਾ, ਸੀਤਾਮੜ੍ਹੀ ਸ਼ੀਸ਼ੇ, ਸਕਰੀ ਜੰ. ਅਤੇ ਝੰਝਾਰਪੁਰ ਜੰ. ਸਟੇਸ਼ਨ।

**04022/04021 ਗੋਰਖਪੁਰ - ਨਵੀਂ ਦਿੱਲੀ ਰੀਜ਼ਰਵ ਵਿਸ਼ੇਸ਼ ਰੇਲਗੱਡੀ (ਸਪਤਾਹਿਕ)** — 06 ਫੇਰੇ

| ਰੇਲਗੱਡੀ ਨੰ. 04022 | | ↓ ਸਟੇਸ਼ਨ ↑ | ਰੇਲਗੱਡੀ ਨੰ. 04021 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 14:00 | ਨਵੀਂ ਦਿੱਲੀ | 23:10 | --- |
| 05:00 | --- | ਗੋਰਖਪੁਰ | --- | 07:00 |

**ਚੱਲਣ ਦੇ ਦਿਨ: 04022 ਨਵੀਂ ਦਿੱਲੀ ਤੋਂ** ਮਿਤੀ 20.02.2026 ਤੋਂ 06.03.2026 (ਸ਼ੁਕਰਵਾਰ) ਅਤੇ **04021 ਗੋਰਖਪੁਰ** ਤੋਂ ਮਿਤੀ 21.02.2026 ਤੋਂ 07.03.2026 (ਸ਼ਨੀਵਾਰ) ਤਕ।
**ਸਥਾਨ:** ਫਸਟ ਏਸੀ., 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ
**ਠਹਿਰਾਓ:** ਗਾਜੀਆਬਾਦ, ਹਾਪੁੜ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਹਰਦੋਈ, ਲਖਨਊ, ਗੋਂਡਾ ਜੰ. ਅਤੇ ਬਸਤੀ ਸਟੇਸ਼ਨ।

**04203/04204 ਲਖਨਊ - ਨਵੀਂ ਦਿੱਲੀ - ਲਖਨਊ ਰੀਜ਼ਰਵ ਵਿਸ਼ੇਸ਼ ਰੇਲਗੱਡੀ (ਸਪਤਾਹਿਕ)** — 04 ਫੇਰੇ

| ਰੇਲਗੱਡੀ ਨੰ. 04203 | | ↓ ਸਟੇਸ਼ਨ ↑ | ਰੇਲਗੱਡੀ ਨੰ. 04204 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 08:05 | ਲਖਨਊ | 06:35 | --- |
| 18:30 | --- | ਨਵੀਂ ਦਿੱਲੀ | --- | 20:20 |

**ਚੱਲਣ ਦੇ ਦਿਨ: 04203 ਲਖਨਊ ਤੋਂ ਅਤੇ** ਮਿਤੀ **04204 ਨਵੀਂ ਦਿੱਲੀ** ਤੋਂ ਮਿਤੀ 23.02.2026 ਤੋਂ 02.03.2026 (ਸੋਮਵਾਰ) ਨੂੰ।
**ਸਥਾਨ:** ਫਸਟ ਏਸੀ., 2 ਟੀਯਰ ਏਸੀ., ਸਲੀਪਰ ਅਤੇ ਜਨਰਲ
**ਠਹਿਰਾਓ:** ਸ਼ਾਹਜਹਾਂਪੁਰ, ਬਰੇਲੀ, ਮੁਰਾਦਾਬਾਦ ਅਤੇ ਗਾਜੀਆਬਾਦ ਸਟੇਸ਼ਨ।

**04209/04210 ਵਾਰਾਨਸੀ - ਦਿੱਲੀ ਜੰ. - ਵਾਰਾਨਸੀ ਰੀਜ਼ਰਵ ਵਿਸ਼ੇਸ਼ ਰੇਲਗੱਡੀ (ਰੋਜਾਨਾ)** — 22 ਫੇਰੇ

| ਰੇਲਗੱਡੀ ਨੰ. 04209 | | ↓ ਸਟੇਸ਼ਨ ↑ | ਰੇਲਗੱਡੀ ਨੰ. 04210 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 22:30 | ਵਾਰਾਨਸੀ | 09:40 | --- |
| 13:30 | --- | ਦਿੱਲੀ ਜੰ. | --- | 19:25 |

**ਚੱਲਣ ਦੇ ਦਿਨ: 04209 ਵਾਰਾਨਸੀ ਤੋਂ ਅਤੇ** ਮਿਤੀ 24.02.2026 ਤੋਂ 06.03.2026 (ਰੋਜਾਨਾ) ਅਤੇ **04210 ਦਿੱਲੀ ਜੰ.** ਤੋਂ ਮਿਤੀ 25.02.2026 ਤੋਂ 07.03.2026 (ਰੋਜਾਨਾ) ਤਕ।
**ਸਥਾਨ:** 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ
**ਠਹਿਰਾਓ:** ਮਾਂ ਬੇਲਹਾ ਦੇਵੀ ਧਾਮ, ਪ੍ਰਤਾਪਗੜ੍ਹ, ਰਾਯਬਰੇਲੀ ਜੰ., ਲਖਨਊ, ਮੁਰਾਦਾਬਾਦ ਅਤੇ ਗਾਜੀਆਬਾਦ ਸਟੇਸ਼ਨ।

**04213/04214 ਅਯੁਧਿਆ ਕੈਂਟ - ਆਨੰਦ ਵਿਹਾਰ (ਟ.) - ਅਯੁਧਿਆ ਕੈਂਟ ਰੀਜ਼ਰਵ ਵਿਸ਼ੇਸ਼ ਰੇਲਗੱਡੀ** — 10 ਫੇਰੇ

| ਰੇਲਗੱਡੀ ਨੰ. 04213 | | ↓ ਸਟੇਸ਼ਨ ↑ | ਰੇਲਗੱਡੀ ਨੰ. 04214 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 18:20 | ਅਯੁਧਿਆ ਕੈਂਟ | 22:00 | --- |
| 06:00 | --- | ਆਨੰਦ ਵਿਹਾਰ (ਟ.) | --- | 09:00 |

**ਚੱਲਣ ਦੇ ਦਿਨ: 04213 ਅਯੁਧਿਆ ਕੈਂਟ ਤੋਂ** ਮਿਤੀ 24.02.2026 ਤੋਂ 26.02.2026, 01.03.2026, 03.03.2026 ਅਤੇ 05.03.2026 ਅਤੇ **04214 ਆਨੰਦ ਵਿਹਾਰ (ਟ.)** ਤੋਂ ਮਿਤੀ 25.02.2026, 27.02.2026, 02.03.2026, 04.03.2026 ਅਤੇ 06.03.2026 ਨੂੰ।
**ਸਥਾਨ:** 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ
**ਠਹਿਰਾਓ:** ਬਾਰਾਬੰਕੀ, ਲਖਨਊ, ਬਰੇਲੀ, ਮੁਰਾਦਾਬਾਦ ਅਤੇ ਗਾਜੀਆਬਾਦ ਸਟੇਸ਼ਨ।

**04227/04228 ਵਾਰਾਨਸੀ - ਚੰਡੀਗੜ੍ਹ - ਵਾਰਾਨਸੀ ਰੀਜ਼ਰਵ ਸੁਪਰਫਾਸਟ ਵਿਸ਼ੇਸ਼ ਰੇਲਗੱਡੀ (ਸਪਤਾਹਿਕ)** — 04 ਫੇਰੇ

| ਰੇਲਗੱਡੀ ਨੰ. 04227 | | ↓ ਸਟੇਸ਼ਨ ↑ | ਰੇਲਗੱਡੀ ਨੰ. 04228 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 14:50 | ਵਾਰਾਨਸੀ | 01:20 | --- |
| 07:45 | --- | ਚੰਡੀਗੜ੍ਹ | --- | 09:30 |

**ਚੱਲਣ ਦੇ ਦਿਨ: 04227 ਵਾਰਾਨਸੀ** ਤੋਂ ਮਿਤੀ 21.02.2026 ਅਤੇ 28.02.2026 (ਸ਼ਨੀਵਾਰ) ਅਤੇ **04228 ਚੰਡੀਗੜ੍ਹ** ਤੋਂ ਮਿਤੀ 22.02.2026 ਅਤੇ 01.03.2026 (ਐਤਵਾਰ) ਨੂੰ।
**ਸਥਾਨ:** ਫਸਟ ਏਸੀ., 2 ਟੀਯਰ ਏਸੀ., 3 ਟੀਯਰ ਏਸੀ., 3 ਟੀਯਰ ਏਸੀ., ਇਕੋਨਾਮੀ ਸਲੀਪਰ ਅਤੇ ਜਨਰਲ
**ਠਹਿਰਾਓ:** ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ., ਰਾਯਬਰੇਲੀ ਜੰ., ਲਖਨਊ, ਬਰੇਲੀ, ਮੁਰਾਦਾਬਾਦ, ਸਹਾਰਨਪੁਰ, ਯਮੁਨਾਨਗਰ ਜਗਾਧਰੀ ਅਤੇ ਅੰਬਾਲਾ ਕੈਂਟ ਸਟੇਸ਼ਨ।

**04604/04603 ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ - ਵਾਰਾਨਸੀ - ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਰੀਜ਼ਰਵ ਵਿਸ਼ੇਸ਼ ਰੇਲਗੱਡੀ** — 08 ਫੇਰੇ

| ਰੇਲਗੱਡੀ ਨੰ. 04604 | | ↓ ਸਟੇਸ਼ਨ ↑ | ਰੇਲਗੱਡੀ ਨੰ. 04603 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 18:15 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 06:00 | --- |
| 19:00 | --- | ਵਾਰਾਨਸੀ | --- | 05:00 |

**ਚੱਲਣ ਦੇ ਦਿਨ: 04604 ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਤੋਂ** ਮਿਤੀ 22.02.2026, 26.02.2026, 02.03.2026 ਅਤੇ 06.03.2026 ਅਤੇ **04603 ਵਾਰਾਨਸੀ** ਤੋਂ ਮਿਤੀ 24.02.2026, 28.02.2026, 04.03.2026 ਅਤੇ 08.03.2026 ਨੂੰ।
**ਸਥਾਨ:** 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ
**ਠਹਿਰਾਓ:** ਸ਼ਹੀਦ ਕੈਪਟਨ ਤੁਸ਼ਾਰ ਮਹਾਜਨ, ਜੰਮੂ ਤਵੀ, ਪਠਾਨਕੋਟ ਕੈਂਟ, ਜਲੰਧਰ ਕੈਂਟ, ਲੁਧਿਆਣਾ, ਅੰਬਾਲਾ ਕੈਂਟ, ਸਹਾਰਨਪੁਰ, ਮੁਰਾਦਾਬਾਦ, ਬਰੇਲੀ, ਲਖਨਊ, ਰਾਯਬਰੇਲੀ ਜੰਕਸ਼ਨ ਅਤੇ ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਸਟੇਸ਼ਨ।

**04514/04513 ਚੰਡੀਗੜ੍ਹ - ਗੋਰਖਪੁਰ - ਚੰਡੀਗੜ੍ਹ ਰੀਜ਼ਰਵ ਸੁਪਰਫਾਸਟ ਵਿਸ਼ੇਸ਼ ਰੇਲਗੱਡੀ (ਸਪਤਾਹਿਕ)** — 04 ਫੇਰੇ

| ਰੇਲਗੱਡੀ ਨੰ. 04514 | | ↓ ਸਟੇਸ਼ਨ ↑ | ਰੇਲਗੱਡੀ ਨੰ. 04513 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 23:35 | ਚੰਡੀਗੜ੍ਹ | 14:10 | --- |
| 17:35 | --- | ਗੋਰਖਪੁਰ | --- | 22:05 |

**ਚੱਲਣ ਦੇ ਦਿਨ: 04514 ਚੰਡੀਗੜ੍ਹ ਤੋਂ** ਮਿਤੀ 26.02.2026, ਅਤੇ 05.03.2026 (ਵੀਰਵਾਰ) ਅਤੇ **04513 ਗੋਰਖਪੁਰ** ਤੋਂ ਮਿਤੀ 27.02.2026 ਅਤੇ 06.03.2026 (ਸ਼ੁਕਰਵਾਰ) ਨੂੰ।
ਸਥਾਨ: ਫਸਟ ਏਸੀ., 2 ਟੀਯਰ ਏਸੀ., 3 ਟੀਯਰ ਏਸੀ., 3 ਟੀਯਰ ਏਸੀ., ਇਕੋਨਾਮੀ ਸਲੀਪਰ ਅਤੇ ਜਨਰਲ
**ਠਹਿਰਾਓ:** ਅੰਬਾਲਾ ਕੈਂਟ, ਸਹਾਰਨਪੁਰ, ਮੁਰਾਦਾਬਾਦ, ਬਰੇਲੀ, ਲਖਨਊ, ਬਾਰਾਬੰਕੀ, ਗੋਂਡਾ ਅਤੇ ਬਸਤੀ ਸਟੇਸ਼ਨ।

**ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੇ ਵੀ ਹੋਰ ਸੂਚਨਾ ਅਤੇ ਵਿਸਤ੍ਰਿਤ ਸਮੇਂ-ਸਾਰਣੀ ਦੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ.139 'ਤੇ ਸੰਪਰਕ ਕਰਨ ਜਾਂ ਰੇਲਵੇ ਦੀ ਵੈਬਸਾਈਟ https://enquiry.indianrail.gov.in ਜਾਂ NTES App ਵੇਖਣ।**

489/26

'ਤੇ ਸਾਨੂੰ ਫਾਲੋ ਕਰੋ

**ਉੱਤਰ ਰੇਲਵੇ**
ਤੁਹਾਡੀ ਸੁਵਿਧਾ - ਸਾਡਾ ਲਕਸ਼
ਸਾਨੂੰ www.nr.indianrailways.gov.in 'ਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਜ਼ਮੀਨ ਜਾਇਦਾਦ



## ਬਿਜ਼ਨਸ ਲਾਗਤ ਘੱਟ ਆਮਦਨ ਵਧੇਰੇ

**ਪੈਸਾ ਜ਼ਿੰਦਗੀ ਲਈ ਸਭ ਤੋਂ ਮਹੱਤਵਪੂਰਨ ਚੀਜ਼ ਹੈ। ਹਰ ਵਿਅਕਤੀ ਆਪਣੇ ਜੀਵਨ 'ਚ ਪੈਸਾ ਕਮਾਉਣਾ ਚਾਹੁੰਦਾ ਹੈ। ਜਦੋਂ ਕੋਈ ਵੀ ਆਪਣਾ ਨਵਾਂ ਬਿਜ਼ਨਸ ਸ਼ੁਰੂ ਕਰਦਾ ਹੈ ਤਾਂ ਜ਼ਰੂਰਤ ਹੁੰਦੀ ਹੈ ਚੰਗੀ ਪਲਾਨਿੰਗ ਅਤੇ ਰਕਮ ਦੀ...**



ਲੋਕਾਂ ਦਾ ਮੰਨਣਾ ਹੈ ਕਿ ਨੌਕਰੀ ਨਾਲੋਂ ਜ਼ਿਆਦਾ ਵਧੀਆ ਹੈ ਬਿਜ਼ਨਸ ਕਰਨਾ। ਹਰ ਕਿਸੇ ਦੀ ਇੱਛਾ ਹੁੰਦੀ ਹੈ ਕਿ ਉਹ ਬਿਜ਼ਨਸ ਕਰੇ ਅਤੇ ਇਸ ਲਈ ਤੁਸੀਂ ਕੋਸ਼ਿਸ਼ ਕਰਦੇ ਹੋ ਪਰ ਕਈ ਵਾਰ ਪੈਸਿਆਂ ਦੀ ਕਮੀ ਕਾਰਨ ਤੁਸੀਂ ਆਪਣਾ ਬਿਜ਼ਨਸ ਸ਼ੁਰੂ ਨਹੀਂ ਕਰ ਪਾਉਂਦੇ ਅਤੇ ਨਿਰਾਸ਼ ਹੋ ਜਾਂਦੇ ਹੋ ਤਾਂ ਪੈਸਿਆਂ ਦੀ ਵਜ੍ਹਾ ਨਾਲ ਤੁਹਾਨੂੰ ਨਿਰਾਸ਼ ਹੋਣ ਦੀ ਲੋੜ ਨਹੀਂ ਹੈ। ਜਿਸ ਤਰ੍ਹਾਂ ਵੱਡੇ ਸੁਪਨੇ ਦੇਖਣ ਲਈ ਪਹਿਲਾਂ ਛੋਟੇ-ਛੋਟੇ ਸੁਪਨਿਆਂ ਨੂੰ ਪੂਰਾ ਕਰਨਾ ਹੁੰਦੀ ਹੈ, ਠੀਕ ਉਸੇ ਤਰ੍ਹਾਂ ਹੀ ਇਕ ਵੱਡਾ ਬਿਜ਼ਨਸ ਸਟੈਂਡ ਕਰਨ ਲਈ ਇਕ ਛੋਟੇ ਬਿਜ਼ਨਸ ਤੋਂ ਸ਼ੁਰੂਆਤ ਕਰਨੀ ਚਾਹੀਦੀ ਹੈ। ਅਸੀਂ ਤੁਹਾਨੂੰ ਅਜਿਹੇ ਬਿਜ਼ਨਸ ਬਾਰੇ ਦੱਸ ਰਹੇ ਹਾਂ, ਜਿਨ੍ਹਾਂ ਨੂੰ ਘੱਟ ਲਾਗਤ ਨਾਲ ਸ਼ੁਰੂ ਕਰ ਕੇ ਤੁਸੀਂ ਚੰਗਾ ਲਾਭ ਕਮਾ ਸਕਦੇ ਹੋ....



### ਪ੍ਰਿੰਟਰ ਅਤੇ ਫੋਟੋ ਕਾਪੀ

ਇਹ ਇਕ ਅਜਿਹਾ ਬਿਜ਼ਨਸ ਹੈ ਜਿਸ ਦੀ ਸ਼ੁਰੂਆਤ ਤੁਸੀਂ ਆਸਾਨੀ ਨਾਲ ਘੱਟ ਲਾਗਤ ਨਾਲ ਕਰ ਸਕਦੇ ਹੋ। ਪ੍ਰਿੰਟਰ ਅਤੇ ਫੋਟੋ ਕਾਪੀ ਦੀ ਮੰਗ ਬਾਜ਼ਾਰ 'ਚ ਜ਼ਿਆਦਾ ਹੁੰਦੀ ਹੈ। ਇਸ ਬਿਜ਼ਨਸ ਦੀ ਸਭ ਤੋਂ ਖ਼ਾਸ ਗੱਲ ਇਹ ਹੈ ਕਿ ਇਸ ਦਾ ਕੋਈ ਖ਼ਾਸ ਸੀਜ਼ਨ ਨਹੀਂ ਹੁੰਦਾ ਤੇ ਇਹ ਪੂਰੇ 12 ਮਹੀਨੇ ਚਲਦਾ ਰਹਿੰਦਾ ਹੈ।

### ਗ੍ਰੀਟਿੰਗ ਕਾਰਡ

ਅੱਜਕੱਲ੍ਹ ਲੋਕ ਆਨਲਾਈਨ ਸ਼ਾਪਿੰਗ 'ਚ ਜ਼ਿਆਦਾ ਦਿਲਚਸਪੀ ਲੈ ਰਹੇ ਹਨ। ਡਿਜ਼ੀਟਲ ਦੁਨੀਆ 'ਚ ਆਨਲਾਈਨ ਗ੍ਰੀਟਿੰਗ ਕਾਰਡ ਦਾ ਬਾਜ਼ਾਰ ਤੇਜ਼ੀ ਨਾਲ ਵਧਿਆ ਹੈ ਪਰ ਦੱਸ ਦੇਈਏ ਕਿ ਕਈ ਅਜਿਹੇ ਤਿਓਹਾਰ ਹਨ, ਜਿਸ 'ਚ ਹੱਥ ਨਾਲ ਬਣੇ ਹੋਏ ਕਾਰਡਾਂ ਦੀ ਮੰਗ ਵੱਧ ਗਈ ਹੈ। ਜੇ ਤੁਸੀਂ ਕ੍ਰੀਏਟਿਵ ਹੋ ਤਾਂ ਇਕੱਲੇ ਵੀ ਇਸ ਬਿਜ਼ਨਸ ਨੂੰ ਸ਼ੁਰੂ ਕਰ ਸਕਦੇ ਹੋ ਜਾਂ ਕਿਸੇ ਐੱਨ.ਜੀ.ਓ ਦੀ ਮਦਦ ਲੈ ਸਕਦੇ ਹੋ। ਐੱਨ.ਜੀ.ਓ ਤੋਂ ਮਦਦ ਲੈਣ 'ਤੇ ਇਸ ਦੀ ਵਿਕਰੀ ਵੀ ਜ਼ਿਆਦਾ ਚੰਗੀ ਰਹਿੰਦੀ ਹੈ।

### ਮਿਨਰਲ ਵਾਟਰ ਸਪਲਾਇਰ

ਪਾਣੀ ਲੋਕਾਂ ਦੀ ਸਭ ਤੋਂ ਵੱਡੀ ਜ਼ਰੂਰਤ ਹੁੰਦੀ ਹੈ। ਖ਼ਾਸਤੌਰ 'ਤੇ ਗਰਮੀਆਂ ਦੇ ਮੌਸਮ 'ਚ ਇਸ ਬਿਜ਼ਨਸ ਨਾਲ ਕਾਫ਼ੀ ਜ਼ਿਆਦਾ ਕਮਾਈ ਕੀਤੀ ਜਾ ਸਕਦੀ ਹੈ। ਇਸ ਦੀ ਸ਼ੁਰੂਆਤ 10,000 ਰੁਪਏ ਤੋਂ ਸ਼ੁਰੂ ਹੋ ਸਕਦੀ ਹੈ। ਇੰਨਾ ਹੀ ਨਹੀਂ ਇਹ ਕਦੇ ਨਾ ਬੰਦ ਹੋਣ ਵਾਲਾ ਬਿਜ਼ਨਸ ਹੈ।

### ਰੈਂਟਲ ਸਰਵਿਸ ਬਿਜ਼ਨਸ

ਇਹ ਬਿਜ਼ਨਸ ਤੁਹਾਡੇ ਲਈ ਸਸਤਾ, ਵਧੀਆ ਅਤੇ ਟਿਕਾਊ ਹੈ। ਇਸ ਲਈ ਨਾ ਤਾਂ ਜ਼ਿਆਦਾ ਪੈਸੇ ਲਗਦੇ ਹਨ ਅਤੇ ਨਾ ਹੀ ਮਿਹਨਤ ਕਰਨ ਦੀ ਕੋਈ ਗੁੰਜਾਇਸ਼ ਹੁੰਦੀ ਹੈ। ਜੇ ਤੁਹਾਡੇ ਕੋਲ ਜਾਂ ਫਿਰ ਤੁਹਾਡੇ ਸ਼ਹਿਰ 'ਚ ਕੋਈ ਘਰ, ਖ਼ਾਲੀ ਕਮਰਾ ਹੈ ਜਾਂ ਕੋਈ ਦੁਕਾਨ ਹੈ ਤਾਂ ਤੁਸੀਂ ਉਸ ਨੂੰ ਕਿਰਾਏ 'ਤੇ ਦੇ ਕੇ ਜਾਂ ਕਿਸੇ ਨੂੰ ਦਿਵਾ ਕੇ ਵਧੀਆ ਬਿਜ਼ਨਸ ਕਰ ਸਕਦੇ ਹੋ।

### ਸੈਕਿੰਡ ਹੈਂਡ ਸਮਾਨ ਸੇਲ

ਅਸੀਂ ਤੁਹਾਨੂੰ ਦੱਸ ਦੇਈਏ ਕਿ ਬਹੁਤ ਸਾਰੇ ਅਜਿਹੇ ਲੋਕ ਹੁਨ ਜਿਨ੍ਹਾਂ ਨੂੰ ਸੈਕਿੰਡ ਹੈਂਡ ਸਮਾਨ ਖ਼ਰੀਦਣਾ ਪਸੰਦ ਹੈ। ਇਹ ਸਮਾਨ ਇੰਨੇ ਘੱਟ ਮੁੱਲ ਦੇ ਹੁੰਦੇ ਹਨ ਕਿ ਲੋਕਾਂ ਦੇ ਬਜਟ 'ਚ ਆਸਾਨੀ ਨਾਲ ਆ ਜਾਂਦੇ ਹਨ। ਇਸ ਲਈ ਤੁਹਾਨੂੰ ਰੇਡੀਮੇਡ ਗਾਰਮੈਂਟ ਦੀਆਂ ਫੈਕਟਰੀਆਂ ਨਾਲ ਗੱਲ ਕਰਨੀ ਹੈ ਜੋ ਘੱਟ ਮੁੱਲ 'ਚ ਆਪਣੇ ਰਿਜੈਕਟਿਡ ਸਮਾਨ ਨੂੰ ਵੇਚ ਦਿੰਦੇ ਹਨ। ਇਸ ਤਰ੍ਹਾਂ ਤੁਸੀਂ ਘੱਟ ਕੀਮਤ 'ਤੇ ਵਧ ਲਾਭ ਕਮਾ ਸਕਦੇ ਹੋ।

### ਲਾਂਡਰੀ

ਇਹ ਬਿਜ਼ਨਸ ਥੋੜ੍ਹਾ ਹਟ ਕੇ ਹੈ। ਤਕਨੀਕ ਦੇ ਇਸ ਦੌਰ 'ਚ ਅੱਜਕੱਲ੍ਹ ਅਜਿਹੀਆਂ ਮਸ਼ੀਨਾਂ ਆ ਰਹੀਆਂ ਹਨ, ਜਿਨ੍ਹਾਂ ਰਾਹੀਂ ਜੁੱਤੀਆਂ ਦੀ ਧੁਆਈ ਅਤੇ ਸਫ਼ਾਈ ਕੀਤੀ ਜਾਂਦੀ ਹੈ। ਇਸ ਕੰਮ ਨੂੰ ਤੁਸੀਂ ਘਰ ਬੈਠੇ 3,000 ਤੋਂ 4,000 ਰੁਪਏ 'ਚ ਸ਼ੁਰੂ ਕਰ ਸਕਦੇ ਹੋ। •



### ਮੋਬਾਈਲ ਰੀਚਾਰਜ ਅਤੇ ਸਿਮ ਕਾਰਡ ਸੇਲਿੰਗ

ਲੋਕਾਂ 'ਚ ਮੋਬਾਈਲ ਦਾ ਕ੍ਰੇਜ਼ ਦਿਨੋਂ-ਦਿਨ ਵਧਦਾ ਜਾ ਰਿਹਾ ਹੈ ਅਤੇ ਇਹ ਲੋਕਾਂ ਦੀਆਂ ਜ਼ਰੂਰਤਾਂ 'ਚ ਸ਼ਾਮਲ ਹੋ ਗਿਆ ਹੈ। ਤੁਹਾਡੇ ਲਈ ਮੋਬਾਈਲ ਰੀਚਾਰਜ ਅਤੇ ਸਿਮ ਕਾਰਡ ਸੇਲ ਕਰਨ ਦਾ ਬਿਜ਼ਨਸ ਸਭ ਤੋਂ ਵਧੀਆ ਸਾਬਤ ਹੋ ਸਕਦਾ ਹੈ। ਇਸ ਲਈ ਤੁਹਾਨੂੰ ਕੋਈ ਵੱਡੀ ਦੁਕਾਨ ਬਣਾਉਣ ਦੀ ਲੋੜ ਵੀ ਨਹੀਂ। ਤੁਸੀਂ ਘਰ ਬੈਠੇ ਅਤੇ ਛੋਟੀ ਦੁਕਾਨ ਤੋਂ ਵੀ ਇਸ ਦੀ ਸ਼ੁਰੂਆਤ ਕਰ ਸਕਦੇ ਹੋ। ਇਸ ਦੀ ਸ਼ੁਰੂਆਤ ਵੀ 4,000 ਤੋਂ 5,000 ਰੁਪਏ 'ਚ ਕਰ ਸਕਦੇ ਹੋ।

## ਰੈਗੂਲਰ ਨਾਲੋਂ ਫ੍ਰੀਲਾਂਸਰ ਦਾ ਪੱਲੜਾ ਭਾਰੀ



ਅੱਜਕੱਲ੍ਹ ਕਰਮਚਾਰੀਆਂ ਨਾਲੋਂ ਫ੍ਰੀਲਾਂਸਰ ਵਧ ਕਾਮਯਾਬ ਹੋ ਰਹੇ ਹਨ। ਲੰਬੇ ਸਮੇਂ ਤੋਂ ਵੱਡੀਆਂ ਕੰਪਨੀਆਂ ਹੋਣ ਜਾਂ ਸਟਾਰਟਅੱਪ, ਸਾਰੇ ਫ੍ਰੀਲਾਂਸਰਜ਼ ਨੂੰ ਕੰਮ 'ਤੇ ਰੱਖਣ ਲੱਗੇ ਹਨ। ਫ੍ਰੀਲਾਂਸਿੰਗ ਦੇ ਮਾਮਲੇ 'ਚ ਅਮਰੀਕਾ ਦੁਨੀਆ ਦਾ ਨੰਬਰ ਇਕ ਦੇਸ਼ ਹੈ, ਜਿੱਥੇ ਲਗਪਗ 5.3 ਕਰੋੜ ਲੋਕ ਫ੍ਰੀਲਾਂਸਰ ਦੇ ਤੌਰ 'ਤੇ ਕੰਮ ਕਰਦੇ ਹਨ। ਅਮਰੀਕਾ ਤੋਂ ਬਾਅਦ ਅਸੀਂ ਦੂਸਰੇ ਅਜਿਹੇ ਦੇਸ਼ ਹਾਂ ਜਿੱਥੇ ਸਭ ਤੋਂ ਵੱਧ ਫ੍ਰੀ-ਲਾਂਸਰ ਹਨ। ਇੱਥੇ ਲਗਪਗ 1.5 ਕਰੋੜ ਲੋਕ ਫ੍ਰੀਲਾਂਸਰਜ਼ ਵਾਂਗ ਕੰਮ ਕਰਦੇ ਹਨ। ਤੁਹਾਨੂੰ ਇਹ ਜਾਣ ਤੇ ਹੈਰਾਨੀ ਹੋਵੇਗੀ ਕਿ ਜਿਨ੍ਹਾਂ ਸੰਸਥਾਵਾਂ ਨੇ ਕਦੇ ਵੀ ਫ੍ਰੀਲਾਂਸਿੰਗ ਨਹੀਂ ਕਰਵਾਈ ਸੀ ਉਹ ਅੱਜ ਫ੍ਰੀਲਾਂਸਰ ਨੂੰ ਆਪਣੇ ਕੋਲ ਮੌਕਾ ਦੇ ਰਹੇ ਹਨ ਜਿਵੇਂ ਨਾਸਾ ਜੋ ਅਮਰੀਕਾ ਦੀ ਰਾਸ਼ਟਰੀ ਸਪੇਸ ਰਿਸਰਚ ਏਜੰਸੀ ਹੈ। ਸਾਡੇ ਇੱਥੇ ਬੈਂਗਲੁਰੂ, ਪੁਣੇ, ਗੁੜਗਾਓਂ ਵਰਗੇ ਸ਼ਹਿਰਾਂ 'ਚ ਫ੍ਰੀਲਾਂਸਿੰਗ ਆਮ ਗੱਲ ਹੋ ਗਈ ਹੈ ਅਤੇ ਕਈ ਕੰਪਨੀਆਂ ਤਾਂ ਫ੍ਰੀਲਾਂਸਰਜ਼ ਅਤੇ ਛੋਟੇ ਉੱਦਮੀਆਂ ਨੂੰ ਆਫ਼ਿਸ ਸਪੇਸ ਅਤੇ ਹੋਰ ਸਹੂਲਤਾਂ ਵੀ ਉਪਲਬਧ ਕਰਵਾਉਂਦੀਆਂ ਹਨ।

ਵਿਅਕਤੀਗਤ ਤੌਰ 'ਤੇ ਦੇਖੀਏ ਤਾਂ ਫ੍ਰੀਲਾਂਸਿੰਗ 'ਚ ਬਿਨਾ ਕਿਸੇ ਬੰਦਿਸ਼ ਦੇ ਤੁਸੀਂ ਆਪਣੇ ਹੁਨਰ ਦੀ ਵਰਤੋਂ ਕਰ ਕੇ ਕੰਮ ਪ੍ਰਾਪਤ ਕਰ ਸਕਦੇ ਹੋ ਅਤੇ ਪੈਸੇ ਵੀ ਕਮਾ ਸਕਦੇ ਹੋ। ਜੋ ਲੋਕ ਕਿਸੇ ਕਾਰਨ ਸੰਸਥਾਵਾਂ ਨੂੰ ਆਪਣਾ ਪੂਰਾ ਸਮਾਂ ਨਹੀਂ ਦੇ ਸਕਦੇ ਭਾਵ ਪੂਰੇ ਮਹੀਨੇ ਜਾਂ ਪੂਰੇ ਦਿਨ ਦਫ਼ਤਰ 'ਚ ਨਹੀਂ ਜਾ ਸਕਦੇ ਤਾਂ ਉਹ ਫ੍ਰੀਲਾਂਸਿੰਗ ਦਾ ਕੰਮ ਕਰ ਸਕਦੇ ਹਨ। ਜੇ ਤੁਸੀਂ ਰਿਟਾਇਰ ਹੋ ਚੁੱਕੇ ਹੋ ਅਤੇ ਜਾਂ ਤੁਸੀਂ ਹਾਊਸ ਵਾਈਫ਼ ਹੋ ਤਾਂ ਇਸ ਤਰ੍ਹਾਂ ਦੇ ਕੰਮ ਕਰ ਸਕਦੇ ਹੋ। ਇਸ ਦੁਆਰਾ ਤੁਸੀਂ ਆਪਣੇ ਮਨਪਸੰਦ ਕੰਮ ਨੂੰ ਆਪਣੇ ਅਨੁਸਾਰ ਕਰ ਸਕਦੇ ਹੋ ਤੇ ਨਾਲ ਹੀ ਇਹ ਤੁਹਾਨੂੰ ਨਵੀਂ ਜਾਣਕਾਰੀ ਵੀ ਦਿੰਦਾ ਹੈ।

ਉੱਥੇ ਹੀ ਜੇ ਤੁਸੀਂ ਇਸ ਨੂੰ ਇਕ ਕੰਪਨੀ ਦੇ ਰੂਪ 'ਚ ਦੇਖੋਗੇ ਤਾਂ ਫ੍ਰੀਲਾਂਸਿੰਗ ਜ਼ਰੀਏ ਤੁਸੀਂ ਕਾਫ਼ੀ ਹੁਨਰਮੰਦ ਅਤੇ ਸਕਿਲਡ ਵਿਅਕਤੀ ਤੋਂ ਕੰਮ ਲੈ ਸਕਦੇ ਹੋ। ਜਿਸ ਲਈ ਤੁਹਾਨੂੰ ਭੁਗਤਾਨ ਵੀ ਸਿਰਫ਼ ਕੰਮ ਅਨੁਸਾਰ ਕਰਨਾ ਪਵੇਗਾ ਭਾਵ ਜਿੰਨਾ ਕੰਮ ਓਨਾ ਪੈਸਾ। ਕਾਸਕਟਿੰਗ ਲਈ ਵੀ ਇਸ ਨੂੰ ਚੰਗੇ ਮੌਕੇ ਦੇ ਤੌਰ 'ਤੇ ਦੇਖ ਸਕਦੇ ਹੋ।

ਕਰਮਚਾਰੀ ਅਤੇ ਕੰਪਨੀ ਦਾ ਸਬੰਧ ਨਾ ਹੋਣ ਕਾਰਨ ਫ੍ਰੀਲਾਂਸਰਜ਼ ਕੋਲ ਕੋਈ ਸੁਰੱਖਿਆ ਨਹੀਂ ਰਹਿੰਦੀ। ਸਾਰੇ ਜ਼ੋਖ਼ਿਮ ਫ੍ਰੀਲਾਂਸਰਜ਼ ਨੂੰ ਸਹਿਣੇ ਪੈਂਦੇ ਹਨ। ਉਸ ਨੂੰ ਕੋਈ ਮੈਟਰਨਿਟੀ ਲਾਭ ਨਹੀਂ, ਕੋਈ ਰਿਟਾਇਰਮੈਂਟ ਜਾਂ ਲੰਬੇ ਸਮੇਂ ਲਈ ਲਾਭ ਨਹੀਂ ਮਿਲਦਾ ਅਤੇ ਇਸ ਗੱਲ ਦੀ ਵੀ ਕੋਈ ਗਾਰੰਟੀ ਨਹੀਂ ਰਹਿੰਦੀ ਕਿ ਇਕ ਵਾਰ ਕੰਮ ਮਿਲਣ ਤੋਂ ਬਾਅਦ ਅਗਲਾ ਕੰਮ ਮਿਲੇਗਾ ਜਾਂ ਨਹੀਂ। ਸਾਡੇ ਇੱਥੇ ਸੋਸ਼ਲ ਸਕਿਓਰਟੀ ਸਿਸਟਮ ਵੀ ਇੰਨਾ ਮਜ਼ਬੂਤ ਨਹੀਂ ਹੈ। ਵਰਕ ਐਗਰੀਮੈਂਟ ਨਾ ਹੋਣ ਕਾਰਨ ਕਈ ਫ੍ਰੀਲਾਂਸਰਜ਼ ਨੂੰ ਪੈਸੇ ਸਹੀ ਸਮੇਂ 'ਤੇ ਨਹੀਂ ਮਿਲਦੇ ਤੇ ਕਈ ਵਾਰ ਪੂਰੇ ਵੀ ਨਹੀਂ ਮਿਲਦੇ। ਫ੍ਰੀਲਾਂਸਿੰਗ ਦਾ ਮਤਲਬ ਹੈ ਕਿ ਕਦੇ ਕੰਮ ਹੋਵੇਗਾ ਅਤੇ ਕਦੇ ਨਹੀਂ ਵੀ ਹੋਵੇਗਾ ਤਾਂ ਅਜਿਹੇ 'ਚ ਜੇ ਵਿੱਤੀ ਯੋਜਨਾ ਨਾ ਹੋਵੇ ਤਾਂ ਮੁਸ਼ਕਲ ਆ ਸਕਦੀ ਹੈ।

### ਕੰਮ ਦੀ ਗੁਣਵੱਤਾ ਦਾ ਪੱਧਰ ਘੱਟ ਹੋਣਾ

ਕੰਪਨੀਆਂ ਵੀ ਹਰ ਕੰਮ ਲਈ ਫ੍ਰੀਲਾਂਸਰਜ਼ ਨਿਯੁਕਤ ਨਹੀਂ ਕਰ ਸਕਦੀਆਂ। ਕਈ ਮਾਮਲੇ ਅਜਿਹੇ ਹੁੰਦੇ ਹਨ ਜਿੱਥੇ ਫ੍ਰੀਲਾਂਸਰਜ਼ ਕੰਮ ਨਹੀਂ ਆਉਂਦੇ। ਜਿਵੇਂ ਕਿ ਡਾਟਾ ਸਕਿਓਰਟੀ ਦਾ ਮਾਮਲਾ ਹੋਵੇ ਫ੍ਰੀਲਾਂਸਰਜ਼ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਬਹੁਤ ਸਾਰੀਆਂ ਕੰਪਨੀਆਂ ਸਿਰਫ਼ ਇੰਟਰਨਲ ਪ੍ਰੋਜੈਕਟਸ ਲਈ ਫ੍ਰੀਲਾਂਸਿੰਗ ਕਰਵਾਉਂਦੀਆਂ ਹਨ ਕਿਉਂਕਿ ਜੇ ਕਲਾਇੰਟ ਨੇ ਸਮੇਂ 'ਤੇ ਕੰਮ ਪੂਰਾ ਨਹੀਂ ਕੀਤਾ ਤਾਂ ਇਸ ਨਾਲ ਕੰਪਨੀ ਦੀ ਸਾਖ 'ਤੇ ਅਸਰ ਪਵੇਗਾ। ਫ੍ਰੀਲਾਂਸਿੰਗ ਨਾਲ ਕੰਮ ਦੀ ਗੁਣਵੱਤਾ 'ਤੇ ਵੀ ਅਸਰ ਪੈ ਸਕਦਾ ਹੈ ਕਿਉਂਕਿ ਕਈ ਫ੍ਰੀਲਾਂਸਰਜ਼ ਪ੍ਰੋਫੈਸ਼ਨਲੀ ਤੌਰ 'ਤੇ ਕੰਮ ਨਹੀਂ ਕਰਦੇ ਅਤੇ ਪ੍ਰੋਜੈਕਟ ਨੂੰ ਸਹੀ ਸਮੇਂ 'ਤੇ ਪੂਰਾ ਨਹੀਂ ਕਰ ਪਾਉਂਦੇ। •

## ਕਈ ਨਿਵੇਸ਼ਕ ਕਿਰਾਏ ਨੂੰ ਆਮਦਨੀ ਦਾ ਅਹਿਮ ਸਰੋਤ ਮੰਨਦੇ ਹਨ...



# ਚੰਗਾ ਹੈ ਰੈਂਟਲ ਇਨਕਮ ਦਾ ਆਈਡੀਆ

ਇਕ ਵਿਅਕਤੀ ਨੇ ਘਰ 'ਚ ਵੀਕੇਂਡ ਗੁਜ਼ਾਰਿਆ। ਘਰ ਦਾ ਮੇਂਟੇਨੇਂਸ ਚੰਗਾ ਸੀ ਅਤੇ ਉੱਥੋਂ ਪਹਾੜਾਂ ਦਾ ਚੰਗਾ ਨਜ਼ਾਰਾ ਦਿਖ ਰਿਹਾ ਸੀ। ਅਗਲੀ ਸਵੇਰ ਜਦੋਂ ਘਰ ਮਾਲਕ ਆਏ ਤਾਂ ਉਨ੍ਹਾਂ ਨੇ ਪੁੱਛਿਆ ਕਿ ਕੀ ਇਸ ਨਾਲ ਉਨ੍ਹਾਂ ਨੂੰ ਫ਼ਾਇਦਾ ਹੋ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਆਪਣੀ ਜ਼ਿਆਦਾਤਰ ਬਚਤ ਦਾ ਇਸਤੇਮਾਲ ਕਰਕੇ ਉਨ੍ਹਾਂ ਨੂੰ ਇਹ ਵੱਡਾ ਘਰ ਬਣਾਇਆ ਸੀ। ਉਨ੍ਹਾਂ ਦਾ ਪਰਿਵਾਰ ਸਾਲ 'ਚ ਛੇ ਵਾਰ ਇੱਥੇ ਆਉਂਦਾ ਹੈ ਅਤੇ ਸਾਲ 'ਚ 20 ਹਫ਼ਤਿਆਂ 'ਚ ਕਿਰਾਏ 'ਤੇ ਦੂਜੇ ਲੋਕ ਰਹਿੰਦੇ ਹਨ। ਉਨ੍ਹਾਂ ਤੋਂ ਪੁੱਛਿਆ ਕਿ ਕੀ ਉਹ ਇਕ ਹੋਰ ਮਕਾਨ 'ਚ ਵੀ ਅਜਿਹਾ ਹੀ ਕਰਨਗੇ? ਉਨ੍ਹਾਂ ਨੇ ਕਿਹਾ, ਨਹੀਂ।

ਕਈ ਨਿਵੇਸ਼ਕ ਕਿਰਾਏ ਨੂੰ ਆਮਦਨੀ ਦਾ ਅਹਿਮ ਸਰੋਤ ਮੰਨਦੇ ਹਨ। ਹਾਲਾਂਕਿ ਫ੍ਰੀ ਬਾਜ਼ਾਰ 'ਚ ਜ਼ਿਆਦਾਤਰ ਦੂਜੀ ਆਮਦਨੀ ਦੇ ਨਾਲ ਵੀ ਅਜਿਹਾ ਹੀ ਹੈ। ਬੈਂਕ ਡਿਪਾਜ਼ਿਟ 'ਤੇ ਮਿਲਣ ਵਾਲਾ ਵਿਆਜ ਮਹਿੰਗਾਈ ਦੇ ਨਾਲ-ਨਾਲ ਘੱਟਦਾ ਵੱਧਦਾ ਰਹਿੰਦਾ ਹੈ, ਜਿਵੇਂ ਰੇਂਟ, ਹਾਲਾਂਕਿ ਜ਼ਿਆਦਾਤਰ ਬਾਜ਼ਾਰ 'ਚ ਰੇਂਟ 'ਚ ਸਾਲਾਨਾ ਆਧਾਰ 'ਚ ਤਬਦੀਲੀ ਹੁੰਦੀ ਹੈ। ਸਵਾਲ ਇਹ ਹੈ ਕਿ ਕੀ ਰੇਂਟ 'ਤੇ ਦੇਣ ਲਈ ਦੂਜਾ ਮਕਾਨ ਖ਼ਰੀਦਣਾ ਠੀਕ ਹੈ? ਮਾਹਰ, ਸ਼ੇਅਰ ਖ਼ਰੀਦਣ 'ਚ ਐਨਾਲਿਸਟ ਕੰਪਨੀ ਦੇ ਮੈਨੇਜਮੈਂਟ 'ਤੇ ਧਿਆਨ ਦੇਣ ਨੂੰ ਕਹਿੰਦੇ ਹਨ।

ਬਾਂਡ ਦੇ ਮਾਮਲੇ 'ਚ ਕ੍ਰੇਡਿਟ ਰੇਟਿੰਗ ਅਹਿਮ ਹੁੰਦੀ ਹੈ। ਪ੍ਰਾਪਰਟੀ 'ਚ ਸਥਿਤੀ ਸਭ ਤੋਂ ਅਹਿਮ ਹੈ। ਹਰ ਪ੍ਰਾਪਰਟੀ ਤੋਂ ਚੰਗੀ ਰੈਂਟਲ ਇਨਕਮ ਨਹੀਂ ਮਿਲਦੀ। ਕਈ ਨਿਵੇਸ਼ਕਾਂ ਨੇ ਆਪਣੇ ਫਲੈਟ ਕੰਪਨੀਆਂ ਨੂੰ ਸਰਵਿਸ ਅਪਾਰਟਮੈਂਟ ਦੇ ਰੂਪ 'ਚ ਆਊਟਸੋਰਸ ਕਰ ਦਿੱਤੇ ਹਨ। ਬੁਨਿਆਦੀ ਸੁਵਿਧਾਵਾਂ 'ਤੇ ਸ਼ੁਰੂਆਤੀ ਨਿਵੇਸ਼ਾਂ ਤੋਂ ਬਾਅਦ ਮੇਂਟੇਨੇਂਸ ਅਤੇ ਮੈਨੇਜਮੈਂਟ 'ਤੇ ਨਿਵੇਸ਼ ਨਾਲ ਇਨ੍ਹਾਂ ਅਪਾਰਟਮੈਂਟ 'ਚ ਆਕਊਪੇਂਸੀ ਰੇਂਟ ਚੰਗਾ ਰਹਿੰਦਾ ਹੈ, ਬਸ਼ਰਤੇ ਸਥਿਤੀ ਚੰਗੀ ਹੋਵੇ।

**ਸਵਾਲ ਇਹ ਹੈ ਕਿ ਰੈਂਟ ਦੇ ਹਿਸਾਬ ਨਾਲ ਨਿਵੇਸ਼ਕਾਂ ਨੂੰ ਪ੍ਰਾਪਰਟੀ ਦੇ ਮਾਮਲਿਆਂ 'ਚ ਕਿਹੜੀਆਂ ਗੱਲਾਂ ਦਾ ਧਿਆਨ ਦੇਣਾ ਚਾਹੀਦਾ ਹੈ?**

ਪਹਿਲੀ ਗੱਲ ਤਾਂ ਇਹ ਹੈ ਕਿ ਬਰੋਕਰਾਂ ਜ਼ਰੀਏ ਲੰਬੀ ਸੀਮਾ 'ਤੇ ਪ੍ਰਾਪਰਟੀ ਨੂੰ ਦੇ ਕੇ ਬਿਹਤਰ ਆਮਦਨੀ ਦਾ ਜ਼ਰੀਆ ਬਣਾਇਆ ਜਾ ਸਕਦਾ ਹੈ। ਇਸ ਮਾਮਲੇ 'ਚ ਵੀ ਹਾਲਾਂਕਿ ਕੁਝ ਮਹੀਨੇ ਦਾ ਰੈਂਟ ਇਕ ਕਿਰਾਏਦਾਰ ਦੇ ਜਾਣ ਅਤੇ ਦੂਜਿਆਂ ਦੇ ਆਉਣ ਵਿਚ ਦੇ ਸਮਾਂ ਸੀਮਾ ਅਤੇ ਬਰੋਕਰ ਦੇ ਕਮਿਸ਼ਨ ਵੀ ਭੇਂਟ ਚੜ੍ਹ ਜਾਵੇਗਾ। ਜਿਨ੍ਹਾਂ ਬਾਜ਼ਾਰ 'ਚ ਹਾਊਸਿੰਗ ਲੋਨ ਆਸਾਨੀ ਨਾਲ ਮਿਲ ਰਹੇ ਹਨ, ਉੱਥੇ ਮਕਾਨ ਖ਼ਰੀਦਣ ਵਾਲਿਆਂ ਦੀ ਔਸਤ ਉਮਰ ਘਟ ਰਹੀ ਹੈ।

ਇਹ ਦੇਖਣਾ ਜ਼ਰੂਰੀ ਹੈ ਕਿ ਜਿੱਥੇ ਤੁਸੀਂ ਰੈਂਟਲ ਆਮਦਨ ਲਈ ਪ੍ਰਾਪਰਟੀ ਖ਼ਰੀਦਣ ਵਾਲੇ ਹੋ, ਉੱਥੇ ਕੀ ਰੈਂਟਲ ਦਾ ਅਜਿਹਾ ਬਾਜ਼ਾਰ ਹੈ, ਜੋ ਖ਼ਰੀਦਣ ਦੀ ਬਜਾਇ ਰੈਂਟ 'ਤੇ ਰਹਿਣ ਨੂੰ ਪਹਿਲ ਦਵੇ। ਕਮਰਸ਼ੀਅਲ ਪ੍ਰਾਪਰਟੀ ਜੇ ਠੀਕ ਜਗ੍ਹਾ 'ਤੇ ਹੋਵੇ ਤਾਂ ਰੈਂਟਲ ਆਮਦਨ ਦੇਣ 'ਚ ਰੇਡੀਏਂਸ਼ਲ ਤੋਂ ਬਿਹਤਰ ਰਹਿੰਦੀ ਹੈ।

ਦੂਜੀ ਗੱਲ ਪ੍ਰਾਪਰਟੀ ਦੀ ਦੇਖਭਾਲ ਦਾ ਖ਼ਰਚ ਹਰ ਸਾਲ ਵਧਦਾ ਹੈ। ਤੀਜੀ ਗੱਲ ਇਹ ਹੈ ਕਿ ਕਿਸੇ ਹਾਲੀਡੇ ਹੋਮ 'ਚ ਨਿਵੇਸ਼ ਬਹੁਤ ਅਹਿਮ ਦਿਖਾਈ ਦਿੰਦਾ ਹੈ ਪਰ ਅਜਿਹੀਆਂ ਜਾਇਦਾਦਾਂ 'ਚ ਮੇਂਟੇਨੇਂਸ 'ਤੇ ਜ਼ਿਆਦਾ ਖ਼ਰਚ ਪੈਂਦਾ ਹੈ। ਅਮੀਰ ਲੋਕ ਤਾਂ ਆਪਣੇ ਹਾਲੀਡੇਅ ਹੋਮ ਨੂੰ ਸੁਰੱਖਿਅਤ ਦੇ ਸਟੈਂਡਰਡ ਨੂੰ ਲੈ ਕੇ ਕਾਫ਼ੀ ਸਖ਼ਤ ਹੋ ਗਈ ਹੈ।

ਚੌਥੀ ਗੱਲ ਇਹ ਕਿ ਜ਼ਿਆਦਾਤਰ ਖ਼ਰੀਦਦਾਰ ਪ੍ਰਾਪਰਟੀ ਦੀਆਂ ਮੰਗਾਂ ਦੀ ਤੁਲਨਾ ਮਹਿੰਗਾਈ ਦੇ ਅਸਰ 'ਚ ਧਿਆਨ ਰੱਖੇ ਬਿਨਾ ਕਰਦੇ ਹਨ।

ਸਾਲਾਨਾ ਆਮਦਨ ਦੇ ਤੌਰ 'ਤੇ ਦੇਖੀਏ ਤਾਂ 15 ਸਾਲ ਦੇ ਮੁਕਾਬਲੇ ਅੱਜ ਪ੍ਰਾਪਰਟੀ ਉਸ ਲਈ ਜ਼ਿਆਦਾ ਅਫੋਰਡੇਬਲ ਹੈ। ਅੱਜ ਦੀ ਰੈਂਟ ਤੁਲਨਾ ਪ੍ਰਾਪਰਟੀ ਦੀ ਅੱਜ ਦੀ ਕੀਮਤ ਤੋਂ ਕਰੋ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਉਸ ਅਸੇਟ 'ਚ ਕਿੰਨੀ ਜਾਇਦਾਦ ਤੁਸੀਂ ਲਗਾਈ ਹੈ ਅਤੇ ਕਿੰਨੇ ਆਮਦਨ ਉਸ ਤੋਂ ਹੋ ਰਹੀ ਹੈ। ਇਸ ਤੋਂ ਬਾਅਦ ਹੀ ਨਿਵੇਸ਼ ਪ੍ਰਕਿਰਿਆ ਹੀ ਅੱਗੇ ਵਧੋ। •



## ਮੰਗ 'ਚ ਹੈ ਬਿਜ਼ਨਸ ਸੈਂਟਰ

ਗਲੋਬਲ ਹੁੰਦੀ ਦੁਨੀਆ ਲਈ ਬਿਜ਼ਨਸ ਦਾ ਸਕੋਪ ਵਧਦਾ ਜਾ ਰਿਹਾ ਹੈ, ਹਰ ਜਗ੍ਹਾ ਇਹ ਸਕੋਪ ਰਫ਼ਤਾਰ 'ਚ ਹੈ। ਪਿੰਡ ਤੋਂ ਲੈ ਕੇ ਸ਼ਹਿਰ, ਸ਼ਹਿਰ ਤੋਂ ਲੈ ਕੇ ਮਹਾਂਨਗਰ 'ਚ ਬਿਜ਼ਨਸ ਆਮਦਨੀ ਦਾ ਮੁੱਖ ਜ਼ਰੀਆ ਬਣ ਗਿਆ ਹੈ। ਖ਼ਾਸਤੌਰ 'ਤੇ ਨੌਜਵਾਨ ਇਸ ਮਾਧਿਅਮ ਨਾਲ ਦੁਨੀਆ 'ਚ ਆਪਣਾ ਝੰਡਾ ਲਹਿਰਾਇਆ ਚਾਹੁੰਦੇ ਹਨ। ਅਜਿਹਾ ਇਸ ਲਈ ਸੰਭਵ ਹੈ ਕਿ ਇਸ ਦੇ ਮਾਧਿਅਮ ਨਾਲ ਤੁਸੀਂ ਮਿਹਨਤ ਅਤੇ ਬੁਧੀਮਾਨੀ ਨਾਲ ਇਹ ਸਭ ਇੱਛਾ ਪੂਰੀ ਕਰ ਸਕਦੇ ਹਨ, ਜਿਸਦੀ ਉਮੀਦ ਤੁਸੀਂ ਰੱਖਦੇ ਹੋ, ਸਥਿਤੀ ਅਜਿਹੀ ਹੋਵੇ ਤਾਂ ਤੁਸੀਂ ਮੰਨ ਕੇ ਚੱਲੋ ਕਿ ਇਸ ਤਰ੍ਹਾਂ ਦੀ ਚਾਹਤ ਅਤੇ ਬਿਜ਼ਨਸ ਸੈਂਟਰ ਦਾ ਤਰੀਕਾ ਰੀਅਲ ਅਸਟੇਟ ਬਾਜ਼ਾਰ ਨੂੰ ਇਕ ਨਵੀਂ ਉਚਾਈ ਦੇ ਸਕਦਾ ਹੈ। ਇਸ ਗੱਲ ਨੂੰ ਹੁਣ ਵੱਡੇ ਡਿਵੈਲਪਰਜ਼ ਵੀ ਮੰਨ ਰਹੇ ਹਨ।

### ਸਮੇਂ ਦੀ ਜ਼ਰੂਰਤ

ਕੁਝ ਸਾਲਾਂ 'ਚ ਇਸ ਇੰਡਸਟਰੀ ਦੀ ਗ੍ਰੋਥ ਰੇਟ ਕਰੀਬ 30 ਫ਼ੀਸਦੀ ਦੇ ਦਰ ਨਾਲ ਹੋ ਰਹੀ ਹੈ। ਰੀਅਲ ਅਸਟੇਟ ਸੈਕਟਰ 'ਚ 80 ਫ਼ੀਸਦੀ ਕਰੀਬ ਰੇਜ਼ੀਡੇਂਸ਼ੀਅਲ ਅਤੇ ਬਾਕੀ 'ਚ ਕਮਰਸ਼ੀਅਲ ਜਗ੍ਹਾ ਵਰਗੇ ਦਫ਼ਤਰ, ਸ਼ਾਪਿੰਗ ਮਾਲ, ਹੋਟਲ ਅਤੇ ਹਸਪਤਾਲ ਨਿਰਮਾਣ ਹੋ ਰਿਹਾ ਹੈ। ਇਸ ਖ਼ੇਤਰ 'ਚ ਜੋ ਵਾਧਾ ਦੇਖਿਆ ਜਾ ਰਿਹਾ ਹੈ ਇਸ 'ਚ ਭਾਰਤੀ ਇਕਨਾਮੀ ਦੇ ਵਿਕਾਸ ਦਾ ਮਹੱਤਵਪੂਰਨ ਯੋਗਦਾਨ ਹੈ। ਹੁਣ ਕਮਰਸ਼ੀਅਲ ਸੈਕਟਰ ਦੀ ਦੁਨੀਆ ਵੀ ਬਹੁਤ ਬਦਲ ਰਹੀ ਹੈ, ਇਸ ਦੇ ਨਿਰਮਾਣ 'ਚ 2 ਇਨ 1 ਦਾ ਤਰੀਕਾ ਆ ਚੁੱਕਿਆ ਹੈ, ਭਾਵ ਬਿਜ਼ਨਸ ਸੈਂਟਰ ਘੱਟ ਹੋਵੇਗਾ। •

### ਸ਼ਾਪਿਗ ਅਤੇ ਮਨੋਰੰਜਨ

ਕਮਰਸ਼ੀਅਲ ਦੁਨੀਆਂ 'ਚ ਇਸ ਦਾ ਬਹੁਤ ਯੋਗਦਾਨ ਹੈ। ਇਹ ਮਨੋਰੰਜਨ , ਲਾਈਫ਼ ਸਟਾਈਲ ਅਤੇ ਸ਼ਾਪਿਗ ਕਰਨ ਦਾ ਇਕ ਆਪਣਾ ਹੀ ਅੰਦਾਜ਼ ਪੇਸ਼ ਕਰ ਰਿਹਾ ਹੈ। ਬਿਜ਼ਨਸ ਸਿਟੀ ਸੈਂਟਰ ਜ਼ਿਆਦਾਤਰ ਗਲਾਸ ਲਿਫ਼ਟ, ਦਰੱਖ਼ਤਾਂ ਅਤੇ ਪਾਰਕਿਗ ਆਦਿ ਦਾ ਇਸ ਤਰ੍ਹਾਂ ਨਾਲ ਮੇਲ ਕੀਤਾ ਜਾਂਦਾ ਹੈ। ਇਸ ਤੋਂ ਭਾਵ ਸ਼ਾਨਦਾਰ ਸਥਿਤੀ ਦਾ ਹੋਣਾ ਹੈ ਅਤੇ ਮੰਨੋਰੰਜਨ ਹਬ ਬਣੇਗਾ, ਜੋ ਸਾਰਿਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰੇਗਾ।

## ਪ੍ਰੀਮੀਅਮ ਰਿਟਰਨ ਟਰਮ ਪਲਾਨ 'ਚ ਨਿਵੇਸ਼ ਕਿਵੇਂ ਹੋਵੇ?

**ਟਰਮ ਪਲਾਨ 'ਚ ਬੀਮਾ ਦੀ ਸੀਮਾ ਪੂਰੀ ਹੋਣ 'ਤੇ ਬੀਮਾ-ਧਾਰਕ ਨੂੰ ਕਿਸੇ ਤਰ੍ਹਾਂ ਦੀ ਰਕਮ ਨਹੀਂ ਮਿਲਦੀ...**



### ਟਰਮ ਇੰਸ਼ੋਰੈਂਸ ਪਲਾਨ

ਟਰਮ ਇੰਸ਼ੋਰੈਂਸ ਪਲਾਨ ਸਭ ਤੋਂ ਮਹੱਤਵਪੂਰਨ ਅਤੇ ਸਭ ਤੋਂ ਆਸਾਨ ਲਾਈਫ਼ ਇੰਸ਼ੋਰੈਂਸ ਹੈ। ਇਹ ਸਮਝਣ 'ਚ ਬਹੁਤ ਆਸਾਨ ਹੈ ਅਤੇ ਇਸ ਲਈ ਤੁਹਾਨੂੰ ਏਜੰਟ ਦੇ ਕੋਲ ਜਾਣ ਦੀ ਜ਼ਰੂਰਤ ਨਹੀਂ ਹੁੰਦੀ। ਟਰਮ ਇੰਸ਼ੋਰੈਂਸ ਜ਼ਰੀਏ ਤੁਹਾਡੇ ਨਾ ਰਹਿਣ 'ਤੇ ਪਰਿਵਾਰ ਦੀ ਵਿੱਤੀ ਸੁਰੱਖਿਆ ਹੋਵੇਗੀ। ਜੇ ਕਿਸੇ ਕੋਲ ਟਰਮ ਇੰਸ਼ੋਰੈਂਸ ਪਾਲਿਸੀ ਹੈ ਅਤੇ ਅਚਾਨਕ ਉਸ ਦੀ ਮੌਤ ਹੋ ਜਾਵੇ ਤਾਂ ਉਸ ਦੇ ਪਰਿਵਾਰ ਨੂੰ ਰਕਮ ਮਿਲਦੀ ਹੈ। ਕੁਲ ਮਿਲਾ ਕੇ ਜੇ ਤੁਸੀਂ ਘਰ ਦੇ ਕਮਾਊ ਮੈਂਬਰ ਹੋ ਤਾਂ ਤੁਹਾਡੇ ਲਈ ਟਰਮ ਇੰਸ਼ੋਰੈਂਸ ਪਾਲਿਸੀ ਬਹੁਤ ਜ਼ਰੂਰੀ ਹੈ।

### ਪ੍ਰੀਮੀਅਮ ਰਿਟਰਨ ਟਰਮ ਇੰਸ਼ੋਰੈਂਸ ਪਲਾਨ

ਜ਼ਿਆਦਾਤਰ ਭਾਰਤੀ ਨਿਵੇਸ਼ 'ਤੇ ਰਿਟਰਨ ਨੂੰ ਹੀ ਪੈਰਾਮੀਟਰ ਮੰਨਦੇ ਹਨ। ਇਹ ਇੰਸ਼ੋਰੈਂਸ ਖ਼ਰੀਦਣ 'ਤੇ ਵੀ ਲਾਗੂ ਹੁੰਦਾ ਹੈ। ਇਸ ਵਜ੍ਹਾ ਨਾਲ ਕੰਪਨੀਆਂ ਨੇ ਟਰਮ ਇੰਸ਼ੋਰੈਂਸ ਲਈ ਨਵੇਂ ਤਰ੍ਹਾਂ ਦੇ ਪਲਾਨ ਪ੍ਰੀਮੀਅਮ ਰਿਟਰਨ ਲਾਂਚ ਕੀਤੇ ਹਨ। ਟਰਮ ਪਲਾਨ 'ਚ ਬੀਮਾ ਦੀ ਸੀਮਾ ਪੂਰੀ ਹੋਣ 'ਤੇ ਕਿਸੇ ਤਰ੍ਹਾਂ ਦੀ ਰਕਮ ਨਹੀਂ ਮਿਲਦੀ। ਪ੍ਰੀਮੀਅਮ ਰਿਟਰਨ ਪਲਾਨ 'ਚ ਬੀਮਾ ਸੀਮਾ ਪੂਰੀ ਹੋਣ 'ਤੇ ਪ੍ਰੀਮੀਅਮ ਵਾਪਸ ਦੇਣ ਦਾ ਸਾਧਨ ਦਿੱਤਾ ਜਾਂਦਾ ਹੈ। ਇਸ 'ਚ ਤੁਹਾਡੀ ਰਕਮ 'ਤੇ ਕੋਈ ਰਿਟਰਨ ਨਹੀਂ ਮਿਲਦਾ। ਜੇ ਮਿਲਦਾ ਹੈ ਤਾਂ ਬਹੁਤ ਘੱਟ।

### ਫ਼ਸਾਉਣ ਦਾ ਜਾਲ

ਧਿਆਨ ਰੱਖੋ, ਇੰਸ਼ੋਰੈਂਸ ਦਾ ਮੂਲ ਉਦੇਸ਼ ਤੁਹਾਡੇ ਖ਼ਤਰੇ ਨੂੰ ਕਵਰ ਕਰਨਾ ਹੈ। ਕਈ ਵਾਰ ਲੋਕ ਰਿਸਕ ਰਹਿਤ ਨਿਵੇਸ਼ ਲਈ ਐੱਫਡੀ ਅਤੇ ਪੀਪੀਐੱਫ 'ਚ ਪੈਸਾ ਲਗਾਉਂਦੇ ਹਨ। ਕੰਪਨੀਆਂ ਅਜਿਹੇ ਲੋਕਾਂ ਦੀ ਮਾਨਸਿਕਤਾ ਤੋਂ ਪੂਰੀ ਤਰ੍ਹਾਂ ਵਾਕਿਫ਼ ਹੁੰਦੇ ਹਨ ਤੇ ਉਹ ਇਸ ਦਾ ਪੂਰੀ ਤਰ੍ਹਾਂ ਫ਼ਾਇਦਾ ਉਠਾਉਂਦੇ ਹਨ। ਨਿਵੇਸ਼ਕਾਂ ਨੂੰ ਪਹਿਲਾਂ ਤਾਂ ਦਿਖਦਾ ਹੈ ਕਿ ਉਨ੍ਹਾਂ ਨੂੰ ਜ਼ਿਆਦਾ ਰਕਮ ਮਿਲ ਰਹੀ ਪਰ ਉਹ ਸਮੇਂ ਤੇ ਮਹਿੰਗਾਈ ਨੂੰ ਧਿਆਨ 'ਚ ਰੱਖ ਰਿਟਰਨ ਦਾ ਵਿਸ਼ਲੇਸ਼ਣ ਕਰਨਗੇ ਤਾਂ ਖ਼ੁਦ ਨੂੰ ਮੁਸ਼ਕਲ 'ਚ ਪਾ ਸਕਦੇ ਹਨ।



### ਨਿਵੇਸ਼ ਅਤੇ ਇੰਸ਼ੋਰੈਂਸ ਨੂੰ ਵੱਖ-ਵੱਖ ਰੱਖੋ

ਤੁਸੀਂ ਨਿਵੇਸ਼ ਅਤੇ ਇੰਸ਼ੋਰੈਂਸ ਨੂੰ ਨਾ ਮਿਲਾਓ। ਇਹ ਦੋਵੇਂ ਵੱਖ-ਵੱਖ ਹਨ। ਇੰਸ਼ੋਰੈਂਸ ਸਿਰਫ਼ ਤੁਹਾਡਾ ਖ਼ਤਰਾ ਕਵਰ ਕਰਦੇ ਹਨ। ਨਿਵੇਸ਼ ਲਈ ਇਸ ਦਾ ਇਸਤੇਮਾਲ ਨਾ ਕਰੋ। ਇਸ ਲਈ ਜੇ ਟਰਮ ਇੰਸ਼ੋਰੈਂਸ ਪਲਾਨ ਖ਼ਰੀਦਣ ਜਾ ਰਹੇ ਹੋ ਤਾਂ ਸਿਰਫ਼ ਪਲਾਨ ਹੀ ਖ਼ਰੀਦੋ। ਪ੍ਰੀਮੀਅਮ ਰਿਟਰਨ ਕਰਨ ਵਾਲੇ ਪਲਾਨ ਦੇ ਚੱਕਰ 'ਚ ਨਾ ਪਓ। ਇਹ ਸਿਰਫ਼ ਗਾਹਕਾਂ ਨੂੰ ਆਕਰਸ਼ਕ ਕਰਨ ਦਾ ਤਰੀਕਾ ਹੈ।

### ਟਰਮ ਇੰਸ਼ੋਰੈਂਸ ਦੇ ਫ਼ਾਇਦੇ

1. ਟਰਮ ਪਲਾਨ ਦੂਜੀ ਪਾਲਿਸੀਆਂ ਦੇ ਮੁਕਾਬਲੇ ਸਸਤਾ ਹੈ। ਟਰਮ ਇੰਸ਼ੋਰੈਂਸ ਪਲਾਨ ਦਾ ਪ੍ਰੀਮੀਅਮ ਕਿਸੇ ਹੋਰ ਇੰਡੋਮੇਂਟ ਪਾਲਿਸੀ ਤੋਂ ਬਹੁਤ ਘੱਟ ਹੁੰਦਾ ਹੈ। ਇਹ ਸਿਰਫ਼ ਖ਼ਤਰਿਆਂ ਨੂੰ ਕਵਰ ਕਰਦਾ ਹੈ।
2. ਇਹ ਆਨਲਾਇਨ ਉਪਲਬਧ ਹੈ। ਆਫ਼ਲਾਇਨ ਜਾਂ ਏਜੰਟ ਦੇ ਮੁਕਾਬਲੇ ਆਨਲਾਇਨ ਪਾਲਿਸੀ ਬਹੁਤ ਸਸਤੀ ਪੈਂਦੀ ਹੈ। ਤੁਸੀਂ ਆਨਲਾਇਨ ਹੀ ਆਪਣੀ ਆਮਦਨ ਦੇ ਹਿਸਾਬ ਨਾਲ ਪ੍ਰੀਮੀਅਮ ਦੀ ਗਣਨਾ ਕਰ ਸਕਦੇ ਹੋ।
3. ਟਰਮ ਪਲਾਨ ਲੰਮੇ ਸਮੇਂ ਲਈ ਉਪਲਬਧ ਹੈ। ਇਸ 'ਚ 10, 15, 20 ਅਤੇ 30 ਸਾਲ ਦੇ ਸਾਧਨ ਹਨ।
4. ਇਸ ਨੂੰ ਖ਼ਰੀਦਣਾ ਬਹੁਤ ਹੀ ਸੁਵਿਧਾਜਨਕ ਹੈ। ਤੁਸੀਂ ਇਸ ਨੂੰ ਆਨਲਾਇਨ ਖ਼ਰੀਦ ਕੇ ਦਸਤਾਵੇਜ਼ ਵੀ ਆਨਲਾਈਨ ਜਮ੍ਹਾਂ ਕਰਾ ਸਕਦੇ ਹੋ। ਮੈਡੀਕਲ ਵੀ ਤੁਹਾਡੀ ਸੁਵਿਧਾ ਮੁਤਾਬਿਕ ਹੁੰਦਾ ਹੈ।
5. ਪੇ-ਆਊਟ ਦੇ ਸਾਧਨ ਵੀ ਮਿਲਦੇ ਹਨ। ਜੇ ਨਾਮਿਨੀ ਨੂੰ ਹਰ ਮਹੀਨੇ ਪੈਸਾ ਚਾਹੀਦਾ ਹੈ ਤਾਂ ਉਸ ਦਾ ਸਾਧਨ ਮੌਜੂਦ ਹੈ। ਇਸ ਦੇ ਨਾਲ ਇਕੱਠਿਆਂ ਰਕਮ ਦੀ ਸੁਵਿਧਾ ਵੀ ਮਿਲਦੀ ਹੈ। •

# ਜੀ.ਟੀ.ਯੂ. ਨੇ ਸਾਂਸਦ ਡਾ. ਧਰਮਵੀਰ ਗਾਂਧੀ ਨੂੰ ਟੈਟ ਸਬੰਧੀ ਮਾਮਲਾ ਸੰਸਦ 'ਚ ਉਠਾਉਣ ਲਈ ਦਿੱਤਾ ਮੰਗ ਪੱਤਰ



**ਸਮਾਣਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਇਕਾਈ ਜ਼ਿਲ੍ਹਾ ਪਟਿਆਲਾ ਵੱਲੋਂ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਸਿੰਘ ਸਮਾਣਾ ਅਤੇ ਜਨਰਲ ਸਕੱਤਰ ਪਰਮਜੀਤ ਸਿੰਘ ਪਟਿਆਲਾ ਦੀ ਅਗਵਾਈ ਵਿੱਚ ਮੈਂਬਰ ਪਾਰਲੀਮੈਂਟ ਪਟਿਆਲਾ ਡਾ. ਧਰਮਵੀਰ ਗਾਂਧੀ ਨਾਲ ਉਹਨਾਂ ਦੀ ਰਿਹਾਇਸ਼ 'ਤੇ ਬੀਤੀ ਰਾਤ ਮੀਟਿੰਗ ਕੀਤੀ ਗਈ ਅਤੇ ਉਨ੍ਹਾਂ ਇੱਕ ਮੰਗ ਪੱਤਰ ਵੀ ਦਿੱਤਾ ਗਿਆ।ਜਿਸ ਵਿੱਚ ਉਨ੍ਹਾਂ ਮੰਗ ਕੀਤੀ ਗਈ 2011 ਤੋਂ ਪਹਿਲਾਂ ਭਰਤੀ ਅਧਿਆਪਕਾਂ ਉੱਤੇ ਨੌਕਰੀ ਵਿੱਚ ਬਣੇ ਰਹਿਣ ਲਈ ਅਤੇ ਤਰੱਕੀ ਹਾਸਿਲ ਕਰਨ ਲਈ ਈਟੀਟੀ ਕਾਡਰ, ਮਾਸਟਰ ਕਾਡਰ, ਲੈਕਚਰਾਰ ਕਾਡਰ, ਪ੍ਰਿੰਸੀਪਲ ਕਾਡਰ ਕਰਨ ਲਈ ਟੈੱਟ ਪਾਸ ਕਰਨ ਦੀ ਜਬਰੀ ਤੌਰ 'ਤੇ ਥੋਪੀ ਗਈ ਸ਼ਰਤ ਦੇ ਖਿਲਾਫ ਸੰਸਦ ਵਿੱਚ ਆਵਾਜ਼ ਬੁਲੰਦ ਕਰਨ। ਆਗੂਆਂ ਵੱਲੋਂ ਸਪੱਸ਼ਟ ਕੀਤਾ ਗਿਆ ਇਹਨਾਂ ਅਧਿਆਪਕਾਂ ਉੱਤੇ ਟੈੱਟ ਦੀ ਸ਼ਰਤ ਥੋਪਣਾ ਠੀਕ ਉਵੇਂ ਹੀ ਹੈ ਜਿਵੇਂ ਮੈਚ ਆਰੰਭ ਕਰਵਾਉਣ ਤੋਂ ਬਾਅਦ ਖੇਡ ਦੇ ਨਿਯਮ ਬਦਲ ਦਿੱਤੇ ਜਾਣ।

ਅਧਿਆਪਕ ਨੂੰ ਨੌਕਰੀਆਂ ਵਿੱਚ ਰਹਿਣ ਲਈ ਅਤੇ ਤਰੱਕੀਆਂ ਕਰਨ ਵਿੱਚ ਅਜਿਹੀ ਸ਼ਰਤ ਲਗਾਉਣਾ ਬਿਲਕੁਲ ਹੀ ਗਲਤ ਹੈ ਕਿਉਂਕਿ ਭਰਤੀ ਕੀਤੇ ਗਏ ਹਰੇਕ ਅਧਿਆਪਕ ਸਮੇਂ ਮੁਤਾਬਕ ਹਰੇਕ ਯੋਗਤਾ ਪੂਰੀ ਕਰਕੇ ਨੌਕਰੀ ਵਿੱਚ ਆਏ ਹਨ। ਨੌਕਰੀ ਵਿੱਚ ਆਉਣ ਤੋਂ ਬਾਅਦ ਟੈਟ ਵਰਗੀ ਸ਼ਰਤ ਲਗਾਉਣਾ ਗੈਰ ਵਾਜਿਬ ਹੈ। ਆਗੂਆਂ ਵੱਲੋਂ ਅਜਿਹੀ ਸ਼ਰਤ ਹਟਾਉਣ ਲਈ ਉਹਨਾਂ ਨੂੰ ਸੰਸਦ ਵਿੱਚ ਆਵਾਜ਼ ਬੁਲੰਦ ਕਰਨ ਲਈ ਬੇਨਤੀ ਕੀਤੀ ਗਈ। ਡਾਕਟਰ ਧਰਮਵੀਰ ਗਾਂਧੀ ਮੈਂਬਰ ਪਾਰਲੀਮੈਂਟ ਵੱਲੋਂ ਵਫਦ ਨੂੰ ਭਰੋਸਾ ਸਿੰਘ ਆਗੂ ਸ਼ਾਮਿਲ ਹੋਏ। ਦਿੱਤਾ ਗਿਆ ਕਿ ਉਹ ਧਰਮਿੰਦਰ ਪ੍ਰਧਾਨ ਕੇਂਦਰੀ ਸਿੱਖਿਆ ਮੰਤਰੀ ਨੂੰ ਮਿਲ ਕੇ ਇਸ ਮਸਲੇ ਨੂੰ ਹੱਲ ਕਰਵਾਉਣ ਦੀ ਪੁਰਜ਼ੋਰ ਕੋਸ਼ਿਸ਼ ਕਰਨਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜੀਟੀਯੂ ਦੇ ਵਫਦ ਵਿੱਚ, ਦੀਦਾਰ ਸਿੰਘ ਪਟਿਆਲਾ, ਹਰਦੀਪ ਸਿੰਘ ਭੋਗੀਵਾਲ, ਹਰਦੀਪ ਸਿੰਘ ਮੰਝਾਲ, ਨਿਰਭੈ ਸਿੰਘ ਜਰਗ, ਰਾਜਵਿੰਦਰ ਸਿੰਘ ਭਿੰਡਰ ਅਧਿਆਪਕ ਆਗੂ 6635, ਗੁਰਵਿੰਦਰ ਸਿੰਘ ਤਰਖਾਣ ਮਾਜਰਾ, ਵਰਿੰਦਰ ਸਿੰਘ ਮਰੌੜੀ, ਸੁਖਚੈਨ ਸਿੰਘ ਜਿਲਾ ਪ੍ਰਧਾਨ 5994, ਗੁਰਪ੍ਰੀਤ ਸਿੰਘ, ਹਰਜਿੰਦਰ ਸਿੰਘ ਪਟਿਆਲਾ, ਸੁਖਵਿੰਦਰ ਸਿੰਘ ਲਾਲੀ।

# ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਪਟਿਆਲਾ ਦੇ ਸਕੂਲ ਆਫ਼ ਐਮੀਨੈਂਸ ਦਾ ਅਚਨਚੇਤ ਦੌਰਾ, ਬੁਨਿਆਦੀ ਢਾਂਚੇ ਦਾ ਲਿਆ ਜਾਇਜ਼ਾ

## 200 ਤੋਂ ਵੱਧ ਵਿਦਿਆਰਥੀਆਂ ਦਾ ਪ੍ਰਾਈਵੇਟ ਸਕੂਲਾਂ ਤੋਂ ਸਕੂਲ ਆਫ਼ ਐਮੀਨੈਂਸ ਵਿੱਚ ਜਾਣਾ ਮਾਪਿਆਂ ਦਾ ਸਰਕਾਰੀ ਸਕੂਲਾਂ ਵਿੱਚ ਵੱਧ ਰਹੇ ਵਿਸ਼ਵਾਸ ਨੂੰ ਦਰਸਾਉਂਦਾ ਹੈ: ਹਰਜੋਤ ਸਿੰਘ ਬੈਂਸ

**ਪਟਿਆਲਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ ਸਵੇਰੇ ਪਟਿਆਲਾ ਜ਼ਿਲ੍ਹੇ ਦੇ ਭਾਦਸੋਂ ਵਿਖੇ ਸਥਿਤ ਸਕੂਲ ਆਫ਼ ਐਮੀਨੈਂਸ ਦਾ ਅਚਨਚੇਤ ਦੌਰਾ ਕੀਤਾ, ਜੋ ਭਗਵੰਤ ਮਾਨ ਸਰਕਾਰ ਦੀ ਚੱਲ ਰਹੀ 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਨੂੰ ਮਜ਼ਬੂਤ ਕਰਨ ਦੀ ਦ੍ਰਿੜ੍ਹ ਵਚਨਬੱਧਤਾ ਨੂੰ ਉਜਾਗਰ ਕਰਦਾ ਹੈ। ਇਸ ਦੌਰੇ ਦੌਰਾਨ ਸਿੱਖਿਆ ਮੰਤਰੀ ਨੇ ਚੱਲ ਰਹੇ ਬੁਨਿਆਦੀ ਢਾਂਚੇ ਦੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ ਅਤੇ ਸਿੱਖਿਆ ਦੀ ਗੁਣਵੱਤਾ ਅਤੇ ਪ੍ਰਦਾਨ ਕੀਤੀਆਂ ਜਾ ਰਹੀਆਂ ਸਹੂਲਤਾਂ ਦਾ ਮੁਲਾਂਕਣ ਕਰਨ ਲਈ ਵਿਦਿਆਰਥੀਆਂ ਨਾਲ ਸਿੱਧੇ ਤੌਰ 'ਤੇ ਗੱਲਬਾਤ ਕੀਤੀ।



ਸਕੂਲ ਦਾ ਵਿਆਪਕ ਦੌਰਾ ਕਰਦਿਆਂ ਸ. ਹਰਜੋਤ ਸਿੰਘ ਬੈਂਸ ਨੇ ਬੁਨਿਆਦੀ ਢਾਂਚੇ ਨੂੰ ਅੱਪਗ੍ਰੇਡ ਕਰਨ ਸਬੰਧੀ ਕੰਮਾਂ ਦੀ ਪ੍ਰਗਤੀ ਦਾ ਬਾਰੀਕੀ ਨਾਲ ਜਾਇਜ਼ਾ ਲਿਆ। ਉਨ੍ਹਾਂ ਨੇ ਸਕੂਲਾਂ ਵਿੱਚ ਸਿੱਖਿਆ ਦੀ ਗੁਣਵੱਤਾ ਅਤੇ ਸਹੂਲਤਾਂ ਬਾਰੇ ਫੀਡਬੈਕ ਲੈਣ ਲਈ ਵਿਦਿਆਰਥੀਆਂ ਨਾਲ ਗੱਲਬਾਤ ਵੀ ਕੀਤੀ।

ਸ. ਬੈਂਸ ਨੇ ਇਸ ਸਕੂਲ ਵਿੱਚ 90 ਲੱਖ ਰੁਪਏ ਦੀ ਲਾਗਤ ਨਾਲ ਉਸਾਰੇ ਜਾ ਰਹੇ ਅਤਿ-ਆਧੁਨਿਕ ਇਨਡੋਰ ਸਪੋਰਟਸ ਕੰਪਲੈਕਸ ਦੇ ਨਿਰਮਾਣ ਦਾ ਵੀ ਜਾਇਜ਼ਾ ਲਿਆ, ਜਿਸ ਵਿੱਚ ਦੋ ਕਬੱਡੀ ਮੈਟ ਅਤੇ ਇੱਕ ਕੁਸ਼ਤੀ ਮੈਟ ਸਮੇਤ 2,000 ਲੋਕਾਂ ਦੇ ਬੈਠਣ ਦੀ ਸਮਰੱਥਾ ਹੈ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਮਾਨਸਿਕ ਅਤੇ ਸਰੀਰਕ ਪੱਖੋਂ ਸਿਹਤਮੰਦ ਬਣਾਉਣ ਲਈ ਮੁਕੰਮਲ ਸਿੱਖਿਆ 'ਤੇ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ।

ਸ. ਹਰਜੋਤ ਸਿੰਘ ਬੈਂਸ ਨੇ ਕਿਹਾ, ਸਿੱਖਿਆ ਭਗਵੰਤ ਮਾਨ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ। ਸਾਡੇ 'ਸਕੂਲ ਆਫ਼ ਐਮੀਨੈਂਸ' ਸਿਰਫ਼ ਇਮਾਰਤਾਂ ਨਹੀਂ ਹਨ; ਇਹ ਭਵਿੱਖ ਦੇ ਨੇਤਾਵਾਂ ਅਤੇ ਪੇਸ਼ੇਵਰਾਂ ਦਾ ਆਧਾਰ ਹਨ।ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਸਰਕਾਰੀ ਸਕੂਲਾਂ ਵਿੱਚ ਦਾਖਲਾ ਲੈਣਾ ਸਾਡੀਆਂ ਨੀਤੀਆਂ ਅਤੇ ਪ੍ਰਦਾਨ ਕੀਤੀ ਜਾ ਰਹੀ ਮਿਆਰੀ ਸਿੱਖਿਆ ਦਾ ਪ੍ਰਤੱਖ ਪ੍ਰਮਾਣ ਹੈ।÷

ਸਿੱਖਿਆ ਮੰਤਰੀ ਨੇ ਕਿਹਾ, ÷ਸਿੱਖਿਆ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ। ਸਾਡੇ ਵਿਦਿਆਰਥੀਆਂ ਵਿੱਚ ਨਿਵੇਸ਼ ਕਰਨਾ ਸਿੱਧੇ ਤੌਰ 'ਤੇ ਪੰਜਾਬ ਅਤੇ ਦੇਸ਼ ਦੇ ਭਵਿੱਖ ਵਿੱਚ ਨਿਵੇਸ਼ ਕਰਨ ਦੇ ਬਰਾਬਰ ਹੈ।÷

ਸਕੂਲ ਪ੍ਰਿੰਸੀਪਲ ਪ੍ਰੀਤਇੰਦਰ ਘਈ ਨੇ ਸਿੱਖਿਆ ਮੰਤਰੀ ਨੂੰ ਦੱਸਿਆ ਕਿ ਇਸ ਅਕਾਦਮਿਕ ਸਾਲ ਇਸ ਸਕੂਲ ਦੇ ਦਾਖਲਿਆਂ ਵਿੱਚ 11 ਫ਼ੀਸਦੀ ਵਾਧਾ ਹੋਇਆ ਹੈ ਅਤੇ 200 ਤੋਂ ਵੱਧ ਵਿਦਿਆਰਥੀ ਪ੍ਰਾਈਵੇਟ ਸਕੂਲਾਂ ਤੋਂ ਆਏ ਹਨ, ਜੋ ਕਿ ਸਰਕਾਰੀ ਸਿੱਖਿਆ ਪ੍ਰਣਾਲੀ ਵਿੱਚ ਮਾਪਿਆਂ ਦੇ ਵਧਦੇ ਵਿਸ਼ਵਾਸ ਨੂੰ ਦਰਸਾਉਂਦਾ ਹੈ। ਉਨ੍ਹਾਂ ਦੱਸਿਆ ਕਿ 400 ਤੋਂ ਵੱਧ ਵਿਦਿਆਰਥੀ ਛੇ ਸਕੂਲ ਬੱਸਾਂ ਰਾਹੀਂ ਆਵਾਜਾਈ ਸਹੂਲਤਾਂ ਦਾ ਲਾਭ ਲੈ ਰਹੇ ਹਨ, ਜੋ ਕਿ ਉੱਤਮਤਾ ਦੇ ਕੇਂਦਰ ਵਜੋਂ ਸਕੂਲ ਦੀ ਵਧਦੀ ਸਾਖ ਨੂੰ ਦਰਸਾਉਂਦਾ ਹੈ।

# ਜੈਮਸ ਪਬਲਿਕ ਸਕੂਲ ਦੇ ਨੰਨ੍ਹੇ ਵਿਦਿਆਰਥੀਆਂ ਵੱਲੋਂ ਲਗਾਈ 'ਸਟੀਮ' ਪ੍ਰਦਰਸ਼ਨੀ ਨੇ ਸਭ ਦਾ ਮਨ ਮੋਹਿਆ

## ਇਹ ਪ੍ਰਦਰਸ਼ਨੀ ਵਿਦਿਆਰਥੀਆਂ ਲਈ ਪ੍ਰੇਰਣਾਦਾਇਕ ਸਾਬਤ ਹੋਈ: ਡਾ. ਮੰਜਰੀ ਤੇਜਪਾਲ

**ਪਟਿਆਲਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਜੈਮਸ ਪਬਲਿਕ ਸਕੂਲ ਵਿਖੇ ਕਿੰਡਰਗਾਰਟਨ ਦੇ ਵਿਦਿਆਰਥੀਆਂ ਵੱਲੋਂ 'ਸਟੀਮ' ਪ੍ਰਦਰਸ਼ਨੀ ਬੜੇ ਉਤਸ਼ਾਹ ਅਤੇ ਜੋਸ਼ ਨਾਲ ਆਯੋਜਿਤ ਕੀਤੀ ਗਈ। ਇਸ ਪ੍ਰਦਰਸ਼ਨੀ ਦੌਰਾਨ ਛੋਟੇ-ਛੋਟੇ ਬੱਚਿਆਂ ਨੇ ਵਿਗਿਆਨ, ਟੈਕਨੋਲਜੀ, ਇੰਜੀਨੀਅਰਿੰਗ, ਕਲਾ ਅਤੇ ਗਣਿਤ ਨਾਲ ਸੰਬੰਧਿਤ ਬੇਹੱਦ ਰਚਨਾਤਮਕ ਪ੍ਰੋਜੈਕਟ ਪੇਸ਼ ਕਰਕੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ।

ਪ੍ਰਦਰਸ਼ਨੀ ਦੀ ਖ਼ਾਸ ਗੱਲ ਇਹ ਰਹੀ ਕਿ ਨੰਨ੍ਹੇ ਵਿਦਿਆਰਥੀਆਂ ਨੇ ਪੂਰੇ ਆਤਮ-ਵਿਸ਼ਵਾਸ ਨਾਲ ਆਪਣੇ ਪ੍ਰੋਜੈਕਟਾਂ ਅਤੇ ਗਤੀਵਿਧੀਆਂ ਬਾਰੇ ਮਹਿਮਾਨਾਂ ਨੂੰ ਜਾਣਕਾਰੀ ਦਿੱਤੀ ਅਤੇ ਬਹੁਤ ਹੀ ਸੌਖੀ ਭਾਸ਼ਾ ਵਿੱਚ ਉਨ੍ਹਾਂ ਦੀ ਵਿਆਖਿਆ ਕੀਤੀ। ਇਸ ਮੌਕੇ ਬੱਚਿਆਂ ਵਿੱਚ ਜਗਿਆਸਾ, ਰਚਨਾਤਮਕ ਸੋਚ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਦੀ ਸਮਰੱਥਾ ਸਪਸ਼ਟ ਤੌਰ 'ਤੇ ਦੇਖਣ ਨੂੰ ਮਿਲੀ। ਸਮਾਗਮ ਬਾਰੇ ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਡਾ. ਮੰਜਰੀ ਤੇਜਪਾਲ ਨੇ ਦੱਸਿਆ ਕਿ ਇਹ ਪ੍ਰਦਰਸ਼ਨੀ ਵਿਦਿਆਰਥੀਆਂ ਲਈ ਗਿਆਨ-ਵਰਧਕ ਅਤੇ ਪ੍ਰੇਰਣਾਦਾਇਕ ਸਾਬਤ ਹੋਈ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਸਕੂਲ ਦੀ ਅਨੁਭਵਾਤਮਕ ਸਿੱਖਿਆ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੀਆਂ ਹਨ। ਡਾ.ਮੰਜਰੀ ਤੇਜਪਾਲ ਨੇ ਬੱਚਿਆਂ ਦੇ ਆਤਮ-ਵਿਸ਼ਵਾਸ ਅਤੇ ਨਵੀਂ ਸੋਚ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸਿਰਫ਼ ਇੱਕ ਪ੍ਰਦਰਸ਼ਨੀ ਨਹੀਂ ਸੀ, ਸਗੋਂ ਨੰਨ੍ਹੇ ਵਿਗਿਆਨੀਆਂ ਦੀ ਰਚਨਾਤਮਕਤਾ ਨੂੰ ਉਭਾਰਨ ਦਾ ਇੱਕ ਪ੍ਰਭਾਵਸ਼ਾਲੀ ਮਾਧਿਅਮ ਸੀ।

ਉਨ੍ਹਾਂ ਨੇ ਇਸ ਸਫ਼ਲ ਆਯੋਜਨ ਲਈ ਵਿਦਿਆਰਥੀਆਂ ਦੇ ਨਾਲ-ਨਾਲ ਅਧਿਆਪਕਾਂ ਦੇ ਸਹਿਯੋਗ ਅਤੇ ਮਿਹਨਤ ਦੀ ਵੀ ਪ ?ਸ਼ੰਸਾ ਕੀਤੀ। ਇਸ ਮੌਕੇ ਸਕੂਲ ਦਾ ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

# ਚੋਣਾਂ ਤੋਂ ਪਹਿਲਾਂ ਹੀ ਅਫਸਰਸ਼ਾਹੀ ਹੋਈ ਬੇਕਾਬੂ; ਵਿਭਾਗਾਂ ਦੇ ਮੰਤਰੀਆਂ ਦੀ ਵੀ ਨਹੀਂ ਕੀਤੀ ਜਾਂਦੀ ਕੋਈ ਪ੍ਰਵਾਹ

**ਪਟਿਆਲਾ, 13 ਫਰਵਰੀ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਅੰਦਰ ਵਿਧਾਨ ਸਭਾ ਚੋਣਾਂ ਦਾ ਬਿਗੁਲ ਵੱਜਣ ਨੂੰ ਹਾਲੇ ਕਈ ਮਹੀਨਿਆਂ ਦਾ ਸਮਾਂ ਬਾਕੀ ਪਰ ਸੂਬੇ ਦੀ ਅਫਸਰਸ਼ਾਹੀ ਚੋਣਾਂ ਤੋਂ ਪਹਿਲਾਂ ਹੀ ਬੇਕਾਬੂ ਹੁੰਦੀ ਦਿਖਾਈ ਦੇ ਰਹੀ ਹੈ ਅਤੇ ਹੁਣ ਤੋਂ ਹੀ ਆਪਣੀਆਂ ਮਰਜ਼ੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ ਅਤੇ ਵਿਭਾਗਾਂ ਅੰਦਰ ਹੋਣ ਵਾਲੇ ਭ੍ਰਿਸ਼ਟਾਚਾਰ ਦੇ ਮੁੱਦੇ ਮੀਡੀਆ ਵਿਚ ਛਾਉਣ ਤੋਂ ਬਾਅਦ ਵੀ ਆਪ ਦੇ ਮੰਤਰੀਆਂ ਦੀ ਵੀ ਕੋਈ ਪ੍ਰਵਾਹ ਨਹੀਂ ਕੀਤੀ ਜਾਂਦੀ ਤਾਂ ਹੀ ਹੁਣ ਮੁਲਾਜ਼ਮ ਵੀ ਆਪਣੀਆਂ ਮਨਮਰਜ਼ੀਆਂ ਨਾਲ ਨਿਯਮਾਂ ਦੀਆਂ ਧੱਜੀਆਂ ਉਡਾਉਂਦੇ ਹੋਏ ਸ਼ਰੇਆਮ ਦੇਖੇ ਜਾ ਸਕਦੇ ਹਨ। ਜਿਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ ਬਣਾਈ ਗਈ ਵਿਜੀਲੈਂਸ ਬਿਓਰੋ ਦੀ ਵੀ ਕੋਈ ਪ੍ਰਵਾਹ ਨਹੀਂ ਹੈ ਤਾਂ ਹੀ ਸ਼ਰੇਆਮ ਰਿਸ਼ਵਤਖੋਰੀ ਦਾ ਬੋਲਬਾਲਾ ਦਿਨ ਪ੍ਰਤੀ ਦਿਨ ਵਧਦਾ ਹੀ ਜਾ ਰਿਹਾ ਹੈ। ਜਿਕਰਯੋਗ ਹੈ ਕਿ ਜੰਗਲਾਤ ਵਿਭਾਗ ਪਟਿਆਲਾ ਰੇਂਜ ਅਧੀਨ ਪੈਂਦੀ ਪਟਿਆਲਾ-ਸਰਹੰਦ ਰੋਡ 'ਤੇ ਦਰੱਖਤਾਂ ਦੀ ਨਜਾਇਜ਼ ਕਟਾਈ ਮਾਮਲਾ, ਸਰਹੰਦ ਦੀ ਬੁਲਾੜੀ ਬੀਟ ਵਿਚ ਬੇਸ਼ਕੀਮਤੀ ਦਰੱਖਤਾਂ ਦੀ ਕਟਾਈ ਕਰਕੇ ਪ੍ਰਾਈਵੇਟ ਠੇਕੇਦਾਰ ਨੂੰ ਬੇਹਤਾਸ਼ਾ ਲਾਭ ਪਹੁੰਚਾਉਣਾ ਸ਼ਾਮਲ ਹੈ। ਉਥੇ ਹੀ ਪਟਿਆਲਾ ਦੇ ਨਾਭਾ ਹਲਕੇ ਦੇ ਸਕੂਲ ਆਫ ਐਮੀਨੈਂਸ ਸੀ. ਸੈ. ਸ. (ਲੜਕੇ) 'ਚੋਂ ਰਿਟਾਇਰ ਹੋਈ ਅਧਿਆਪਕਾ ਦੇ ਜੀ. ਪੀ. ਐਫ. ਦੇ ਲੱਖਾਂ ਰੁਪਏ ਕਢਵਾਉਣ ਲਈ ਜਾਅਲੀ ਬਿੱਲ ਮਾਮਲਾ ਉਜਾਗਰ ਹੋਇਆ। ਜਿਥੇ ਭ੍ਰਿਸ਼ਟਾਚਾਰ ਵਿਚ ਹੱਥ ਵਟਾਉਣ ਵਾਲੇ ਮੁਲਾਜ਼ਮਾਂ ਨਾਲ ਹੀ ਸਿੱਖਿਆ ਮੰਤਰੀ ਹੱਥ ਮਿਲਾਉਂਦੇ ਨਜ਼ਰ ਆਏ। ਜਿਸ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਜਿਹੜੇ ਸੂਬੇ ਅੰਦਰ ਬਦਲਾਅ ਦੇ ਦਮਗੱਜੇ ਮਾਰਦੇ ਸਨ ਉਹ ਹੁਣ ਹਵਾ ਹੋ ਚੁੱਕੇ ਹਨ। ਇਸੇ ਤਰ੍ਹਾਂ ਹੋਰ ਕਈ ਵਿਭਾਗਾਂ ਅੰਦਰ ਵੀ ਅਜਿਹਾ ਕੁਝ ਚੱਲ ਰਿਹਾ ਹੈ, ਜਿਸ ਵੱਲ ਕਿਸੇ ਦੀ ਕੋਈ ਨਜ਼ਰ ਨਹੀਂ ਹੈ। ਲਿਹਾਜ਼ਾ ਸਰਕਾਰ ਦਾ ਇੱਕ ਵਿਅਕਤੀ ਈਮਾਨਦਾਰ ਹੋਣ ਨਾਲ ਪੂਰਾ ਸੂਬਾ ਕਿਵੇਂ ਈਮਾਨਦਾਰ ਹੋ ਸਕਦਾ ਹੈ, ਇਹ ਵੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

**ਭ੍ਰਿਸ਼ਟ ਅਫਸਰ ਅਤੇ ਮੁਲਾਜ਼ਮਾਂ ਨੂੰ ਟਰਮੀਨੇਟ ਕੀਤਾ ਜਾਵੇ: ਸਮਾਜ ਸੇਵੀ ਆਗੂ**

ਜਿਲ੍ਹਾ ਪਟਿਆਲਾ ਦੇ ਦੋ ਵਿਭਾਗਾਂ ਦੇ ਭ੍ਰਿਸ਼ਟਾਚਾਰ ਦੇ ਮਾਮਲੇ ਸਾਹਮਣੇ ਆਉਣ ਦੇ ਬਾਵਜੂਦ ਵੀ ਜ਼ੀਰੋ ਟਾਲਰੈਂਸ ਨੀਤੀ ਦੀ ਉਸ ਵੇਲੇ ਫੂਕ ਨਿਕਲਦੀ ਦਿਖਾਈ ਦਿੰਦੀ ਹੈ ਜਦੋਂ ਵਿਭਾਗ ਦੇ ਲੱਖਾਂ ਰੁਪਏ ਦੇ ਬੇਸ਼ਕੀਮਤੀ ਦਰੱਖਤ ਵਿਭਾਗੀ ਮੁਲਾਜ਼ਮਾਂ ਅਤੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਕਟਵਾ ਦਿੱਤੇ ਜਾਣ ਅਤੇ ਕਾਰਵਾਈ ਜ਼ੀਰੋ ਹੋਵੇ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਉਘੇ ਸਮਾਜ ਸੇਵੀ ਆਗੂ ਪ੍ਰਧਾਨ ਬਲਵਿੰਦਰ ਸਿੰਘ ਅਤੇ ਹਰਵਿੰਦਰ ਸਿੰਘ ਨੇ ਕੀਤਾ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਜਿਲ੍ਹਾ ਪਟਿਆਲਾ ਅਧੀਨ ਪੈਂਦੇ ਨਾਭਾ ਦੇ ਨਾਮੀ ਸਕੂਲ ਵਿਚ 35 ਲੱਖ ਰੁਪਏ ਦੇ ਕਰੀਬ ਜੀ. ਪੀ. ਫੰਡ ਕਢਵਾਉਣ ਦਾ ਮਾਮਲਾ ਸਾਹਮਣੇ ਆਉਣ ਦੇ ਬਾਵਜੂਦ ਵੀ ਹਾਲੇ ਤੱਕ ਕਿਸੇ ਵੀ ਮੁਲਾਜ਼ਮ ਦੀ ਗ੍ਰਿਫਤਾਰੀ ਨਹੀਂ ਹੋਈ।

# 16 ਫਰਵਰੀ ਨੂੰ ਹਰਪਾਲ ਟਿਵਾਣਾ ਕਲਾ ਕੇਂਦਰ ਵਿਖੇ ਇਤਿਹਾਸ ਤੋਂ ਭਵਿੱਖ ਤੱਕ ਦੇ ਸੰਵਾਦ ਨਾਲ ਜੋੜੇਗਾ ਨਾਟਕ 1675 : ਵਰਜੀਤ ਵਾਲੀਆ

## ਨੋਡਲ ਅਫ਼ਸਰ ਨਮਨ ਮਾਰਕਣ ਵੱਲੋਂ ਨਾਟਕ ਦੇ ਮੰਚਨ ਲਈ ਤਿਆਰੀਆਂ ਦਾ ਜਾਇਜ਼ਾ

**ਪਟਿਆਲਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਹੈਰੀਟੇਜ ਫੈਸਟੀਵਲ-2026 ਦੀ ਪੰਜਵੀਂ ਸ਼ਾਮ 16 ਫਰਵਰੀ ਨੂੰ ਸ਼ਾਮ 6 ਵਜੇ ਹਰਪਾਲ ਟਿਵਾਣਾ ਕਲਾ ਕੇਂਦਰ ਵਿਖੇ ਸ਼੍ਰੋਮਣੀ ਰੰਗਕਰਮੀ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਹੇਠ ਡਾ. ਅਮਰਜੀਤ ਗਰੇਵਾਲ ਵੱਲੋਂ ਲਿਖੇ ਪੰਜਾਬੀ ਨਾਟਕ 1675 ਦੀ ਪੇਸ਼ਕਾਰੀ ਕੀਤੀ ਜਾਵੇਗੀ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਕੀਤਾ।

ਡਿਪਟੀ ਕਮਿਸ਼ਨਰ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇਹ ਨਾਟਕ ਦੇਖਣ ਲਈ ਜ਼ਿਲ੍ਹਾ ਨਿਵਾਸੀਆਂ ਨੂੰ ਖੁੱਲ੍ਹਾ ਸੱਦਾ ਦਿੰਦਿਆਂ ਕਿਹਾ ਕਿ ਇਸ ਨਾਟਕ ਦੀ ਐਂਟਰੀ ਫ਼ਰੀ ਹੈ, ਇਸ ਲਈ ਚਾਹਵਾਨ ਦਰਸ਼ਕ 16 ਫਰਵਰੀ ਨੂੰ ਸ਼ਾਮ 5.30 ਵਜੇ ਤੱਕ ਪਹਿਲਾਂ ਆਉ-ਪਹਿਲਾਂ ਸੀਟ ਲਉ ਮੁਤਾਬਕ ਆਪਣੀਆਂ ਸੀਟਾਂ ਲੈ ਲੈਣ।

ਵਰਜੀਤ ਵਾਲੀਆ ਨੇ ਕਿਹਾ ਕਿ ਇਹ ਨਾਟਕ ਇਤਿਹਾਸ ਤੋਂ ਭਵਿੱਖ ਤੱਕ ਦੇ ਸੰਵਾਦ ਨੂੰ ਬਾਖੂਬੀ ਪੇਸ਼ ਕਰਦਾ ਹੋਇਆ 1675 ਦੇ ਚਾਂਦਨੀ ਚੌਂਕ ਦੇ ਤਸੀਹਿਆਂ ਦੇ ਇਤਿਹਾਸ ਤੋਂ 2025 ਤੱਕ ਦੇ ਆਰਟੀਫਿਸ਼ੀਲ ਇੰਟੈਲੀਜੈਂਸ ਤੇ ਪ੍ਰਯੋਗਸ਼ਾਲਾ ਭਰੇ ਸੰਸਾਰ ਨੂੰ ਦਿਖਾਏਗਾ।

ਇਸੇ ਦੌਰਾਨ ਇਸ ਨਾਟਕ ਦੇ ਨੋਡਲ ਅਫ਼ਸਰ ਤੇ ਐਸ.ਡੀ.ਐਮ ਨਮਨ ਮਾਰਕੰਨ ਨੇ ਇਸ ਨਾਟਕ ਦੇ ਮੰਚਨ ਲਈ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਹਰਪਾਲ ਟਿਵਾਣਾ ਕਲਾ ਕੇਂਦਰ ਵਿਖੇ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਨਾਲ ਬੈਠਕ ਕੀਤੀ। ਉਨ੍ਹਾਂ ਦੱਸਿਆ ਕਿ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਦੀ ਅਗਵਾਈ ਹੇਠ ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਵਿਰਾਸਤੀ ਮੇਲੇ ਦੌਰਾਨ ਮੰਚ-ਰੰਗਮੰਚ, ਅੰਮ੍ਰਿਤਸਰ ਦੀ ਟੀਮ ਵੱਲੋਂ ਪੰਜਾਬੀ ਨਾਟਕ '1675' ਦੀ ਪੇਸ਼ਕਾਰੀ ਕੀਤੀ ਜਾਵੇਗੀ।

ਐਸ.ਡੀ.ਐਮ ਨੇ ਦੱਸਿਆ ਕਿ ਇਸ ਨਾਟਕ ਲਈ ਸਾਰੀਆਂ ਤਿਆਰੀਆਂ ਸਮੇਂ ਸਿਰ ਮੁਕੰਮਲ ਕਰ ਲਈਆਂ ਜਾਣਗੀਆਂ। ਨਮਨ ਮਾਰਕੰਨ ਨੇ ਪਟਿਆਲਵੀਆਂ ਨੂੰ ਸੱਦਾ ਦਿੱਤਾ ਕਿ ਉਹ 16 ਫਰਵਰੀ ਨੂੰ ਸ਼ਾਮ 5.30 ਵਜੇ ਤੱਕ ਆਪਣੀਆਂ ਸੀਟਾਂ 'ਤੇ ਵਿਰਾਜਮਾਨ ਹੋ ਜਾਣ ਤਾਂਕਿ ਸਮੇਂ ਸਿਰ ਨਾਟਕ ਦਾ ਮੰਚਨ ਕੀਤਾ ਜਾ ਸਕੇ।

# ਮੋਦੀ ਦੀ ਸੁਰੱਖਿਆ 'ਚ ਕੁਤਾਈ ਮਾਮਲੇ 'ਚ ਹਾਈਕੋਰਟ ਸਖ਼ਤ, ਪੁਲਿਸ ਤੋਂ ਮੰਗੀ ਕਾਰਵਾਈ ਦੀ ਡਿਟੇਲ ਰਿਪੋਰਟ

**ਚੰਡੀਗੜ੍ਹ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ



ਦੇ ਫਿਰੋਜ਼ਪੁਰ ਦੌਰੇ ਦੌਰਾਨ ਹੋਈ ਸੁਰੱਖਿਆ ਵਿੱਚ ਕੁਤਾਈ ਦੇ ਮਾਮਲੇ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਸਖ਼ਤ ਰੁਖ਼ ਅਖਤਿਆਰ ਕਰ ਲਿਆ ਹੈ। ਇਸ ਮਾਮਲੇ ਦੀ ਸੁਣਵਾਈ ਦੌਰਾਨ ਅਦਾਲਤ ਨੇ ਪੰਜਾਬ ਪੁਲਿਸ ਪ੍ਰਸ਼ਾਸਨ ਨੂੰ ਕਈ ਤਿੱਖੇ ਸਵਾਲ ਕੀਤੇ। ਹਾਈਕੋਰਟ ਨੇ ਸਰਕਾਰ ਅਤੇ ਪੁਲਿਸ ਤੋਂ ਪੁੱਛਿਆ ਹੈ ਕਿ ਇਸ ਗੰਭੀਰ ਲਾਪਰਵਾਹੀ ਦੇ ਮਾਮਲੇ ਵਿੱਚ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ। ਅਦਾਲਤ ਨੇ ਪੁਲਿਸ ਨੂੰ ਹਦਾਇਤ ਕੀਤੀ ਹੈ ਕਿ ਉਹ ਕੀਤੀ ਗਈ ਕਾਰਵਾਈ ਦੀ ਪੂਰੀ ਵੇਰਵੇ ਸਹਿਤ (Detailed) ਰਿਪੋਰਟ ਪੇਸ਼ ਕਰੇ। ਅਦਾਲਤ ਨੇ ਇਸ ਮਾਮਲੇ ਦੀ ਜਾਂਚ ਕਰ ਰਹੀ ਵਿਸ਼ੇਸ਼ ਟੀਮ ਤੋਂ ਵੀ ਹੁਣ ਤੱਕ ਦੀ ਪ੍ਰਗਤੀ ਰਿਪੋਰਟ ਤਲਬ ਕੀਤੀ ਹੈ।

ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਫਿਰੋਜ਼ਪੁਰ ਦੌਰੇ ਦੌਰਾਨ ਉਨ੍ਹਾਂ ਦਾ ਕਾਫਲਾ ਇੱਕ ਫਲਾਈਓਵਰ 'ਤੇ ਪ੍ਰਦਰਸ਼ਨਕਾਰੀਆਂ ਕਾਰਨ ਕਾਫੀ ਦੇਰ ਤੱਕ ਫਸਿਆ ਰਿਹਾ ਸੀ। ਇਸ ਨੂੰ ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿੱਚ ਇੱਕ ਵੱਡੀ ਸੰਨ੍ਹ ਮੰਨਿਆ ਗਿਆ ਸੀ, ਜਿਸ ਤੋਂ ਬਾਅਦ ਇਹ ਮਾਮਲਾ ਸੁਪਰੀਮ ਕੋਰਟ ਅਤੇ ਹਾਈਕੋਰਟ ਤੱਕ ਪਹੁੰਚ ਗਿਆ ਸੀ।

# ਪਟਿਆਲਾ ਦੇ ਡਿਪਟੀ ਕਮਿਸ਼ਨਰ ਦਾ ਕੀਤਾ ਸਵਾਗਤ



**ਪਟਿਆਲਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰੀ ਜਯੋਤੀ ਕਲਾ ਮੰਚ (ਰਜਿ.) ਵਲੋਂ ਪਟਿਆਲਾ ਦੇ ਨਵ ਨਿਯੁਕਤ ਡਿਪਟੀ ਕਮਿਸ਼ਨਰ ਵਰਜੀਤ ਸਿੰਘ ਵਾਲੀਆ ਨਾਲ ਡਾਇਰੈਕਟਰ ਰਾਕੇਸ਼ ਠਾਕੁਰ ਦੀ ਅਗਵਾਈ ਹੇਠ ਮੁਲਾਕਾਤ ਕੀਤੀ ਗਈ। ਇਸ ਮੌਕੇ ਉੱਤੇ ਮੰਚ ਦੇ ਚੇਅਰਮੈਨ ਸੰਜੇ ਗੋਇਲ ਦੀ ਸਰਪ੍ਰਸਤੀ ਹੇਠ ਡਿਪਟੀ ਕਮਿਸ਼ਨਰ ਸ਼੍ਰੀ ਵਰਜਿਤ ਵਾਲੀਆ (ਆਈ ਏ ਐਸ) ਨੂੰ ਫੁੱਲਾਂ ਦੇ ਬੁਕੇ ਦੇ ਕੇ ਅਹੁਦਾ ਸੰਭਾਲਣ 'ਤੇ ਸੁਆਗਤ ਕੀਤਾ। ਇਸ ਮੌਕੇ ਡੀਸੀ ਸਾਹਿਬ ਨਾਲ ਮੰਚ ਦੀਆਂ ਸਭਿਆਚਾਰਕ, ਸਮਾਜਿਕ ਅਤੇ ਧਾਰਮਿਕ ਗਤਵਿਧੀਆਂ ਬਾਰੇ ਚਰਚਾ ਕੀਤੀ ਗਈ। ਉਹਨਾਂ ਨੇ ਮੰਚ ਦੇ ਅਹੁਦੇਦਾਰਾਂ ਨੂੰ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ। ਇਸ ਮੌਕੇ 'ਤੇ ਜਨਰਲ ਸਕੱਤਰ ਗਗਨ ਗੋਇਲ ਅਤੇ ਵਿਲੀਅਮ ਜੀਤ ਸਿੰਘ ਹਾਜਿਰ ਰਹੇ।

# ਕਲੀਨ ਪਟਿਆਲਾ ਮੁਹਿੰਮ ਤਹਿਤ ਵਾਰਡ ਨੰਬਰ 28 ਵਿੱਚ 'ਇਪਿਕਾ' ਅਤੇ ਨਿਗਮ ਟੀਮ ਵੱਲੋਂ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ




**ਪਟਿਆਲਾ, 13 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਇੰਡੀਅਨ ਪੋਲਿਊਸ਼ਨ ਕੰਟਰੋਲ ਅਸੋਸੀਏਸ਼ਨ ਨੇ ਪੰਜਾਬ ਪਲਾਸਟਿਕ ਵੇਸਟ ਮੈਨੇਜਮੈਂਟ ਸੋਸਾਇਟੀ ਦੀ ਤਰਫੋਂ ਨਿਗਮ ਟੀਮ ਨਾਲ ਮਿਲ ਕੇ ਕਲੀਨ ਪਟਿਆਲਾ ਕਾਰਜ ਯੋਜਨਾ ਹੇਠ ਅੱਜ ਪਟਿਆਲਾ ਦੇ ਵਾਰਡ ਨੰਬਰ 28 ਵਿੱਚ ਵੇਸਟ ਸੇਗਰੇਗੇਸ਼ਨ ਜਾਗਰੂਕਤਾ ਪ੍ਰੋਗਰਾਮ ਸਫਲਤਾਪੂਰਵਕ ਕਰਵਾਏ। ਦੱਸਣਯੋਗ ਹੈ ਕਿ ਇਹ ਉਪਰਾਲਾ ਸੰਸਥਾ ਦੇ ਜੀ.ਐਮ. ਡਾ. ਰੀਨਾ ਚੱਢਾ ਅਤੇ ਨਗਰ ਨਿਗਮ ਦੀ ਹੈਲਥ ਟੀਮ ਦੀ ਯੋਗ ਅਗਵਾਈ ਹੇਠ ਕੀਤਾ ਗਿਆ।

ਟੀਮ ਆਗੂਆਂ ਨੇ ਦੱਸਿਆ ਕਿ ਸ੍ਰੀ ਹਰਕ੍ਰਿਸ਼ਨ ਪਬਲਿਕ ਸਕੂਲ, ਹਨੁਮਾਨ ਮੰਦਰ ਅਤੇ ਗੁਰਦੁਆਰਾ ਕਹਾਨ ਸਿੰਘ ਵਿੱਚ ਕਰਵਾਏ ਗਏ, ਜਿਨ੍ਹਾਂ ਵਿੱਚ ਵਿਦਿਆਰਥੀਆਂ, ਅਧਿਆਪਕਾਂ ਅਤੇ ਵੇਸਟ ਵਰਕਰਾਂ ਨੂੰ ਸਰੋਤ 'ਤੇ ਕਚਰੇ ਦੀ ਛਾਂਟ ਬਾਰੇ ਜਾਗਰੂਕ ਕੀਤਾ ਗਿਆ। ਸੈਸ਼ਨਾਂ ਦੌਰਾਨ ਗੀਲੇ, ਸੁੱਕੇ ਅਤੇ ਪਲਾਸਟਿਕ ਕਚਰੇ ਨੂੰ ਵੱਖ ਕਰਨ ਦੀ ਮਹੱਤਤਾ, ਲਾਭ ਅਤੇ ਤਰੀਕੇ ਦੱਸੇ ਗਏ।

ਉਨ੍ਹਾਂ ਕਿਹਾ ਕਿ ਸ੍ਰੀ ਹਰਕ੍ਰਿਸ਼ਨ ਪਬਲਿਕ ਸਕੂਲ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਇੰਟਰਐਕਟਿਵ ਚਰਚਾ ਅਤੇ ਡੈਮੋ ਕਰਕੇ ਪਲਾਸਟਿਕ ਪ੍ਰਦੂਸ਼ਣ ਘਟਾਉਣ ਅਤੇ ਜ਼ਿੰਮੇਵਾਰ ਵੇਸਟ ਮੈਨੇਜਮੈਂਟ ਲਈ ਪ੍ਰੇਰਿਤ ਕੀਤਾ ਗਿਆ। ਹਨੁਮਾਨ ਮੰਦਰ ਅਤੇ ਗੁਰਦੁਆਰਾ ਕਹਾਨ ਸਿੰਘ ਵਿੱਚ ਸ਼ਰਧਾਲੂਆਂ ਅਤੇ ਵੇਸਟ ਵਰਕਰਾਂ ਲਈ ਸਫਾਈ ਅਤੇ ਠੀਕ ਨਿਪਟਾਰੇ ਬਾਰੇ ਜਾਗਰੂਕਤਾ ਸੈਸ਼ਨ ਕੀਤੇ ਗਏ।

ਇਸ ਮੌਕੇ ਪੰਫਲੈਟ ਵੰਡ ਅਤੇ ਲਾਈਵ ਡੈਮੋ ਰਾਹੀਂ ਭਾਗੀਦਾਰਾਂ ਨੂੰ ਆਪਣੇ ਆਸ-ਪਾਸ ਸਹੀ ਅਮਲ ਕਰਨ ਅਤੇ ਜਾਗਰੂਕਤਾ ਫੈਲਾਉਣ ਲਈ ਉਤਸ਼ਾਹਿਤ ਵੀ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਇਸ ਪਹਿਲ ਦਾ ਮਕਸਦ ਵਿਦਿਆਰਥੀਆਂ, ਅਧਿਆਪਕਾਂ, ਧਾਰਮਿਕ ਸੰਸਥਾਵਾਂ ਅਤੇ ਵੇਸਟ ਵਰਕਰਾਂ ਨੂੰ ਸਸ਼ਕਤ ਕਰਨਾ ਅਤੇ ਪਟਿਆਲਾ ਵਿੱਚ ਟਿਕਾਊ ਵੇਸਟ ਮੈਨੇਜਮੈਂਟ ਨੂੰ ਵਧਾਵਾ ਦੇਣਾ ਹੈ। ÷ਇਪਿਕਾ÷ ਸਾਫ਼ ਅਤੇ ਹਰੇ-ਭਰੇ ਪਟਿਆਲੇ ਲਈ ਲਗਾਤਾਰ ਕੰਮ ਕਰਦੀ ਰਹੇਗੀ।

# ਗਲਾਡਾ ਨੇ ਜਲੰਧਰ ਐਸ.ਟੀ.ਪੀ ਤੋਂ ਕੋਟ ਬਾਦਲ ਖਾਨ ਤੱਕ 571.65 ਲੱਖ ਰੁਪਏ ਦਾ ਰਾਈਜ਼ਿੰਗ ਮੇਨ ਪ੍ਰੋਜੈਕਟ ਸ਼ੁਰੂ ਕੀਤਾ

**ਜਲੰਧਰ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕਾਂ ਨੂੰ ਚੰਗੀ ਤਰ੍ਹਾਂ ਯੋਜਨਾਬੱਧ ਰਿਹਾਇਸ਼ੀ ਸਹੂਲਤਾਂ ਅਤੇ ਆਧੁਨਿਕ ਨਾਗਰਿਕ ਬੁਨਿਆਦੀ ਢਾਂਚਾ ਪ੍ਰਦਾਨ ਕਰਨ ਦੇ ਆਪਣੇ ਨਿਰੰਤਰ ਯਤਨਾਂ ਵਿੱਚ ਪੰਜਾਬ ਦੇ ਹਾਊਸਿੰਗ ਅਤੇ ਸ਼ਹਿਰੀ ਵਿਕਾਸ ਵਿਭਾਗ, ਗ੍ਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ (ਗਲਾਡਾ) ਰਾਹੀਂ, ਮੁੱਖ ਸ਼ਹਿਰੀ ਵਿਕਾਸ ਪ੍ਰੋਜੈਕਟਾਂ ਨੂੰ ਸਰਗਰਮੀ ਨਾਲ ਅੱਗੇ ਵਧਾ ਰਿਹਾ ਹੈ।

ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਅਤੇ ਨਕੋਦਰ ਤੋਂ ਵਿਧਾਇਕ ਇੰਦਰਜੀਤ ਕੌਰ ਮਾਨ ਦੇ ਨਿਰਦੇਸ਼ਾਂ 'ਤੇ ਅਤੇ ਮੁੱਖ ਪ੍ਰਸ਼ਾਸਕ ਸੰਦੀਪ ਕੁਮਾਰ ਦੀ ਅਗਵਾਈ ਹੇਠ ਜ਼ਿਲ੍ਹਾ ਜਲੰਧਰ ਵਿੱਚ ਮੌਜੂਦਾ ਸੀਵਰੇਜ ਟ੍ਰੀਟਮੈਂਟ ਪਲਾਂਟ ਤੋਂ ਕੋਟ ਬਾਦਲ ਖਾਨ ਤੱਕ ਰਾਈਜ਼ਿੰਗ ਮੇਨ ਵਿਛਾਉਣ ਦਾ ਕੰਮ ਸੌਂਪਿਆ ਗਿਆ ਹੈ।

571.65 ਲੱਖ ਰੁਪਏ ਦੀ ਅਨੁਮਾਨਤ ਲਾਗਤ ਵਾਲਾ ਇਹ ਵੱਡਾ ਬੁਨਿਆਦੀ ਢਾਂਚਾ ਪ੍ਰੋਜੈਕਟ ਉੱਚ-ਗੁਣਵੱਤਾ ਵਾਲੀ ਸਮੱਗਰੀ ਅਤੇ ਆਧੁਨਿਕ ਇੰਜੀਨੀਅਰਿੰਗ ਤਕਨੀਕਾਂ ਦੀ ਵਰਤੋਂ ਕਰਕੇ ਚਲਾਇਆ ਜਾਵੇਗਾ। ਨਵਾਂ ਰਾਈਜ਼ਿੰਗ ਮੇਨ ਸੀਵਰੇਜ ਪ੍ਰਬੰਧਨ ਪ੍ਰਣਾਲੀ ਨੂੰ ਮਹੱਤਵਪੂਰਨ ਤੌਰ 'ਤੇ ਮਜ਼ਬੂਤ ਕਰੇਗਾ ਅਤੇ ਖੇਤਰ ਵਿੱਚ ਸਮੁੱਚੇ ਡਰੇਨੇਜ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰੇਗਾ।

ਇੱਕ ਵਾਰ ਪੂਰਾ ਹੋਣ 'ਤੇ ਇਹ ਪ੍ਰੋਜੈਕਟ ਨੂਰਮਹਿਲ ਖੇਤਰ ਦੇ ਵਸਨੀਕਾਂ ਨੂੰ ਲੰਬੇ ਸਮੇਂ ਤੋਂ ਉਡੀਕੀ ਜਾ ਰਹੀ ਰਾਹਤ ਪ੍ਰਦਾਨ ਕਰੇਗਾ, ਜੋ ਕਈ ਸਾਲਾਂ ਤੋਂ ਸੀਵਰੇਜ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ। ਬਿਹਤਰ ਸੀਵਰੇਜ ਸਹੂਲਤਾਂ ਇਲਾਕੇ ਵਿੱਚ ਬਿਹਤਰ ਜਨਤਕ ਸਿਹਤ, ਸੈਨੀਟੇਸ਼ਨ ਅਤੇ ਜੀਵਨ ਦੀ ਸਮੁੱਚੀ ਗੁਣਵੱਤਾ ਵਿੱਚ ਯੋਗਦਾਨ ਪਾਉਣਗੀਆਂ।

## ਮੁਹਿੰਮ ਉਪਰੇਸ਼ਨ ਪਰਹਾਰ-2 ਤਹਿਤ ਪਟਿਆਲਾ ਪੁਲਿਸ ਦੂਜੇ ਦਿਨ ਵੀ ਰਹੀ ਮੁਸਤੈਦ

# ਹੁਣ ਤੱਕ ਕੁੱਲ 85 ਲੋੜੀਂਦੇ ਮੁਜਰਮਾਂ ਨੂੰ ਗ੍ਰਿਫਤਾਰ ਕੀਤਾ ਗਿਆ: ਵਰੁਣ ਸ਼ਰਮ

**ਪਟਿਆਲਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਜਿਲ੍ਹਾ ਪੁਲਿਸ ਮੁਖੀ ਵਰੁਣ ਸ਼ਰਮਾ ਨੇ ਦੱਸਿਆ ਹੈ ਕਿ ਪੰਜਾਬ ਦੇ ਡਾਇਰੈਕਟਰ ਜਨਰਲ ਆਫ ਪੁਲਿਸ, ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਹੇਠ ਪੰਜਾਬ ਪੁਲਿਸ ਵੱਲੋਂ ਚਲਾਈ ਗਈ ਮੁਹਿੰਮ ਉਪਰੇਸ਼ਨ ਪਰਹਾਰ-2 ਦੇ ਤਹਿਤ ਕਾਰਵਾਈ ਅਮਲ ਵਿੱਚ ਲਿਆਂਉਂਦੇ ਹੋਏ ਪਟਿਆਲਾ ਪੁਲਿਸ ਨੇ ਜ਼ਿਲ੍ਹੇ ਵਿੱਚ ਅੱਜ ਦੂਸਰੇ ਦਿਨ ਵੀ ਸਵੇਰੇ 5 ਵਜੇ ਤੋਂ ਹੀ ਪੁਲਿਸ ਅਧਿਕਾਰੀਆਂ/ਕਰਮਚਾਰੀਆਂ ਦੀਆਂ ਵੱਖ-ਵੱਖ ਟੀਮਾਂ ਬਣਾ ਕੇ ਅਲੱਗ-ਅਲੱਗ ਥਾਵਾਂ 'ਤੇ ਲਗਾਤਾਰ ਛਾਪੇਮਾਰੀ ਕੀਤੀ ਗਈ।



ਐਸ ਐਸ ਪੀ ਵਰੁਣ ਸ਼ਰਮਾ ਨੇ ਦੱਸਿਆ ਕਿ ਪਟਿਆਲਾ ਪੁਲਿਸ ਵੱਲੋਂ ਛਾਪੇਮਾਰੀ ਦੌਰਾਨ ਮਿਤੀ 09 ਫਰਵਰੀ ਨੂੰ ਕਤਲ, ਲੁੱਟਾਂ, ਖੋਹਾਂ, ਡਕੈਤੀ ਅਤੇ ਨਸ਼ਾ ਤਸਕਰੀ ਵਾਲੇ ਸੰਗੀਨ ਜੁਰਮਾਂ ਦੇ ਤਹਿਤ ਦਰਜ ਮੁਕੱਦਮਿਆਂ ਦੇ ਕ੍ਰੀਬ 45 ਲੋੜੀਂਦੇ ਮੁਜਰਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਅੱਜ ਮਿਤੀ 10 ਫਰਵਰੀ ਨੂੰ 40 ਹੋਰ ਲੋੜੀਂਦੇ ਮੁਜਰਮਾਂ ਨੂੰ ਗ੍ਰਿਫਤਾਰ ਕਰਕੇ ਹੁਣ ਤੱਕ ਕੁੱਲ 85 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਹਨਾਂ ਵਿੱਚੋਂ ਇੱਕ ਐਨਡੀਪੀਐਸ ਐਕਟ ਅਧੀਨ ਕਮਰਸ਼ੀਅਲ ਰਿਕਵਰੀ ਹੇਠ ਥਾਣਾ ਸ਼ੰਭੂ ਵਿਖੇ ਦਰਜ ਮੁਕੱਦਮਾ ਦੇ ਦੋਸ਼ੀ/ਭਗੌੜਾ ਵਿਅਕਤੀ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ। ਇਸੇ ਤਰ੍ਹਾਂ ਥਾਣਾ ਪਾਤੜਾਂ ਅਤੇ ਸੀ.ਆਈ.ਏ. ਪਟਿਆਲਾ ਦੀਆਂ ਟੀਮਾਂ ਵੱਲੋਂ ਲੁੱਟਾਂ ਖੋਹਾਂ ਕਰਨ ਵਾਲੇ ਦੋ ਗੈਂਗਾਂ ਦੇ 9 ਵਿਅਕਤੀਆਂ ਖਿਲਾਫ ਦੋ ਵੱਖ-ਵੱਖ ਮੁਕੱਦਮਾ ਦਰਜ ਕਰਕੇ ਉਹਨਾਂ ਪਾਸੋਂ ਮਾਰੂ ਹਥਿਆਰ (ਚਾਕੂ, ਰਾਡਾਂ ਆਦਿ) ਬ੍ਰਾਮਦ ਕਰਕੇ ਗ੍ਰਿਫਤਾਰੀ ਕੀਤੀ ਗਈ ਹੈ।
ਜਿੰਨ੍ਹਾਂ ਪਾਸੋਂ ਡੂੰਘਾਈ ਨਾਲ ਪੁੱਛ-ਗਿੱਛ ਕਰਦੇ ਹੋਏ ਮੁਕੱਦਮਾਤ ਵਿੱਚ ਅਗਲੀ ਤਫਤੀਸ਼ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

ਇਸ ਸਬੰਧੀ ਵਰੁਣ ਸ਼ਰਮਾ ਨੇ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅੱਜ ਛਾਪੇਮਾਰੀ ਤੋਂ ਇਲਾਵਾ ਸਮਾਂ 11 ਸਵੇਰੇ ਤੋਂ ਦੁਪਹਿਰ 1ਵਜੇ ਤੱਕ ਜ਼ਿਲ੍ਹਾ ਪਟਿਆਲਾ ਅੰਦਰ ਸਾਰੇ ਬੱਸ ਸਟੈਂਡਾਂ ਦਾ ਕਾਰਡਨ ਅਤੇ ਸਰਚ ਅਪਰੇਸ਼ਨ ਕੀਤਾ ਗਿਆ। ਜਿਸ ਵਿੱਚ ਸ਼ੱਕੀ ਵਿਅਕਤੀਆਂ, ਬੈਗੇਜ ਅਤੇ ਪਾਰਕਿੰਗਾਂ ਵਿੱਚ ਖੜੇ ਵਹੀਕਲਾਂ ਆਦਿ ਦੀ ਬਰੀਕੀ ਨਾਲ ਚੈਕਿੰਗ ਕੀਤੀ ਗਈ ਅਤੇ 13 ਵਹੀਕਲ੍ਹਾਂ ਦੇ ਜਾਬਤੇ ਅਨੁਸਾਰ ਚਲਾਨ ਵੀ ਕੀਤੇ ਗਏ। ਇਸ ਦੇ ਨਾਲ ਹੀ ਅੱਜ ਦੁਪਹਿਰ 02:00 ਤੋਂ ਸ਼ਾਮ 04 ਵਜੇ ਤੱਕ ਸਮੂਹ ਸਰਕਲ ਅਫਸਰਾਂ ਦੀ ਨਿਗਰਾਨੀ ਹੇਠ ਥਾਣਿਆਂ ਅਤੇ ਪੁਲਿਸ ਚੌਕੀਆਂ ਦੀ ਫੋਰਸ ਦੁਆਰਾ ਫਲੈਗ ਮਾਰਚ ਕੀਤਾ ਗਿਆ।

ਇਸ ਤੋਂ ਇਲਾਵਾ ਸ਼ਹਿਰ ਦੇ ਵੱਖ-ਵੱਖ ਬਾਹਰੀ ਇਲਾਕਿਆਂ ਵਿੱਚ ਰਹਿੰਦੇ ਕਿਰਾਏਦਾਰਾਂ/ਵਿਅਕਤੀਆਂ ਦੀ ਸਮਾਂ 02 ਵਜੇ ਦੁਪਹਿਰ ਤੋਂ ਸ਼ਾਮ 06 ਵਜੇ ਤੱਕ ਚੈਕਿੰਗ ਕਰਵਾਈ ਗਈ। ਜਿਸ ਵਿਚ ਵੀ ਕਿਰਾਏਦਾਰ ਵਿਅਕਤੀਆਂ ਦੇ ਸਥਾਈ ਪਤਿਆਂ ਬਾਰੇ ਅਤੇ ਅਸਲ ਪਹਿਚਾਣ ਸਬੰਧੀ ਸ਼ਨਾਖਤੀ ਦਸਤਾਵੇਜ ਚੈਕ ਕੀਤੇ ਗਏ। ਸ਼ਾਮ 5 ਵਜੇ ਤੋਂ ਰਾਤ 9 ਤੱਕ ਜ਼ਿਲ੍ਹਾ ਪਟਿਆਲਾ ਦੇ ਅੰਦਰ ÷ਸਿਟੀ ਸੀਲਿੰਗ÷ ਕਰਵਾਈ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਸਾਰੀ ਕਾਰਵਾਈ ਵਿੱਚ ਕਰੀਬ 1500 ਪੁਲਿਸ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਕਾਰਵਾਈ ਅਮਲ ਵਿੱਚ ਲਿਆਂਦੀ ਗਈ।

ਜਿੰਨ੍ਹਾਂ ਨੇ ਅਖੀਰ ਵਿੱਚ ਗੈਂਗਸਟਰਾਂ ਨੂੰ , ਉਹਨਾਂ ਦੇ ਸਾਥੀਆਂ ਨੂੰ ਅਤੇ ਕ੍ਰਿਮੀਨਲ ਵਿਅਕਤੀਆਂ ਨੂੰ ਸਖਤ ਸੁਨੇਹਾ ਦਿੰਦੇ ਹੋਏ ਕਿਹਾ ਕਿ ਕਾਨੂੰਨ ਪੂਰੀ ਸਖਤਾਈ ਨਾਲ ਆਪਣਾ ਕੰਮ ਕਰੇਗਾ ਅਤੇ ਜਾਬਤੇ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਉਂਦੇ ਹੋਏ ਮੁਕੱਦਮਿਆਂ ਵਿੱਚ ਸ਼ਾਮਲ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਜਾਵੇਗਾ ਅਤੇ ਉਨ੍ਹਾਂ ਖਿਲਾਫ਼ ਇਸੇ ਤਰ੍ਹਾਂ ਸਖਤਾਈ ਅੱਗੇ ਵੀ ਜਾਰੀ ਰਹੇਗੀ।

# ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਪਟਿਆਲਾ ਦੇ ਸਕੂਲ ਆਫ਼ ਐਮੀਨੈਂਸ ਦਾ ਅਚਨਚੇਤ ਦੌਰਾ, ਬੁਨਿਆਦੀ ਢਾਂਚੇ ਦਾ ਲਿਆ ਜਾਇਜ਼ਾ

**ਚੰਡੀਗੜ੍ਹ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ ਸਵੇਰੇ ਪਟਿਆਲਾ ਜ਼ਿਲ੍ਹੇ ਦੇ ਭਾਦਸੋਂ ਵਿਖੇ ਸਥਿਤ ਸਕੂਲ ਆਫ਼ ਐਮੀਨੈਂਸ ਦਾ ਅਚਨਚੇਤ ਦੌਰਾ ਕੀਤਾ, ਜੋ ਭਗਵੰਤ ਮਾਨ ਸਰਕਾਰ ਦੀ ਚੱਲ ਰਹੀ 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਨੂੰ ਮਜ਼ਬੂਤ ਕਰਨ ਦੀ ਦ੍ਰਿੜ੍ਹ ਵਚਨਬੱਧਤਾ ਨੂੰ ਉਜਾਗਰ ਕਰਦਾ ਹੈ। ਇਸ ਦੌਰੇ ਦੌਰਾਨ ਸਿੱਖਿਆ ਮੰਤਰੀ ਨੇ ਚੱਲ ਰਹੇ ਬੁਨਿਆਦੀ ਢਾਂਚੇ ਦੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ ਅਤੇ ਸਿੱਖਿਆ ਦੀ ਗੁਣਵੱਤਾ ਅਤੇ ਪ੍ਰਦਾਨ ਕੀਤੀਆਂ ਜਾ ਰਹੀਆਂ ਸਹੂਲਤਾਂ ਦਾ ਮੁਲਾਂਕਣ ਕਰਨ ਲਈ ਵਿਦਿਆਰਥੀਆਂ ਨਾਲ ਸਿੱਧੇ ਤੌਰ 'ਤੇ ਗੱਲਬਾਤ ਕੀਤੀ।



ਸਕੂਲ ਦਾ ਵਿਆਪਕ ਦੌਰਾ ਕਰਦਿਆਂ ਸ. ਹਰਜੋਤ ਸਿੰਘ ਬੈਂਸ ਨੇ ਬੁਨਿਆਦੀ ਢਾਂਚੇ ਨੂੰ ਅੱਪਗ੍ਰੇਡ ਕਰਨ ਸਬੰਧੀ ਕੰਮਾਂ ਦੀ ਪ੍ਰਗਤੀ ਦਾ ਬਾਰੀਕੀ ਨਾਲ ਜਾਇਜ਼ਾ ਲਿਆ। ਉਨ੍ਹਾਂ ਨੇ ਸਕੂਲਾਂ ਵਿੱਚ ਸਿੱਖਿਆ ਦੀ ਗੁਣਵੱਤਾ ਅਤੇ ਸਹੂਲਤਾਂ ਬਾਰੇ ਫੀਡਬੈਕ ਲੈਣ ਲਈ ਵਿਦਿਆਰਥੀਆਂ ਨਾਲ ਗੱਲਬਾਤ ਵੀ ਕੀਤੀ।

ਬੈਂਸ ਨੇ ਇਸ ਸਕੂਲ ਵਿੱਚ 90 ਲੱਖ ਰੁਪਏ ਦੀ ਲਾਗਤ ਨਾਲ ਉਸਾਰੇ ਜਾ ਰਹੇ ਅਤਿ-ਆਧੁਨਿਕ ਇਨਡੋਰ ਸਪੋਰਟਸ ਕੰਪਲੈਕਸ ਦੇ ਨਿਰਮਾਣ ਦਾ ਵੀ ਜਾਇਜ਼ਾ ਲਿਆ, ਜਿਸ ਵਿੱਚ ਦੋ ਕਬੱਡੀ ਮੈਟ ਅਤੇ ਇੱਕ ਕੁਸ਼ਤੀ ਮੈਟ ਸਮੇਤ 2,000 ਲੋਕਾਂ ਦੇ ਬੈਠਣ ਦੀ ਸਮਰੱਥਾ ਹੈ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਮਾਨਸਿਕ ਅਤੇ ਸਰੀਰਕ ਪੱਖੋਂ ਸਿਹਤਮੰਦ ਬਣਾਉਣ ਲਈ ਮੁਕੰਮਲ ਸਿੱਖਿਆ 'ਤੇ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ।

ਹਰਜੋਤ ਸਿੰਘ ਬੈਂਸ ਨੇ ਕਿਹਾ, ਸਿੱਖਿਆ ਭਗਵੰਤ ਮਾਨ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ। ਸਾਡੇ 'ਸਕੂਲ ਆਫ਼ ਐਮੀਨੈਂਸ' ਸਿਰਫ਼ ਇਮਾਰਤਾਂ ਨਹੀਂ ਹਨ; ਇਹ ਭਵਿੱਖ ਦੇ ਨੇਤਾਵਾਂ ਅਤੇ ਪੇਸ਼ੇਵਰਾਂ ਦਾ ਆਧਾਰ ਹਨ।ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਸਰਕਾਰੀ ਸਕੂਲਾਂ ਵਿੱਚ ਦਾਖਲਾ ਲੈਣਾ ਸਾਡੀਆਂ ਨੀਤੀਆਂ ਅਤੇ ਪ੍ਰਦਾਨ ਕੀਤੀ ਜਾ ਰਹੀ ਮਿਆਰੀ ਸਿੱਖਿਆ ਦਾ ਪ੍ਰਤੱਖ ਪ੍ਰਮਾਣ ਹੈ। ਸਿੱਖਿਆ ਮੰਤਰੀ ਨੇ ਕਿਹਾ, ਸਿੱਖਿਆ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ। ਸਾਡੇ ਵਿਦਿਆਰਥੀਆਂ ਵਿੱਚ ਨਿਵੇਸ਼ ਕਰਨਾ ਸਿੱਧੇ ਤੌਰ 'ਤੇ ਪੰਜਾਬ ਅਤੇ ਦੇਸ਼ ਦੇ ਭਵਿੱਖ ਵਿੱਚ ਨਿਵੇਸ਼ ਕਰਨ ਦੇ ਬਰਾਬਰ ਹੈ।

ਸਕੂਲ ਪ੍ਰਿੰਸੀਪਲ ਪ੍ਰੀਤਇੰਦਰ ਘਈ ਨੇ ਸਿੱਖਿਆ ਮੰਤਰੀ ਨੂੰ ਦੱਸਿਆ ਕਿ ਇਸ ਅਕਾਦਮਿਕ ਸਾਲ ਇਸ ਸਕੂਲ ਦੇ ਦਾਖਲਿਆਂ ਵਿੱਚ 11 ਫ਼ੀਸਦੀ ਵਾਧਾ ਹੋਇਆ ਹੈ ਅਤੇ 200 ਤੋਂ ਵੱਧ ਵਿਦਿਆਰਥੀ ਪ੍ਰਾਈਵੇਟ ਸਕੂਲਾਂ ਤੋਂ ਆਏ ਹਨ, ਜੋ ਕਿ ਸਰਕਾਰੀ ਸਿੱਖਿਆ ਪ੍ਰਣਾਲੀ ਵਿੱਚ ਮਾਪਿਆਂ ਦੇ ਵਧਦੇ ਵਿਸ਼ਵਾਸ ਨੂੰ ਦਰਸਾਉਂਦਾ ਹੈ। ਉਨ੍ਹਾਂ ਦੱਸਿਆ ਕਿ 400 ਤੋਂ ਵੱਧ ਵਿਦਿਆਰਥੀ ਛੇ ਸਕੂਲ ਬੱਸਾਂ ਰਾਹੀਂ ਆਵਾਜਾਈ ਸਹੂਲਤਾਂ ਦਾ ਲਾਭ ਲੈ ਰਹੇ ਹਨ, ਜੋ ਕਿ ਉੱਤਮਤਾ ਦੇ ਕੇਂਦਰ ਵਜੋਂ ਸਕੂਲ ਦੀ ਵਧਦੀ ਸਾਖ ਨੂੰ ਦਰਸਾਉਂਦਾ ਹੈ।

# ਰਾਖਵਾਂਕਰਨ ਨੀਤੀ ਸਹੀ ਰੂਪ ਵਿੱਚ ਲਾਗੂ ਨਾ ਕਰਨ ਤੇ ਗਲਤ ਰੋਸਟਰ ਰਜਿਸਟਰਾਂ ਨੂੰ ਪ੍ਰਵਾਨ ਕਰਨ ਵਾਲਿਆਂ ਤੇ ਕੀਤੀ ਜਾਵੇਗੀ ਕਾਨੂੰਨੀ ਕਾਰਵਾਈ: ਡਾ. ਬਲਜੀਤ ਕੌਰ



**ਪਟਿਆਲਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਐਸ ਸੀ/ ਬੀ ਸੀ ਅਧਿਆਪਕ ਯੂਨੀਅਨ ਪੰਜਾਬ ਦੀ ਮੀਟਿੰਗ ਸਟੇਟ ਪ੍ਰਧਾਨ ਕ੍ਰਿਸ਼ਨ ਸਿੰਘ ਦੁੱਗਾਂ ਦੀ ਅਗਵਾਈ ਵਿੱਚ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਦੀ ਮੰਤਰੀ ਡਾ. ਬਲਜੀਤ ਕੌਰ ਜੀ ਨਾਲ ਪੰਜਾਬ ਭਵਨ ਵਿਖੇ ਹੋਈ। ਜਿਸ ਵਿੱਚ ਜਨਰਲ ਸਕੱਤਰ ਲਛਮਣ ਸਿੰਘ ਨਬੀਪੁਰ, ਸਕੱਤਰ ਜਨਰਲ ਬਲਵਿੰਦਰ ਸਿੰਘ ਲਤਾਲਾ, ਵਿੱਤ ਸਕੱਤਰ ਗੁਰਪ੍ਰੀਤ ਸਿੰਘ ਗੁਰੂ, ਸੀਨੀਅਰ ਮੀਤ ਪ੍ਰਧਾਨ ਵੀਰ ਸਿੰਘ ਮੋਗਾ ਸੀਨੀਅਰ ਮੀਤ ਪ੍ਰਧਾਨ ਪਰਵਿੰਦਰ ਭਾਰਤੀ ਸ਼ਾਮਿਲ ਹੋਏ। ਇਸ ਮੀਟਿੰਗ ਵਿੱਚ ਵਿਦਿਆਰਥੀਆਂ ਨੂੰ ਸਾਰੇ ਵਿਸ਼ਿਆਂ ਦੀਆਂ ਪਾਠ ਪੁਸਤਕਾਂ ਸ਼ੈਸ਼ਨ ਦੇ ਸ਼ੁਰੂ ਚ 15 ਅਪ੍ਰੈਲ ਤੱਕ ਦੇਣ, ਵੱਖ-ਵੱਖ ਵਜ਼ੀਫਿਆਂ ਦੀ ਦਰ ਜਮਾਤ ਵਾਰ ਇਕ ਸਮਾਨ ਕਰਨ, ਮੈਰੀਟੋਰੀਅਸ ਵਜ਼ੀਫੇ ਨੂੰ ਹਾਜ਼ਰੀ ਵਜ਼ੀਫਿਆਂ ਤੋਂ ਵੱਖਰਾ ਦੇਣ, ਵਜ਼ੀਫੇ ਦੀ ਦਰ ਚ ਸਨਮਾਨਜਨਕ ਵਾਧਾ ਕਰਨ, ਵਜ਼ੀਫੇ ਅਪਲਾਈ ਕਰਨ ਸਮੇਂ ਆਮਦਨ ਸਰਟੀਫਿਕੇਟ ਦੀ ਥਾਂ ਸਵੈ ਘੋਸ਼ਣਾ ਸਵਿਕਾਰ ਕਰਨ, ਆਬਾਦੀ ਅਨੁਸਾਰ ਰਾਖਵਾਂਕਰਨ ਦੇਣ, ਸਿੱਧੀ ਭਰਤੀ ਤੇ ਤਰੱਕੀਆਂ ਚ ਰਾਖਵਾਂਕਰਨ ਨੀਤੀ ਨੂੰ ਸਹੀ ਰੂਪ ਵਿੱਚ ਲਾਗੂ ਕਰਨ, ਵੱਖ ਵੱਖ ਵਿਭਾਗਾਂ ਚ ਰੋਸਟਰ ਰਜਿਸਟਰਾਂ ਨੂੰ ਠੀਕ ਤਿਆਰ ਕਰਨ, ਓਪਨ ਮੈਰਿਟ ਵਿੱਚ ਆਏ ਰਿਜ਼ਰਵ ਸ਼੍ਰੇਣੀਆਂ ਦੇ ਉਮੀਦਵਾਰਾਂ ਨੂੰ ਓਪਨ 'ਚ ਦਰਜ ਕਰਨ, ਸੀਨੀਆਰਤਾ ਕਮ ਮੈਰਿਟ ਨੂੰ ਸਹੀ ਰੂਪ ਵਿੱਚ ਲਾਗੂ ਕਰਕੇ ਰਿਜ਼ਰਵੇਸ਼ਨ ਦੇਣ, ਆਰ ਕੇ ਸੱਭਰਵਾਲ ਜਜਮੈਂਟ ਦੀ ਅਣਦੇਖੀ ਕਰਕੇ ਗਲਤ ਰੋਸਟਰ ਰਜਿਸਟਰਾਂ ਨੂੰ ਤਿਆਰ ਕਰਨ ਤੇ ਪ੍ਰਵਾਨ ਕਰਨ ਵਾਲੇ ਅਧਿਕਾਰੀਆਂ ਖ਼ਿਲਾਫ਼ ਬਣਦੀ ਕਾਨੂੰਨੀ ਤੇ ਵਿਭਾਗੀ ਕਾਰਵਾਈ ਕਰਨ, ਜਾਤੀ ਆਧਾਰਿਤ ਸਕੂਲਾਂ, ਮੁਹੱਲਿਆਂ ਤੇ ਪਿੰਡਾਂ ਦੇ ਨਾਂ ਸਨਮਾਨਜਨਕ ਰੱਖਣ, ਵੱਖ ਵੱਖ ਵਿਭਾਗਾਂ ਵਿੱਚ ਪਏ ਬੈਕਲਾਗ ਨੂੰ ਵਿਸ਼ੇਸ਼ ਮੁਹਿੰਮ ਰਾਹੀਂ ਭਰਨ, ਖਾਲੀ ਦਰਜਾ ਚਾਰ ਪੋਸਟਾਂ ਰੈਗੂਲਰ ਤੌਰ ਤੇ ਭਰਨ, ਸਕੂਲ ਅਧਿਆਪਕਾਂ ਦੀਆਂ ਗੈਰ ਵਿਦਿਅਕ ਕੰਮਾਂ ਚ ਡਿਊਟੀਆਂ ਲਾਉਣੀਆਂ ਬੰਦ ਕਰਨ, 10675 ਅਨੁਸਾਰ ਵੱਖ ਵੱਖ ਭਰਤੀਆਂ ਦਾ ਰਿਵਿਊ ਕਰਕੇ ਰਿਜ਼ਰਵ ਸ਼੍ਰੇਣੀਆਂ ਦੇ ਉਮੀਦਵਾਰਾਂ ਨੂੰ ਇਨਸਾਫ਼ ਦੇਣ, ਜਾਅਲੀ ਜਾਤੀ ਸਰਟੀਫਿਕੇਟ ਰੱਦ ਕਰਨ, ਰੱਦ ਕੀਤੇ ਗਏ ਸਰਟੀਫਿਕੇਟ ਵਾਲੇ ਕਰਮਚਾਰੀਆਂ ਤੇ ਵਿਭਾਗੀ ਕਾਰਵਾਈ ਅਮਲ ਲਿਆਉਣ ਲਈ ਵਿਭਾਗਾਂ ਨੂੰ ਪੱਤਰ ਜਾਰੀ ਕਰਕੇ ਸਮਾਂ-ਬੱਧ ਕਾਰਵਾਈ ਕਰਨ ਬਾਰੇ ਮੀਟਿੰਗ 'ਚ ਵਿਸਥਾਰਪੂਰਵਕ ਗੱਲ ਹੋਈ। ਜਿਸ ਤੇ ਵਿਭਾਗ ਦੇ ਮੰਤਰੀ ਤੇ ਅਧਿਕਾਰੀਆਂ ਨੇ ਸਾਰੇ ਹੀ ਮੁੱਦਿਆਂ ਨੂੰ ਕਮੇਟੀ ਬਣਾ ਕੇ ਸਮਾਂ-ਬੱਧ ਹੱਲ ਕਰਨ ਦਾ ਪੂਰਨ ਵਿਸ਼ਵਾਸ ਦਵਾਇਆ। ਇਸ ਸਮੇਂ ਵੈੱਲਫੇਅਰ ਵਿਭਾਗ ਦੇ ਸਕੱਤਰ ਵੀ ਕੇ ਮੀਣਾ, ਡਾਇਰੈਕਟਰ ਵਿੰਮੀ ਭੁੱਲਰ, ਸਿੱਖਿਆ ਵਿਭਾਗ ਦੇ ਵਿਸ਼ੇਸ਼ ਸਕੱਤਰ ਸ੍ਰੀ ਅਰਵਿੰਦ, ਡਾਇਰੈਕਟਰ ਸਕੂਲ ਸਿੱਖਿਆ ਸੈਕੰਡਰੀ ਸ ਗੁਰਿੰਦਰ ਸਿੰਘ ਸੋਢੀ, ਅਸਿਸਟੈਂਟ ਡਾਇਰੈਕਟਰ ਸੁਸ਼ੀਲ ਨਾਥ, ਗੁਰਜੋਤ ਸਿੰਘ, ਸ੍ਰੀ ਸੰਜੀਵ ਮੰਨਣ, ਸ ਸੁੱਖ ਸਾਗਰ ਸਿੰਘ, ਸੁਪਰਡੈਂਟ ਰਮਨਜੀਤ ਕੌਰ, ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਪਟਿਆਲਾ ਸ਼ਾਲੂ ਮਹਿਰਾ ਤੇ ਹੋਰ ਅਧਿਕਾਰੀ ਹਾਜ਼ਰ ਸਨ। ਮੀਟਿੰਗ ਚ ਸਕੱਤਰ ਸੁਖਪਾਲ ਬਕਰਾਹਾ, ਕੰਵਲਜੀਤ ਰਵਾਨੀਗੜ੍ਹ, ਹਰਵਿੰਦਰ ਮਾਰਸ਼ਲ, ਹੈਪੀ ਸਿੰਘ ਮੋਗਾ, ਪਰਮਜੀਤ ਸਿੰਘ ਲੁਧਿਆਣਾ, ਹਰਜਿੰਦਰ ਅਰਜ਼, ਬਲਜੀਤ ਸਿੰਘ, ਮਨਪ੍ਰੀਤ ਸਿੰਘ ਰੂਪਨਗਰ, ਲੈਕ ਹਰਬਿਲਾਸ ਬੰਗਾ ਤੇ ਹੋਰ ਆਗੂ ਸਾਥੀ ਸ਼ਾਮਿਲ ਹੋਏ।

# ਵਾਈ.ਪੀ.ਐਸ. ਚੌਂਕ 'ਚ ਜੰਗੀ ਯਾਦਗਾਰ ਸੈਨੋਟਾਫ਼ 'ਤੇ ਫ਼ੌਜੀ ਅਧਿਕਾਰੀਆਂ ਤੇ ਡੀ.ਸੀ. ਵੱਲੋਂ ਸ਼ਰਧਾਂਜਲੀਆਂ



**ਪਟਿਆਲਾ, 13 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਚੌਥੇ ਮਿਲਟਰੀ ਲਿਟਰੇਚਰ ਫੈਸਟੀਵਲ ਦੀ ਸ਼ੁਰੂਆਤ ਮੌਕੇ ਅੱਜ ਸਵੇਰੇ ਇੱਥੇ ਵਾਈ.ਪੀ.ਐਸ. ਚੌਂਕ ਵਿਖੇ ਪਟਿਆਲਾ ਰਾਜ ਬਲ ਅਤੇ ਬਲੈਕ ਐਲੀਫੈਂਟ ਜੰਗੀ ਯਾਦਗਾਰ ਸਮਾਰਕ ਵਿਖੇ ਵੱਖ-ਵੱਖ ਜੰਗਾਂ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ। ਇਸ ਮੌਕੇ ਵਾਈ.ਪੀ.ਐਸ. ਸਕੂਲ ਤੋਂ ਸ਼ੁਰੂ ਕਰਵਾਈ ਗਈ ਬ੍ਰੇਵ ਹਾਰਟ ਮੋਟਰਸਾਈਕਲ ਰੈਲੀ ਨੇ ਵਿਦਿਆਰਥੀਆਂ ਨੂੰ ਅਨੁਸ਼ਾਸਤ, ਨਸ਼ਾ ਰਹਿਤ ਤੇ ਉਤਸ਼ਾਹ ਭਰਪੂਰ ਜਿੰਦਗੀ ਜਿਉਣ ਦਾ ਸੁਨੇਹਾ ਦਿੱਤਾ।

ਇਸ ਮੌਕੇ ਮਿਲਟਰੀ ਲਿਟਰੇਚਰ ਫੈਸਟੀਵਲ ਐਸੋਸੀਏਸ਼ਨ ਦੇ ਵਾਈਸ ਚੇਅਰਮੈਨ ਲੈਫ.ਜਨ (ਰਿਟਾ.) ਚੇਤਿੰਦਰ ਸਿੰਘ, ਬ੍ਰਿਗੇਡੀਅਰ ਅਵਦਿੱਤਿਆ ਮਦਾਨ, ਭਾਰਤੀ ਸੈਨਾ ਦੀ 98 ਆਰਮਡ ਬ੍ਰਿਗੇਡ ਦੇ ਕਮਾਂਡਰ ਬ੍ਰਿਗੇਡੀਅਰ ਪਿਯੂਸ਼ ਬੱਬਰਵਾਲ, ਡਿਪਟੀ ਕਮਿਸ਼ਨਰ ਵਰਜੀਤ ਵਾਲੀਆ, ਏ.ਡੀ.ਸੀ. (ਯੂ.ਡੀ.) ਡਾ. ਇਸਮਤ ਵਿਜੇ ਸਿੰਘ, ਆਰ.ਟੀ.ਓ. ਬਬਨਦੀਪ ਸਿੰਘ ਵਾਲੀਆ ਸਮੇਤ ਹੋਰਨਾਂ ਨੇ ਫੁੱਲ ਮਾਲਾਵਾਂ ਭੇਟ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ। ਇਸ ਤੋਂ ਬਾਅਦ ਵਾਈ.ਪੀ.ਐਸ. ਸਕੂਲ ਵਿਖੇ ਇਕੱਠੇ ਹੋਏ 100 ਦੇ ਕਰੀਬ ਵੱਖ-ਵੱਖ ਮੋਟਰਸਾਈਕਲ ਸਵਾਰਾਂ ਦੀ ਬ੍ਰੇਵ ਹਾਰਟ ਮੋਟਰਸਾਈਕਲ ਰੈਲੀ ਨੂੰ ਲੈਫ.ਜਨ (ਰਿਟਾ.) ਚੇਤਿੰਦਰ ਸਿੰਘ, ਬ੍ਰਿਗੇਡੀਅਰ ਅਵਦਿੱਤਿਆ ਮਦਾਨ, ਬ੍ਰਿਗੇਡੀਅਰ ਪਿਯੂਸ਼ ਬੱਬਰਵਾਲ, ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਅਤੇ ਵਾਈ.ਪੀ.ਐਸ. ਸਕੂਲ ਦੇ ਹੈਡਮਾਸਟਰ ਨਵੀਨ ਕੁਮਾਰ ਦੀਕਸ਼ਿਤ ਨੇ ਝੰਡੀ ਵਿਖਾ ਕੇ ਰਵਾਨਾ ਕੀਤਾ। ਇਹ ਰੈਲੀ ਪਟਿਆਲਾ ਸ਼ਹਿਰ ਵਿਖੇ ਕਰੀਬ 26 ਕਿਲੋਮੀਟਰ ਦਾ ਚੱਕਰ ਪੂਰਾ ਕਰਕੇ ਖ਼ਾਲਸਾ ਕਾਲਜ ਵਿਖੇ ਮਿਲਟਰੀ ਲਿਟਰੇਚਰ ਫੈਸਟੀਵਲ ਵਾਲੇ ਸਥਾਨ 'ਤੇ ਸਮਾਪਤ ਹੋਈ।

ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਦੱਸਿਆ ਕਿ ਮਿਲਟਰੀ ਲਿਟਰੇਚਰ ਫੈਸਟੀਵਲ ਐਸੋਸੀਏਸ਼ਨ, ਭਾਰਤੀ ਫ਼ੌਜ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਵਾਈ ਗਈ ਇਹ ਬ੍ਰੇਵ ਹਾਰਟ ਮੋਟਰਸਾਈਕਲ ਰਾਈਡ ਰੈਲੀ ਦਾ ਉਦੇਸ਼ ਜਿੱਥੇ ਦੇਸ਼ ਦੀ ਆਜ਼ਾਦੀ ਤੋਂ ਹੁਣ ਤੱਕ ਦੇ ਇਤਿਹਾਸ 'ਚ ਸ਼ਹੀਦ ਹੋਏ ਫ਼ੌਜੀਆਂ ਨੂੰ ਸ਼ਰਧਾਂਜਲੀ ਅਰਪਿਤ ਕਰਨਾ ਹੈ, ਉੱਥੇ ਹੀ ਨੌਜਵਾਨਾਂ ਨੂੰ ਐਡਵੈਂਚਰ ਲਈ ਉਤਸ਼ਾਹਤ ਕਰਕੇ ਨਸ਼ਿਆਂ ਤੋਂ ਰਹਿਤ ਇੱਕ ਅਨੁਸ਼ਾਸਤ ਤੇ ਸੁਰੱਖਿਅਤ ਭਵਿੱਖ ਜਿਉਣ ਲਈ ਪ੍ਰੇਰਤ ਕਰਨਾ ਵੀ ਹੈ। ਇਸ ਉਪਰੰਤ ਵਾਈ.ਪੀ.ਐਸ. ਸਕੂਲ ਵਿਖੇ ਮਿਲਟਰੀ ਲਿਟਰੇਚਰ ਫੈਸਟੀਵਲ ਦੇ ਹਿੱਸੇ ਵਜੋਂ ਕਰਵਾਏ ਗਏ ਇੱਕ ਬੌਧਿਕ ਸੈਸ਼ਨ ਮੌਕੇ ਪ੍ਰਸਿੱਧ ਬੁਲਾਰਿਆਂ ਬ੍ਰਿਗੇਡੀਅਰ ਅਦਵਿੱਤਿਆ ਮਦਾਨ ਅਤੇ ਮੇਜਰ ਜਨਰਲ ਹਰਵਿਜੇ ਸਿੰਘ ਨੇ ਵਾਈਪੀਐਸ ਵਿਦਿਆਰਥੀਆਂ, ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਮੌਜੂਦਾਂ ਸਮੇਂ ਸੰਸਾਰ ਵਿੱਚ ਚੱਲ ਰਹੇ ਯੁੱਧ ਵਰਗੇ ਹਾਲਾਤ ਉਤੇ ਆਪਣੇ ਵਿਚਾਰ ਪ੍ਰਗਟਾਏ।

ਬ੍ਰਿਗੇਡੀਅਰ ਅਦਵਿੱਤਿਆ ਮਦਾਨ ਨੇ ਗ੍ਰੀਨਲੈਂਡ ਦੀ ਰਣਨੀਤਕ ਮਹੱਤਤਾ, ਅਮਰੀਕਾ-ਈਰਾਨ ਰੁਕਾਵਟ, ਅਤੇ ਗਾਜ਼ਾ ਸ਼ਾਂਤੀ ਸਮਝੌਤੇ ਨਾਲ ਸਬੰਧਤ ਵਿਕਾਸ ਸਮੇਤ ਮਹੱਤਵਪੂਰਨ ਗਲੋਬਲ ਫਲੈਸ਼ਪੁਆਇੰਟਸ ਦਾ ਇੱਕ ਸੂਝਵਾਨ ਵਿਸ਼ਲੇਸ਼ਣ ਕੀਤਾ। ਮੇਜਰ ਜਨਰਲ ਹਰਵਿਜੇ ਸਿੰਘ ਨੇ ਵੈਨੇਜ਼ੁਏਲਾ ਸੰਕਟ 'ਤੇ ਇੱਕ ਵਿਆਪਕ ਬ੍ਰੀਫਿੰਗ ਕਰਦਿਆਂ, ਇਸਦੇ ਵਿਆਪਕ ਭੂ-ਰਾਜਨੀਤਿਕ ਪ੍ਰਭਾਵਾਂ ਨੂੰ ਉਜਾਗਰ

# ਰਾਜਪੁਰਾ ਵਿੱਚ ਸਾਡੇ ਬਜ਼ੁਰਗ ਸਾਡਾ ਮਾਣ ਅਭਿਆਨ ਤਹਿਤ ਹੈਲਥ ਕੈਂਪ ਆਯੋਜਿਤ



**ਰਾਜਪੁਰਾ/ ਪਟਿਆਲਾ , 12 ਫ਼ਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਚਲਾਏ ਜਾ ਰਹੇ ਸਾਡੇ ਬਜ਼ੁਰਗ ਸਾਡਾ ਮਾਣ ਅਭਿਆਨ ਤਹਿਤ ਲਗਾਏ ਗਏ ਵਿਸ਼ੇਸ਼ ਹੈਲਥ ਅਤੇ ਮੈਡੀਕਲ ਕੈਂਪ ਵਿੱਚ ਰਾਜਪੁਰਾ ਦੇ ਵਿਧਾਇਕ ਸ੍ਰੀਮਤੀ ਨੀਨਾ ਮਿੱਤਲ ਨੇ ਏ.ਪੀ. ਜੈਨ ਸਿਵਲ ਹਸਪਤਾਲ, ਰਾਜਪੁਰਾ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਨੀਨਾ ਮਿੱਤਲ ਨੇ ਕਿਹਾ ਕਿ ਪੰਜਾਬ ਸਰਕਾਰ ਬਜ਼ੁਰਗਾਂ ਦੀ ਸਿਹਤ ਅਤੇ ਭਲਾਈ ਲਈ ਵਚਨਬੱਧ ਹੈ ਅਤੇ ਅਜਿਹੇ ਕੈਂਪਾਂ ਰਾਹੀਂ ਉਨ੍ਹਾਂ ਨੂੰ ਮੁਫ਼ਤ ਅਤੇ ਬਿਹਤਰ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਬਜ਼ੁਰਗ ਸਾਡੇ ਸਮਾਜ ਦੀ ਧਰੋਹਰ ਹਨ ਅਤੇ ਉਨ੍ਹਾਂ ਦੀ ਸੇਵਾ ਕਰਨਾ ਸਾਡਾ ਫਰਜ਼ ਹੈ। ਕੈਂਪ ਦੌਰਾਨ ਡਾਕਟਰਾਂ ਦੀ ਟੀਮ ਵੱਲੋਂ ਬਜ਼ੁਰਗਾਂ ਦੀ ਸਿਹਤ ਜਾਂਚ ਕੀਤੀ ਗਈ ਅਤੇ ਮੁਫ਼ਤ ਦਵਾਈਆਂ ਵੀ ਵੰਡੀਆਂ ਗਈਆਂ। ਇਸ ਤੋਂ ਇਲਾਵਾ ਬਜ਼ੁਰਗਾਂ ਨੂੰ ਸਰਕਾਰੀ ਸਕੀਮਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਵੱਡੀ ਗਿਣਤੀ ਵਿੱਚ ਬਜ਼ੁਰਗਾਂ ਨੇ ਕੈਂਪ ਦਾ ਲਾਭ ਉਠਾਇਆ।

ਇਸ ਮੌਕੇ ਸਿਹਤ ਵਿਭਾਗ ਦੇ ਅਧਿਕਾਰੀ, ਸਮਾਜਿਕ ਸੁਰੱਖਿਆ ਵਿਭਾਗ ਦੇ ਪ੍ਰਤੀਨਿਧੀ ਅਤੇ ਸਥਾਨਕ ਆਗੂ ਵੀ ਮੌਜੂਦ ਸਨ। ਵਿਧਾਇਕ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਲੋਕ-ਹਿਤੈਸ਼ੀ ਪ੍ਰੋਗਰਾਮ ਜਾਰੀ ਰੱਖੇ ਜਾਣ।

# ਭਾਸ਼ਾ ਵਿਭਾਗ ਪੰਜਾਬ ਵੱਲੋਂ 'ਮਹਿਫ਼ਲ-ਏ-ਸੁਖ਼ਨ' ਦਾ ਆਯੋਜਨ ਭਲਕੇ

**ਪਟਿਆਲਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਸ਼ਾ ਵਿਭਾਗ ਪੰਜਾਬ ਵੱਲੋਂ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ ਵਿੱਚ ਉਰਦੂ ਸ਼ਾਇਰੀ 'ਤੇ ਅਧਾਰਤ ਮੁਸ਼ਾਇਰੇ ਦਾ ਆਯੋਜਨ 'ਮਹਿਫ਼ਲ-ਏ-ਸੁਖ਼ਨ' ਦੇ ਸਿਰਲੇਖ ਅਧੀਨ 13 ਫਰਵਰੀ ਨੂੰ ਵਿਭਾਗ ਦੇ ਓਪਨ ਏਅਰ ਥੀਏਟਰ ਵਿੱਚ ਬਾਅਦ ਦੁਪਹਿਰ 2 ਵਜੇ ਕੀਤਾ ਜਾ ਰਿਹਾ ਹੈ। ਜਿਸ ਵਿੱਚ ਉਰਦੂ ਦੇ ਨਾਮਵਰ ਕਵੀ ਆਪਣੀ ਸ਼ਾਇਰੀ ਦੇ ਰੰਗ ਬਿਖੇਰਨਗੇ। ਮੁਸ਼ਾਇਰੇ ਦੇ ਆਯੋਜਕ ਸੰਯੁਕਤ ਨਿਰਦੇਸ਼ਕਾ ਸ੍ਰੀਮਤੀ ਚੰਦਨਦੀਪ ਕੌਰ ਤੇ ਖੋਜ ਅਫ਼ਸਰ ਸਤਪਾਲ ਸਿੰਘ ਚਹਿਲ ਨੇ ਦੱਸਿਆ ਕਿ ਇਸ ਮੁਸ਼ਾਇਰੇ ਦੀ ਪ੍ਰਧਾਨਗੀ ਜਨਾਬ ਸ਼ਮਸ ਤਬਰੇਜ਼ੀ ਕਰਨਗੇ। ਇਸ ਮੌਕੇ ਸ਼ਾਇਰ ਨਫ਼ਸ ਅੰਬਾਲਵੀ, ਮੁਕੇਸ਼ ਆਲਮ, ਪਰਵਿੰਦਰ ਸ਼ੋਖ਼, ਪ੍ਰੋ. ਰੂਬੀਨਾ ਸ਼ਬਨਮ, ਜਗਜੀਤ ਕਾਫ਼ਰ, ਅੰਮ੍ਰਿਤਪਾਲ ਸ਼ੈਦਾ, ਅਮਰਦੀਪ ਅਮਰ, ਨਵੀਨ ਨੀਰ, ਜ਼ਮੀਰ ਅਲੀ ਜ਼ਮੀਰ, ਈਸ਼ਾ ਨਾਜ਼, ਜੋਗਿੰਦਰ ਨੂਰਮੀਤ ਤੇ ਜਸਬੀਰ ਦਾਵਰ ਆਪਣੇ ਕਲਾਮ ਪੇਸ਼ ਕਰਨਗੇ।

# ਨੌਜਵਾਨਾਂ ਨੂੰ ਖ਼ੂਨਦਾਨ ਸੇਵਾ ਨਾਲ ਜੋੜਨਾ ਅਹਿਮ ਕਾਰਜ: ਸੋਹਲ, ਜੌਲੀ, ਚਹਿਲ, ਬਿਰੜਵਾਲ



**ਪਟਿਆਲਾ, 13 ਫਰਵਰੀ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਮਨੁੱਖੀ ਜ਼ਿੰਦਗੀਆਂ ਬਚਾਉਣ ਲਈ ਸਰਗਰਮ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਦੇ ਮੋਹਰੀ ਆਗੂਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਖ਼ੂਨਦਾਨ ਸੇਵਾ ਨਾਲ ਜੋੜਨਾ ਅਹਿਮ ਕਾਰਜ ਹੈ, ਜਿਸ ਵਿਚ ਮਿਸ਼ਨਰੀ ਆਗੂ ਆਪਣੀ ਭੂਮਿਕਾ ਨਿਭਾਅ ਰਹੇ ਹਨ। ਇਸ ਮੌਕੇ ਗੋਲਡਨ ਸਟਾਰ ਬਲੱਡ ਡੋਨਰ ਸੁਖਦੀਪ ਸਿੰਘ ਸੋਹਲ, ਸੀਨੀਅਰ ਆਗੂ ਜਥੇਦਾਰ ਕਰਨ ਸਿੰਘ ਜੌਲੀ, ਚਾਚਾ ਜਗਰਾਜ ਸਿੰਘ ਚਹਿਲ, ਹਰਦੀਪ ਕੁਮਾਰ ਬਿਰੜਵਾਲ, ਅਵਤਾਰ ਸਿੰਘ ਬਲਬੇੜਾ ਤੇ ਭਾਈ ਜਰਨੈਲ ਸਿੰਘ ਝੰਡੀ ਨੇ ਦੱਸਿਆ ਕਿ ਗਰੁੱਪ ਵੱਲੋਂ ਪਿਛਲੇ 14 ਸਾਲਾਂ ਤੋਂ ਸਰਕਾਰੀ ਰਜਿੰਦਰਾ ਹਸਪਤਾਲ ਦੇ ਬਲੱਡ ਬੈਂਕ ਵਿਚ ਲੜੀਵਾਰ ਖ਼ੂਨਦਾਨ ਕੈਂਪ ਲਗਾਏ ਜਾ ਰਹੇ ਹਨ ਤਾਂ ਜੋ ਲੋੜਵੰਦ ਮਰੀਜ਼ਾਂ ਨੂੰ ਸਮੇਂ ਸਿਰ ਖ਼ੂਨ ਮਿਲ ਸਕੇ ਤੇ ਮਨੁੱਖੀ ਜਾਨਾਂ ਬਚਾਈਆਂ ਜਾ ਸਕਣ। ਸੋਹਲ ਨੇ ਕਿਹਾ ਕਿ ਪ੍ਰਾਈਵੇਟ ਜਾਂ ਚੈਰੀਟੇਬਲ ਬਲੱਡ ਸੈਂਟਰਾਂ ਵਿਚ ਖ਼ੂਨਦਾਨ ਕਰਨ ਸਮੇਂ ਖ਼ੂਨਦਾਨੀ ਨੂੰ ਅਤੇ ਬਲੱਡ ਸੈਂਟਰ ਨੂੰ ਸਰਕਾਰ ਵੱਲੋਂ ਅਤੇ ਸਿਹਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਤਾਂ ਜੋ ਮਰੀਜ਼ ਨੂੰ ਤੰਦਰੁਸਤ ਕਰਨ ਦੀ ਕੋਸ਼ਿਸ਼ ਵਿਚ ਖ਼ੂਨਦਾਨੀ ਦੀ ਤੰਦਰੁਸਤੀ ਨਾਲ ਕਿਸੇ ਕਿਸਮ ਦਾ ਖਿਲਵਾੜ ਨਾ ਹੋ ਸਕੇ। ਉਨ੍ਹਾਂ ਕਿਹਾ ਕਿ ਸਮੁੱਚੀ ਟੀਮ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ ਦੀ ਅਗਵਾਈ ਹੇਠ ਮਨੁੱਖਤਾ ਦੀ ਸੇਵਾ ਵਿਚ ਜੁਟੀ ਹੋਈ ਹੈ।

# ਸਿਹਤ ਮੰਤਰੀ ਵੱਲੋਂ ਡਾ. ਬਲਬੀਰ ਸਿੰਘ ਨੌਜਵਾਨਾਂ ਤੇ ਸਾਬਕਾ ਫ਼ੌਜੀਆਂ ਨੂੰ ਨਸ਼ਿਆਂ ਵਿਰੁੱਧ ਯੁੱਧ ਲੜਨ ਦਾ ਸੱਦਾ



**ਪਟਿਆਲਾ, 13 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਹੈਰੀਟੇਜ ਫੈਸਟੀਵਲ 2025 ਤਹਿਤ ਖ਼ਾਲਸਾ ਕਾਲਜ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਗਾਤਾਰ ਚੌਥੀ ਵਾਰ ਸਫ਼ਲਤਾ ਪੂਰਵਕ ਕਰਵਾਏ ਗਏ ਪਟਿਆਲਾ ਮਿਲਟਰੀ ਲਿਟਰੇਚਰ ਫੈਸਟੀਵਲ ਨੇ ਫ਼ੌਜੀ ਸ਼ਾਨ-ਓ-ਸ਼ੌਕਤ ਨਾਲ ਪਟਿਆਲਵੀਆਂ ਤੇ ਖਾਸ ਕਰਕੇ ਨੌਜਵਾਨਾਂ ਨੂੰ ਮਿਲਟਰੀ ਇਤਿਹਾਸ ਤੋਂ ਵਾਕਫ਼ ਕਰਵਾਇਆ। ਇਸ ਮੌਕੇ ਫ਼ੌਜੀ ਟੈਂਕਾਂ, ਤੋਪਾਂ, ਜੰਗੀ ਹਥਿਆਰਾਂ ਦੀ ਪ੍ਰਦਰਸ਼ਨੀ, ਫ਼ੌਜੀ ਇਤਿਹਾਸ ਦੀਆਂ ਦਸਤਾਵੇਜੀ ਫ਼ਿਲਮਾਂ, ਘੋੜਿਆਂ ਦੇ ਕਰਤੱਬਾਂ ਤੇ ਤੀਰਅੰਦਾਜੀ ਨੇ ਦਰਸ਼ਕਾਂ ਨੂੰ ਕੀਲ ਲਿਆ।

ਫ਼ੌਜੀ ਸਾਹਿਤ ਮੇਲੇ ਦਾ ਉਦਘਾਟਨ ਕਰਦਿਆਂ ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਨੌਜਵਾਨਾਂ ਤੇ ਸਾਬਕਾ ਫ਼ੌਜੀਆਂ ਨੂੰ ਸੱਦਾ ਦਿੱਤਾ ਕਿ ਉਹ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਅਰੰਭੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ 'ਚ ਸ਼ਾਮਲ ਹੋਕੇ ਨਸ਼ਿਆਂ ਵਿਰੁੱਧ ਯੁੱਧ ਲੜਨ। ਉਨ੍ਹਾਂ ਕਿਹਾ ਕਿ ਵਾਰ ਹੀਰੋਜ਼ ਤੇ ਵੀਰ ਨਾਰੀਆਂ ਨਸ਼ਿਆਂ ਵਿਰੁੱਧ ਵੀ ਸਾਡੇ ਹੀਰੋ ਬਣਨ।

ਸਿਹਤ ਮੰਤਰੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ 'ਤੇ ਨੌਜਵਾਨਾਂ ਤੇ ਵਿਦਿਆਰਥੀਆਂ ਨੂੰ ਫ਼ੌਜ ਤੇ ਫ਼ੌਜੀ ਇਤਿਹਾਸ ਦੇ ਗੌਰਵ ਬਾਰੇ ਜਾਣੂ ਕਰਵਾਉਣ ਲਈ ਅਜਿਹੇ ਮੇਲੇ ਕਰਵਾਏ ਜਾ ਰਹੇ ਹਨ, ਜਿਸ ਲਈ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਤੇ ਮਿਲਟਰੀ ਲਿਟਰੇਚਰ ਫੈਸਟੀਵਲ ਐਸੋਸੀਏਸ਼ਨ ਵਧਾਈ ਦੇ ਪਾਤਰ ਹਨ।

ਜ਼ਿਲ੍ਹੇ ਦੇ ਵੱਖ-ਵੱਖ ਫ਼ੌਜੀ ਉਪਰੇਸ਼ਨਾਂ 'ਚ ਸ਼ਹੀਦ ਹੋਏ ਸੈਨਿਕਾਂ ਦੀਆਂ 5 ਵੀਰ ਨਾਰੀ ਮਾਵਾਂ ਤੇ ਪਤਨੀਆਂ ਨੂੰ ਸਨਮਾਨਤ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਇੱਕ ਜੰਗ ਸਰਹੱਦਾਂ 'ਤੇ ਹੁੰਦੀ ਹੈ ਅਤੇ ਦੂਜੀ ਜੰਗ ਸੈਨਿਕਾਂ ਦੇ ਪਰਿਵਾਰ ਲੜਦੇ ਹਨ, ਜਿਸ ਲਈ ਪੰਜਾਬ ਸਰਕਾਰ ਆਪਣੇ ਸ਼ਹੀਦਾਂ ਦੇ ਪਰਿਵਾਰਾਂ ਦੇ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਸ਼ਹੀਦ ਹੋਣ ਵਾਲਿਆਂ ਦੇ ਪਰਿਵਾਰਾਂ ਲਈ ਸਨਮਾਨ ਰਾਸ਼ੀ 1 ਕਰੋੜ ਰੁਪਏ ਕਰ ਦਿੱਤੀ ਹੈ।

ਸਿਹਤ ਮੰਤਰੀ ਨੇ ਭਾਰਤ ਵੱਲੋਂ ਪਾਕਿਸਤਾਨ ਵਿਰੁੱਧ ਲੜੀਆਂ ਵੱਖ-ਵੱਖ ਜੰਗਾਂ ਦਾ ਜਿਕਰ ਕਰਦਿਆਂ ਕਿਹਾ ਕਿ ਦੇਸ਼ ਦੀ ਆਜ਼ਾਦੀ ਤੇ ਸਰਹੱਦਾਂ ਦੀ ਰਾਖੀ ਲਈ ਸਭ ਤੋਂ ਵੱਧ ਕੁਰਬਾਨੀਆਂ ਪੰਜਾਬੀਆਂ ਨੇ ਕੀਤੀਆਂ ਹਨ। ਡਾ. ਬਲਬੀਰ ਸਿੰਘ ਨੇ ਮਿਲਟਰੀ ਲਿਟਰੇਚਰ ਦੀ ਗੱਲ ਕਰਦਿਆਂ ਕਿਹਾ ਕਿ ਅੱਜ ਆਲਮੀ ਪੱਧਰ 'ਤੇ ਕੁਝ ਮੁਲਕਾਂ ਵੱਲੋਂ ਫ਼ੌਜੀ ਤਾਕਤ ਨਾਲ ਆਪਣਾ ਦਬਦਬਾ ਬਣਾਕੇ ਮਨਮਰਜ਼ੀਆਂ ਕੀਤੀਆਂ ਜਾ ਰਹੀਆਂ ਹਨ, ਇਸ ਲਈ ਬੱਚਿਆਂ ਨੂੰ ਵਿਸ਼ਵ 'ਚ ਵਾਪਰ ਰਹੇ ਵਰਤਾਰੇ ਤੋਂ ਜਾਗਰੂਕ ਹੋਣਾ ਬਹੁਤ ਲਾਜਮੀ ਹੈ।

ਸਿਹਤ ਮੰਤਰੀ ਨੇ ਕਿਹਾ ਕਿ ਬੇਸ਼ੱਕ ਫ਼ੌਜੀ ਸ਼ਕਤੀ ਮਜ਼ਬੂਤ ਕਰਨ ਦੀ ਵੀ ਲੋੜ ਹੈ ਪਰੰਤੂ ਸਿਹਤ, ਸਿੱਖਿਆ, ਰੋਜ਼ਗਾਰ ਤੇ ਬੁਨਿਆਦੀ ਢਾਂਚੇ ਦਾ ਵਿਕਾਸ ਵੀ ਬੇਹੱਦ ਲਾਜਮੀ ਹੈ। ਬਲਕਿ ਇਸ ਤੋਂ ਵੀ ਜਿਆਦਾ ਸਾਡੇ ਦੇਸ਼ ਦੇ 144 ਕਰੋੜ ਲੋਕਾਂ ਨੂੰ ਇਕਜੁੱਟ ਹੋਣ ਦੀ ਹੈ ਤਾਂ ਕਿ ਕੋਈ ਸਾਡਾ ਧਿਆਨ ਲੜਾਈ ਵੱਲ ਭਟਕਾ ਕੇ ਲੋਕਾਂ ਵਿੱਚ ਆਪਸੀ ਫੁੱਟ ਨਾ ਪਵਾ ਦੇਵੇ, ਇਸ ਤੋਂ ਬਚਣ ਦੀ ਲੋੜ ਹੈ। ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸਿੱਖਿਆ, ਰੋਜ਼ਗਾਰ, ਸਿਹਤ 'ਤੇ ਕੰਮ ਕਰਦਿਆਂ ਨਸ਼ਿਆਂ ਨੂੰ ਠੱਲ੍ਹ ਪਾਈ ਹੈ।

# ਵਿਧਾਇਕ ਕੋਹਲੀ ਨੇ ਹਰੀ ਝੰਡੀ ਦੇ ਕੇ ਕਰਵਾਈ ਮੁੱਖ ਮੰਤਰੀ ਤੀਰਥ ਯਾਤਰਾ ਦੀ ਸ਼ੁਰੂਆਤ



**ਪਟਿਆਲਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀ ਧਾਰਮਿਕ ਭਾਵਨਾਵਾਂ ਨਾਲ ਜੁੜੀ ਮਹੱਤਵਪੂਰਨ ਯੋਜਨਾ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਅੱਜ ਪਟਿਆਲਾ ਤੋਂ ਤੀਰਥ ਯਾਤਰੀਆਂ ਦੇ ਜੱਥੇ ਨੂੰ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਹਰੀ ਝੰਡੀ ਦੇ ਕੇ ਯਾਤਰਾ ਦੀ ਸ਼ੁਰੂਆਤ ਕਰਵਾਈ। ਓਹਨਾ ਦਸਿਆ ਕਿ ਇਸ ਯਾਤਰਾ ਦੌਰਾਨ ਸ਼ਰਧਾਲੂ ਅੰਮ੍ਰਿਤਸਰ ਵਿਖੇ ਸ੍ਰੀ ਦਰਬਾਰ ਸਾਹਿਬ , ਦੁਰਗਿਆਣਾ ਮੰਦਿਰ ਆਦਿ ਦੇ ਦਰਸ਼ਨ ਕਰਨਗੇ।

ਇਸ ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਸ਼ਰਧਾਲੂ, ਸਥਾਨਕ ਨਿਵਾਸੀ, ਅਤੇ ਪ੍ਰਸ਼ਾਸਨਿਕ ਅਧਿਕਾਰੀ ਮੌਜੂਦ ਰਹੇ। ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਤੀਰਥ ਯਾਤਰਾ 'ਤੇ ਜਾਣ ਵਾਲੇ ਸ਼ਰਧਾਲੂਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਹਰ ਵਰਗ ਦੇ ਲੋਕਾਂ ਨੂੰ ਆਪਣੇ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਉਣਾ ਹੈ, ਖਾਸ ਕਰਕੇ ਉਹ ਲੋਕ ਜੋ ਆਰਥਿਕ ਕਾਰਨਾਂ ਕਰਕੇ ਯਾਤਰਾ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕ-ਕਲਿਆਣਕ ਯੋਜਨਾਵਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰ ਰਹੀ ਹੈ ਅਤੇ ਤੀਰਥ ਯਾਤਰਾ ਸਕੀਮ ਇਸ ਦੀ ਇੱਕ ਸ਼ਾਨਦਾਰ ਮਿਸਾਲ ਹੈ। ਇਸ ਯੋਜਨਾ ਤਹਿਤ ਯਾਤਰੀਆਂ ਨੂੰ ਆਉਣ-ਜਾਣ, ਰਹਿਣ ਅਤੇ ਭੋਜਨ ਦੀ ਪੂਰੀ ਸੁਵਿਧਾ ਮੁਫ਼ਤ ਪ੍ਰਦਾਨ ਕੀਤੀ ਜਾਂਦੀ ਹੈ। ਵਿਧਾਇਕ ਕੋਹਲੀ ਨੇ ਕਿਹਾ ਕਿ ਇਹ ਯਾਤਰਾ ਸਿਰਫ਼ ਧਾਰਮਿਕ ਨਹੀਂ, ਸਗੋਂ ਸਮਾਜਿਕ ਸਾਂਝ ਅਤੇ ਆਪਸੀ ਭਾਈਚਾਰੇ ਨੂੰ ਮਜ਼ਬੂਤ ਕਰਨ ਦਾ ਵੀ ਇੱਕ ਮਾਧਿਅਮ ਹੈ। ਉਨ੍ਹਾਂ ਦੱਸਿਆ ਕਿ ਪਟਿਆਲਾ ਹਲਕੇ ਤੋਂ ਭਵਿੱਖ ਵਿੱਚ ਵੀ ਹੋਰ ਜੱਥੇ ਵੱਖ-ਵੱਖ ਧਾਰਮਿਕ ਸਥਾਨਾਂ ਲਈ ਭੇਜੇ ਜਾਣਗੇ।

ਇਸ ਮੌਕੇ ਤੀਰਥ ਯਾਤਰਾ 'ਤੇ ਜਾਣ ਵਾਲੇ ਸ਼ਰਧਾਲੂਆਂ ਨੇ ਪੰਜਾਬ ਸਰਕਾਰ ਅਤੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਉਨ੍ਹਾਂ ਲਈ ਜੀਵਨ ਭਰ ਦੀ ਯਾਦਗਾਰ ਯਾਤਰਾ ਹੋਵੇਗੀ। ਕਈ ਸ਼ਰਧਾਲੂਆਂ ਨੇ ਭਾਵੁਕ ਹੋ ਕੇ ਕਿਹਾ ਕਿ ਉਹ ਪਹਿਲੀ ਵਾਰ ਇਨ੍ਹਾਂ ਪਵਿੱਤਰ ਸਥਾਨਾਂ ਦੇ ਦਰਸ਼ਨ ਕਰਨ ਜਾ ਰਹੇ ਹਨ।

# ਨੌਸਰਬਾਜ਼ ਔਰਤ ਦੀ ਵਾਲੀ ਲਾਹ ਕੇ ਹੋਏ ਫਰਾਰ

**ਮਾਛੀਵਾੜਾ ਸਾਹਿਬ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਵੇਰੇ ਕਰੀਬ 11.30 ਵਜੇ ਸਮਰਾਲਾ ਰੋਡ ਤੋਂ ਗੁਰੂਦੁਆਰਾ ਕਿ ?ਪਾਨ ਭੇਟ ਨੂੰ ਜਾਂਦੀ ਸੜਕ 'ਤੇ ਵਾਪਰੀ ਖੌਫਨਾਕ ਘਟਨਾ ਵਿਚ ਸ਼ੱਕੀ ਕਾਰ ਸਵਾਰਾਂ ਨੇ ਬਜ਼ੁਰਗ ਔਰਤ ਨੂੰ ਗੱਲਾਂ ਵਿਚ ਲੈ ਕੇ ਉਸ ਨੂੰ ਨਾਲ ਬਿਠਾ ਕਿ ਧੋਖੇ ਨਾਲ ਉਸ ਦੇ ਕੰਨ ਦੀ ਵਾਲੀ ਲਾਹ ਲਈ ਤੇ ਰੌਲਾ ਪਾਉਣ 'ਤੇ ਉਸ ਨੂੰ ਕਿਸੇ ਪੈਲੇਸ ਕੋਲ ਛੱਡ ਕੇ ਫਰਾਰ ਹੋ ਗਏ। ਇਸ ਘਟਨਾ ਦੀ ਸ਼ਿਕਾਰ ਬਣੀ 80 ਸਾਲਾ ਬਜ਼ੁਰਗ ਧੰਤੋ ਜੋ ਕਿ ਆਪਣੀ ਲੜਕੀ ਨੂੰ ਮਿਲਣ ਬੈਂਕ ਕਲੋਨੀ ਵਿਚ ਆ ਰਹੀ ਸੀ, ਨੇ ਦੱਸਿਆ ਕਿ ਬੱਸ ਕੰਡੈਕਟਰ ਨੇ ਬਜ਼ੁਰਗ ਦੇ ਦੱਸਣ ਵਾਲੀ ਜਗ੍ਹਾ 'ਤੇ ਸੁਰਖਿੱਅਤ ਉਤਾਰ ਦਿੱਤਾ। ਜਦੋਂ ਉਸ ਨੇ ਆਪਣੇ ਜਵਾਈ ਨੂੰ ਫੋਨ ਕਰਨ ਲਈ ਕਿਸੇ ਨੂੰ ਕਿਹਾ ਤਾਂ ਅਚਾਨਕ ਇਕ ਸਵਿਫਟ ਕਾਰ ਜੋ ਗੁਰਦੁਆਰੇ ਵਾਲੇ ਪਾਸੇ ਤੋਂ ਆ ਰਹੀ ਸੀ, ਇਕ ਦਮ ਕਾਰ ਰੋਕ ਕੇ ਕਾਰ ਸਵਾਰ ਨੇ ਕਿਹਾ ਕਿ ਸਾਨੂੰ ਵਿਜੇ ਨੇ ਭੇਜਿਆ ਹੈ ਤੇ ਜ਼ੋਰ ਦੇ ਕੇ ਬਜ਼ੁਰਗ ਔਰਤ ਨੂੰ ਕਾਰ ਵਿਚ ਬਿਠਾ ਲਿਆ।ਉਸ ਕਾਰ ਦੀ ਪਿਛਲੀ ਸੀਟ ' ਤੇ 2 ਔਰਤਾਂ ਬੈਠੀਆਂ ਸਨ।

ਕਾਰ ਸਵਾਰ ਨੇ ਤੇਜ਼ੀ ਨਾਲ ਕਾਰ ਸਮਰਾਲਾ ਵਾਲੇ ਪਾਸੇ ਨੂੰ ਭਜਾ ਲਈ। ਬਜ਼ੁਰਗ ਔਰਤ ਨੂੰ ਜਦੋ ਕਿਸੇ ਅਣਹੋਣੀ ਦਾ ਅਹਿਸਾਸ ਹੋਇਆ ਤਾ ਉਸ ਨੇ ਫਰਤੀ ਦਿਖਾਉਂਦਿਆਂ ਰੌਲਾ ਪਾ ਕੇ ਕਿਹਾ ਕਿ ਉਹ ਦੇਖੋ ਪਿੱਛੇ ਵਿਜੇ ਆ ਰਿਹਾ ਤਾਂ ਕਾਰ ਸਵਾਰ ਨੇ ਇਕ ਦਮ ਨਿੱਜੀ ਪੈਲੇਸ ਕੋਲ ਕਾਰ ਰੋਕ ਲਈ ਤੇ ਜ਼ਬਰਦਸਤੀ ਉਸ ਦੇ ਕੰਨ ਵਿਚੋਂ ਵਾਲੀ ਖ਼ੋਲ੍ਹ ਲਈ ਤੇ ਫਰਾਰ ਹੋ ਗਏ।

# ਪਟਿਆਲਾ ਦੇ ਪਿੰਡ ਅਕਾਲਗੜ੍ਹ 'ਚ ਲਗਪਗ 50 ਲੱਖ ਨਾਲ ਬਣੀ ਪਾਣੀ ਦੀ ਟੈਂਕੀ ਭ੍ਰਿਸ਼ਟਾਚਾਰ ਦੀ ਭੇਟ

➢ 4 ਮਹੀਨੇ 'ਚ ਹੀ ਤਰੇੜਾਂ, ਪੰਚਾਇਤ ਵਲੋਂ ਠੇਕੇਦਾਰ ਤੇ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ➢ ਸ਼ਿਕਾਇਤਾਂ ਉਤੇ ਤੁਰੰਤ ਕਾਰਵਾਈ ਕਰਨ ਉੱਚ ਅਧਿਕਾਰੀ ਅਤੇ ਸਰਕਾਰ

**ਪਟਿਆਲਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਦੇ ਬਲਾਕ ਭੁਨਰਹੇੜੀ ਪਿੰਡ ਅਕਾਲਗੜ੍ਹ ਵਿੱਚ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵਲੋਂ ਬਣਵਾਈ ਗਈ ਪਾਣੀ ਦੀ ਟੈਂਕੀ ਸਿਰਫ਼ ਦੋ ਮਹੀਨਿਆਂ ਵਿੱਚ ਹੀ ਘਟੀਆ ਨਿਰਮਾਣ ਦੀ ਗਵਾਹੀ ਦੇਣ ਲੱਗ ਪਈ ਹੈ। ਕਰੀਬ 50 ਲੱਖ ਰੁਪਏ ਦੀ ਲਾਗਤ ਨਾਲ ਬਣੀ ਇਹ ਟੈਂਕੀ ਠੇਕੇਦਾਰ ਸੁਖਦੇਵ ਸਿੰਘ ਰਾਹੀਂ ਤਿਆਰ ਕੀਤੀ ਗਈ ਸੀ, ਜਿਸ 'ਚ ਸ਼ੁਰੂ ਤੋਂ ਹੀ ਘਟੀਆ ਮੈਟੀਰੀਅਲ ਵਰਤੇ ਜਾਣ ਦੇ ਦੋਸ਼ ਲੱਗ ਰਹੇ ਹਨ।

ਪਿੰਡ ਵਾਸੀਆਂ ਅਤੇ ਸਮੂਹ ਪੰਚਾਇਤ ਮੁਤਾਬਕ ਟੈਂਕੀ ਵਿੱਚ ਥਾਂ-ਥਾਂ ਤੇ ਤਰੇੜਾਂ ਪੈ ਗਈਆਂ ਹਨ, ਜੋ ਇਹ ਸਾਫ਼ ਦਰਸਾਉਂਦੀਆਂ ਹਨ ਕਿ ਨਿਰਮਾਣ ਦੌਰਾਨ ਮਿਆਰੀ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਗਈ। ਪੰਚਾਇਤ ਦਾ ਦਾਅਵਾ ਹੈ ਕਿ ਜੇਕਰ ਠੇਕੇਦਾਰ ਅਤੇ ਵਿਭਾਗ ਦੇ ਜ਼ਿੰਮੇਵਾਰ ਅਧਿਕਾਰੀ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਉਂਦੇ, ਤਾਂ ਇੰਨੀ ਜਲਦੀ ਟੈਂਕੀ ਦੀ ਇਹ ਹਾਲਤ ਨਹੀਂ ਹੁੰਦੀ।

ਇਸ ਮਾਮਲੇ ਸਬੰਧੀ ਸਮੂਹ ਪੰਚਾਇਤ ਵਲੋਂ ਮਕੈਨਿਕਲ ਡਿਵੀਜ਼ਨ ਦੇ ਕਾਰਜਕਾਰੀ ਅਫ਼ਸਰ ਨੂੰ ਵੀ ਸ਼ਿਕਾਇਤ ਦਿੱਤੀ ਗਈ ਸੀ, ਪਰ ਦੋਸ਼ ਹੈ ਕਿ ਉਨ੍ਹਾਂ ਵਲੋਂ ਕੋਈ ਢੁਕਵਾਂ ਕਦਮ ਨਹੀਂ ਚੁੱਕਿਆ ਗਿਆ।

ਪੰਚਾਇਤ ਨੇ ਸਾਫ਼ ਕਿਹਾ ਹੈ ਕਿ ਇਹ ਮਾਮਲਾ ਸਿਰਫ਼ ਮੁਰੰਮਤ ਦਾ ਨਹੀਂ, ਸਗੋਂ ਭ੍ਰਿਸ਼ਟਾਚਾਰ ਅਤੇ ਘਟੀਆ ਕੰਮ ਦਾ ਹੈ। ਪਿੰਡ ਵਿੱਚ ਪਾਈਪ ਲਾਈਨ ਪਾਉਣ ਤੋਂ ਬਾਅਦ ਗਲੀਆਂ ਦੀ ਮੁਰੰਮਤ ਵੀ ਨਹੀਂ ਕੀਤੀ ਗਈ, ਜਿਸ ਕਾਰਨ ਲੋਕਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਪਿੰਡ ਅਕਾਲਗੜ੍ਹ ਦੀ ਪੰਚਾਇਤ ਨੇ ਡਿਪਟੀ ਕਮਿਸ਼ਨਰ ਪਟਿਆਲਾ ਅਤੇ ਹੋਰ ਉੱਚ ਅਧਿਕਾਰੀਆਂ ਨੂੰ ਸ਼ਿਕਾਇਤ ਕਰਕੇ ਮੰਗ ਕੀਤੀ ਹੈ ਕਿ ਠੇਕੇਦਾਰ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਜ਼ਿੰਮੇਵਾਰ ਜੇ.ਈ. ਅਤੇ ਸਬੰਧਿਤ ਅਧਿਕਾਰੀਆਂ ਦੀ ਭੂਮਿਕਾ ਦੀ ਜਾਂਚ ਹੋਵੇ।

# ਟੀਮ ਹਿਊਮਨ ਸਰਵਿਸ ਸੋਸਾਇਟੀ ਨੇ ਸਰਬਤ ਦੇ ਭਲੇ ਲਈ ਸ੍ਰੀਮਦ ਭਾਗਵਤ ਕਥਾ ਅਬਲੋਵਾਲ ਵਿਖੇ ਕਰਵਾਈ



**ਪਟਿਆਲਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਟੀਮ ਹਿਊਮਨ ਸਰਵਿਸ ਸੋਸਾਇਟੀ ਦੇ ਚੇਅਰਮੈਨ ਹਰਿਓਮ ਵਲੋਂ ਸ੍ਰੀ ਮਦ ਭਾਗਵਤ ਕਥਾ ਸਰਬਤ ਦੇ ਭਲੇ ਲਈ ਅਬਲੋਵਾਲ ਵਿਖੇ ਕਰਵਾਈ ਗਈ। ਪੰਡਿਤ ਸੰਜੈ ਕ੍ਰਿਸ਼ਨ ਗੋਸਵਾਮੀ ਜੀ ਮਹਾਰਾਜ ਸ੍ਰੀ ਬਰਿੰਦਾਬਨ ਮੱਥੁਰਾ ਵਾਲਿਆਂ ਨੇ 15 ਫਰਵਰੀ ਤੱਕ ਇਹ ਕਥਾ ਦਾ ਗੁਣਗਾਨ ਕੀਤਾ ਜਾਵੇਗਾ। ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਪੰਜਾਬ ਪ੍ਰਧਾਨ ਹਿਊਮਨ ਸਰਵਿਸ ਸੋਸਾਇਟੀ ਜਤਿੰਦਰ ਸ਼ਰਮਾ ਨੇ ਦੱਸਿਆ ਕਿ 15 ਤਰੀਕ ਨੂੰ ਜਰੂਰਤਮੰਦ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਦਾ ਵਿਆਹ ਅਬਲੋਵਾਲ ਤੇ ਚੰਡੀਗੜ੍ਹ ਗਰਾਊਂਡ ਮੇਲੇ ਵਿੱਚ ਕਰਵਾਏ ਜਾਣਗੇ। ਜੋ ਵੀ ਜਰੂਰਤਮੰਦ ਬੇਟੀਆਂ ਦਾ ਵਿਆਹ ਕਰਵਾਉਣਾ ਚਾਹੁੰਦੇ ਹਨ ਸਾਡੇ ਨੰਬਰ 8054464200 ਤੇ ਸੰਪਰਕ ਕਰ ਸਕਦੇ ਹਨ। ਰੋਜਾਨਾ ਅਤੁੱਟ ਲੰਗਰ ਵੀ ਵਰਤਾਇਆ ਜਾਦਾ ਹੈ। ਬਾਕੀ ਇਸ ਤਰ੍ਹਾਂ ਦੇ ਪ੍ਰੋਗਰਾਮ ਦਿਲ ਨੂੰ ਸ਼ਾਂਤੀ ਪ੍ਰਦਾਨ ਕਰਦੇ ਹਨ ਤੇ ਸਾਡੀ ਸੰਸਕ੍ਰਿਤੀ ਨਾਲ ਬੱਚਿਆਂ ਨੂੰ ਜਾਣੂ ਕਰਵਾਦੇ ਹਨ। ਸਾਡੀ ਪੰਜਾਬ ਟੀਮ ਹਮੇਸ਼ਾ ਜਰੂਰਤਮੰਦਾਂ ਦੇ ਨਾਲ ਖੜੀ ਰਹੇਗੀ। ਇਸ ਮੌਕੇ ਤੇ ਭਾਰੀ ਗਿਣਤੀ ਵਿੱਚ ਸ਼ਰਧਾਲੂ ਕਥਾ ਸੁਣ ਕੇ ਆਪਣਾ ਜੀਵਨ ਸਫਲ ਕਰ ਰਹੇ ਹਨ। ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਮੁੱਖ ਮਹਿਮਾਨ ਵਜੋਂ ਜਤਿੰਦਰ ਸ਼ਰਮਾ, ਚੇਅਰਮੈਨ ਹਰਿਓਮ ਸਿੰਘ, ਰੰਧਾਵਾ ਸਿੰਘ ਪੰਡਿਤ, ਸੰਜੇ ਕ੍ਰਿਸ਼ਨ ਗੋਸਵਾਮੀ, ਮੁੱਖ ਪੁਜਾਰੀ ਰਾਜੇਂਦਰ ਕੌਸ਼ਿਕ, ਅਸ਼ੋਕ ਕੁਮਾਰ, ਬਲਜੀਤ ਸਿੰਘ ਤੇ ਭਾਰੀ ਗਿਣਤੀ ਵਿੱਚ ਸ਼ਰਧਾਲੂ ਮੌਜੂਦ ਰਹੇ।

# ਬਿਜਲੀ ਕਾਮਿਆਂ ਨੇ ਹੜਤਾਲ ਕਰਕੇ ਕੰਮ ਕੀਤਾ ਜਾਮ



**ਪਟਿਆਲਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਟੈਕਨੀਕਲ ਸਰਵਿਸ ਯੂਨੀਅਨ ਸਰਕਲ ਪਟਿਆਲਾ ਦੇ ਪ੍ਰਧਾਨ ਹਰਜੀਤ ਸਿੰਘ ਸੇਖੋਂ ਅਤੇ ਸਰਕਲ ਸਕੱਤਰ ਬਰੇਸ਼ ਕੁਮਾਰ ਨੇ ਸਾਂਝੇ ਬਿਆਨ ਰਾਹੀਂ ਦੱਸਿਆ ਕਿ ਅੱਜ ਪਟਿਆਲਾ ਸਰਕਲ ਦੇ ਟੈਕਨੀਕਲ ਸਰਵਿਸ ਯੂਨੀਅਨ ਦੇ ਕਾਮੇ ਅਤੇ ਪਾਵਰਕਾਮ ਅਤੇ ਟਰਾਂਸਕੋ ਠੇਕਾ ਕਾਮਾ ਯੂਨੀਅਨ ਦੇ ਕਾਮਿਆਂ ਨੇ ਸਾਂਝੇ ਤੌਰ ਤੇ ਹੜਤਾਲ ਕਰਕੇ ਫੋਰਟ ਸਬ ਡਵੀਜਨ ਪਟਿਆਲਾ ਵਿੱਚ 300 ਤੋਂ ਵੱਧ ਕਾਮਿਆਂ ਨੇ ਰੈਲੀ ਕੀਤੀ। ਇਸ ਰੈਲੀ ਨੂੰ ਹਰਜੀਤ ਸਿੰਘ, ਬਰੇਸ਼ ਕੁਮਾਰ, ਇੰਦਰਜੀਤ ਸਿੰਘ, ਭਗਵਾਨ ਸਿੰਘ, ਕਰਮਜੀਤ ਸਿੰਘ, ਵਿਜੇ ਦੇਵ, ਗੁਰਦੀਪ ਸਿੰਘ, ਸਾਰੇ ਟੀ.ਐਸ.ਯੂ. ਆਗੂ ਅਤੇ ਪਾਵਰਕਾਮ ਟਰਾਂਸਕੋ ਯੂਨੀਅਨ ਵਲੋਂ ਦਿਲਪ੍ਰੀਤ ਸਿੰਘ ਅਤੇ ਮੰਗਲ ਸਿੰਘ ਨੇ ਸੰਬੋਧਨ ਕੀਤਾ। ਇਸ ਰੈਲੀ ਵਿੱਚ ਮੰਗ ਕੀਤੀ ਗਈ ਕਿ ਬਿਜਲੀ ਐਕਟ 2025 ਰੱਦ ਕੀਤਾ ਜਾਵੇ, ਬੀਜ ਬਿੱਲ 2025 ਰੱਦ ਕੀਤਾ ਜਾਵੇ। ਲੇਬਰ ਕਾਨੂੰਨਾਂ ਵਿੱਚ ਕੀਤੀ ਸੋਧ ਵਾਪਸ ਲਈ ਜਾਵੇ। ਮਨਰੇਗਾ ਕਾਨੂੰਨ ਵਿੱਚ ਕੀਤੀ ਸੋਧ ਵਾਪਸ ਲਈ ਜਾਵੇ। ਕੱਚੇ ਕਾਮਿਆਂ ਨੂੰ ਪੱਕਾ ਕੀਤਾ ਜਾਵੇ। ਟੀ.ਐਸ.ਯੂ. ਦੇ ਦੋ ਆਗੂਆਂ ਨੂੰ ਹਾਈਕੋਰਟ ਦੇ ਫੈਸਲੇ ਅਨੁਸਾਰ ਬਹਾਲ ਕੀਤਾ ਜਾਵੇ। ਜੇਕਰ ਇਨ੍ਹਾਂ ਮੰਗਾਂ ਨੂੰ ਲਾਗੂ ਨਾ ਕੀਤਾ ਗਿਆ ਤਾਂ ਜਥੇਬੰਦੀ ਸੰਘਰਸ਼ ਤੇਜ ਕਰਨ ਲਈ ਮਜਬੂਰ ਹੋਵੇਗੀ।

# ਵਿਆਹੁਤਾ ਵੱਲੋਂ ਆਤਮ ਹੱਤਿਆ ਕਰਨ 'ਤੇ ਪਤੀ, ਸਹੁਰੇ ਤੇ ਨਾਨੀ ਸੱਸ ਖ਼ਿਲਾਫ਼ ਮਾਮਲਾ ਦਰਜ



**ਸਮਾਣਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨੇੜਲੇ ਪਿੰਡ ਧਨੇਠਾ ਵਿਖੇ ਇੱਕ ਸਾਲ ਪਹਿਲਾਂ ਵਿਆਹੀ ਲੜਕੀ ਵੱਲੋਂ ਸਹੁਰੇ ਪਰਿਵਾਰ ਤੋਂ ਦੁਖੀ ਹੋ ਕੇ ਫਾਹਾ ਲੈ ਕੇ ਖੁਦਕੁਸ਼ੀ ਕਰ ਲੈਣ ਦੇ ਮਾਮਲੇ 'ਚ ਸਦਰ ਪੁਲਸ ਸਮਾਣਾ ਨੇ ਮ੍ਰਿਤਕਾ ਦੇ ਪਤੀ ਕ੍ਰਿਸ਼ਨ ਕੁਮਾਰ, ਸਹੁਰੇ ਬਲਜੀਤ ਸਿੰਘ ਅਤੇ ਨਾਨੀ ਸੱਸ ਜਸਵੰਤ ਕੌਰ (ਵਾਸੀ ਪਿੰਡ ਧਨੇਠਾ) ਖਿਲਾਫ ਵੱਖ ਵੱਖ ਧਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮਾਮਲੇ ਦੇ ਜਾਂਚ ਅਧਿਕਾਰੀ ਮਵੀਕਲਾਂ ਪੁਲਸ ਚੌਂਕੀ ਮੁਖੀ ਬਲਕਾਰ ਸਿੰਘ ਨੇ ਦੱਸਿਆ ਕਿ ਮ੍ਰਿਤਕਾ ਤੰਨੂ (18)ਦੀ ਮਾਤਾ ਸੰਦੀਪ ਕੁਮਾਰੀ ਨਿਵਾਸੀ ਪਿੰਡ ਕੋਟਲਾ ਕਲਾਂ (ਨਾਲਾਗੜ੍ਹ ਹਿਮਾਚਲ ਪ੍ਰਦੇਸ਼) ਵੱਲੋਂ ਦਰਜ। ਕਰਵਾਈ ਸ਼ਿਕਾਇਤ ਅਨੁਸਾਰ ਉਸ ਦੀ ਬੇਟੀ ਦਾ ਵਿਆਹ ਇੱਕ ਸਾਲ ਪਹਿਲਾਂ ਕ੍ਰਿਸ਼ਨ ਕੁਮਾਰ ਨਿਵਾਸੀ ਪਿੰਡ ਧਨੇਠਾ ਨਾਲ ਹੋਇਆ ਸੀ। ਵਿਆਹ ਉਪਰੰਤ ਕ੍ਰਿਸ਼ਨ ਕੁਮਾਰ ਆਪਣੀ ਨਾਨੀ ਦੇ ਕੋਲ ਉਸ ਦੇ ਘਰ 'ਚ ਰਹਿੰਦਾ ਸੀ।

ਜਾਣਕਾਰੀ ਅਨੁਸਾਰ ਕ੍ਰਿਸ਼ਨ ਕੁਮਾਰ ਦਾ ਕਿਸੇ ਹੋਰ ਲੜਕੀ ਨਾਲ ਸਬੰਧ ਸੀ, ਜਦੋਂਕਿ ਤਨੂੰ ਦਾ ਸਹੁਰਾ ਪਰਿਵਾਰ ਉਸ ਨਾਲ ਚੰਗਾ ਵਰਤਾਓ ਨਹੀਂ ਕਰਦਾ ਸੀ ਅਤੇ ਇਸੇ ਗੱਲ ਨੂੰ ਲੈ ਕੇ ਉਸ ਨਾਲ ਝਗੜਾ ਵੀ ਕਰਦੇ ਸੀ।

ਇਹਨਾਂ ਗੱਲਾਂ 1ਤੋਂ ਦੁਖੀ ਹੋ ਕੇ ਉਸਦੀ ਬੇਟੀ ਨੇ 5 ਫਰਵਰੀ ਦੀ ਸ਼ਾਮ ਦੁਪੱਟੇ ਨਾਲ ਫਾਹਾ ਲੈ ਕੇ ਆਤਮਹੱਤਿਆ ਕਰ ਲਈ। ਅਧਿਕਾਰੀ ਅਨੁਸਾਰ ਮਾਮਲਾ ਦਰਜ ਕਰਕੇ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਜਾਂਚ ਦੌਰਾਨ ਜੇਕਰ ਕੋਈ ਹੋਰ ਸਬੂਤ ਸਾਹਮਣੇ ਆਇਆ ਤਾਂ ਉਸ ਦੇ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਮਾਮਲੇ ਦੇ ਸਬੰਧ 'ਚ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ।

# ਸ੍ਰੀ ਕੇਦਾਰਨਾਥ ਮੰਦਰ, ਪਟਿਆਲਾ ਵਿੱਚ ਸ਼ਰਾਰਤੀ ਅਨਸਰਾਂ ਖਿਲਾਫ ਅਦਾਲਤ ਨੇ ਕੀਤੀ ਸਟੇਅ

**ਪਟਿਆਲਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰੀ ਸਿੰਘ ਚੌਹਾਨ ਵਾਇਸ ਚੇਅਰਮੈਨ, ਸੁਧਾਰ ਸਭਾ ਸ੍ਰੀ ਕੇਦਾਰਨਾਥ ਜੀ ਰਜਿ.ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਸੁਧਾਰ ਸਭਾ ਮੰਦਰ ਸ੍ਰੀ ਕੇਦਾਰਨਾਥ, ਰਾਜਪੁਰਾ ਰੋਡ, ਮਥੁਰਾ ਕਲੋਨੀ, ਪਟਿਆਲਾ ਦੇ ਹਰੀ ਸਿੰਘ ਚੌਹਾਨ ਵਾਇਸ ਚੇਅਰਮੈਨ ਨੇ ਦਸਿਆ ਕਿ ਉਕਤ ਮੰਦਰ ਸ੍ਰੀ ਕੇਦਾਰਨਾਥ ਜੀ, ਰਾਜਪੁਰਾ ਰੋਡ, ਮਥੁਰਾ ਕਲੋਨੀ, ਪਟਿਆਲਾ ਸ਼ਹਿਰ ਦਾ ਇੱਕ ਪ੍ਰਾਚੀਨ ਮੰਦਰ ਹੈ। ਪਿਛਲੇ ਕਾਫੀ ਸਮੇਂ ਤੋਂ ਉਕਤ ਮੰਦਰ ਦਾ ਸਹੀ ਦੇਖਭਾਲ ਨਹੀਂ ਹੋ ਰਹੀ ਸੀ ਤਾਂ ਸਾਰੇ ਭਗਤਾਂ ਨੇ ਮਿਲ ਕੇ ਉਕਤ ਸੁਧਾਰ ਸਭਾ ਬਣਾਈ ਸੀ, ਜੋ ਉਕਤ ਮੰਦਰ ਦੀ ਦੇਖ-ਰੇਖ, ਸਾਂਭ-ਸੰਭਾਲ, ਸਫਾਈ, ਭੰਡਾਰੇ ਵਗੈਰਾ ਕਰਵਾਉਂਦੀ ਹੈ। ਹਰੀ ਸਿੰਘ ਚੌਹਾਨ ਜੀ ਨੇ ਦੱਸਿਆ ਕਿ ਮੰਦਰ ਦੇ ਅੰਦਰ ਡਿਪਟੀ ਕਮਿਸ਼ਨਰ ਪਟਿਆਲਾ ਤੋਂ ਮੰਜੂਰੀ ਲੈ ਕੇ ਮੰਦਰ ਦੇ ਅੰਦਰ ਚਿੱਤਰਕਾਰੀ ਕਰਵਾਈ ਅਤੇ ਹੋਰ ਮੰਦਰ ਦੇ ਬਾਹਰ ਕੱਚੀ ਜਗ੍ਹਾ ਤੇ ਲੋਕਿੰਗ ਟਾਈਲਾਂ ਲਗਵਾਈਆਂ ਅਤੇ ਜਦੋਂ ਤੋਂ ਭਗਵਾਨ ਸ਼ੰਕਰ ਜੀ, ਅਤੇ ਨੰਦੀ ਜੀ ਦੀ ਮੂਰਤੀ ਬਣੀ ਹੈ ਇਸ ਨਾਲ ਮੰਦਰ ਦੀ ਸੁੰਦਰਤਾ ਹੋਰ ਵੱਧ ਗਈ ਜਿਸ ਕਾਰਨ ਮੰਦਰ ਤੇ ਲੋਕਾਂ ਦੀ ਆਵਾਜਾਈ ਤੇ ਆਸਥਾ ਬਹੁਤ ਵੱਧ ਗਈ ਹੈ। ਜਿਸ ਬਾਰੇ ਸਾਰੇ ਇਲਾਕਾ ਵਾਸੀ / ਸ਼ਹਿਰ ਵਾਸੀ ਬਹੁਤ ਖੁਸ਼ ਹਨ ਅਤੇ ਸੁਧਾਰ ਸਭਾ ਦੀ ਸਰਹਾਨਾ ਕਰਦੇ ਹਨ। ਮੁਕੇਸ਼ ਠਾਕੁਰ ਉਰਫ ਸ਼ੰਟੀ ਵਾਇਸ ਚੇਅਰਮੈਨ ਪ੍ਰਾਚੀਨ ਮੰਦਰ ਸ੍ਰੀ ਕੇਦਾਰਨਾਥ ਸੇਵਾ ਸੰਮਤੀ ਅਤੇ ਮੋਹਿਤ ਠਾਕੁਰ ਪ੍ਰਧਾਨ ਪ੍ਰਾਚੀਨ ਮੰਦਰ ਸ੍ਰੀ ਕੇਦਾਰਨਾਥ ਸੇਵਾ ਸੰਮਤੀ ਵਾਸੀਆਨ ਮਥੁਰਾ ਕਲੋਨੀ, ਪਟਿਆਲਾ ਵਗੈਰਾ ਮੰਦਰ ਦੀ ਮਰਿਆਦਾ ਭੰਗ ਕਰਦੇ ਸੀ ਅਤੇ ਭਗਤਾਂ ਦੀ ਆਸਥਾ ਵਿੱਚ ਵਿਘਨ ਪਾਉਂਦੇ ਸੀ ਤੇ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੇ ਸੀ, ਸੁਧਾਰ ਸਭਾ ਦੇ ਕੰਮ ਕਾਰ ਵਿੱਚ ਦਖਲ ਅੰਦਾਜੀ ਕਰਦੇ ਸੀ ਅਤੇ ਗੈਰ ਕਾਨੂੰਨੀ ਤਰੀਕੇ ਨਾਲ ਚੰਦਾ ਇਕੱਠੇ ਕਰਦੇ ਸੀ ਅਤੇ ਆਪਣੇ ਆਪ ਨੂੰ ਮੰਦਰ ਦੀ ਦੇਖ-ਰੇਖ ਲਈ ਆਪਣਾ ਹੱਕ ਜਤਾਉਂਦੇ ਸੀ ਤਾਂ ਸਾਡੀ ਸੰਸਥਾ ਨੇ ਆਪਣੇ ਵਕੀਲ ਸ੍ਰੀ ਅਮਿਤ ਜੈਨ ਰਾਹੀਂ ਸਿਵਲ ਸੂਟ ਨੰਬਰ 1494/2024 ਅਨੁਮਾਨੀ ਸੁਧਾਰ ਸਭਾ ਸ੍ਰੀ ਕੇਦਾਰਨਾਥ ਜੀ ਬਨਾਮ ਮੁਕੇਸ਼ ਠਾਕੁਰ ਵਗੈਰਾ ਦਾਇਰ ਕੀਤਾ ਸੀ ਜੋ ਸ੍ਰੀ ਹਰਜੋਤ ਸਿੰਘ ਗਿੱਲ, ਪੀ.ਸੀ.ਐਸ ਸਿਵਲ ਜੱਜ, ਜੂਨੀਅਰ ਡਵੀਜਨ, ਪਟਿਆਲ਼ਾ ਦੀ ਅਦਾਲਤ ਵਿੱਚ ਮਿਤੀ 29-04-2026 ਲਈ ਵਿਚਾਰ ਅਧੀਨ ਹੈ। ਮਾਨਯੋਗ ਅਦਾਲਤ ਨੇ ਉਕਤ ਕੇਸ ਵਿੱਚ ਸੁਧਾਰ ਸਭਾ ਵੱਲੋਂ ਦਾਇਰ ਬੰਦੀ ਦੀ ਦਰਖਾਸਤ ਹੁਕਮ ਮਿਤੀ 02-02-2026 ਨੂੰ ਮੰਨਜੂਰ ਕਰ ਲਿਆ ਹੈ ਅਤੇ ਦੂਜੀ ਧਿਰ ਮੁਕੇਸ਼ ਠਾਕੁਰ ਅਤੇ ਮੋਹਿਤ ਠਾਕੁਰ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਸਾਡੀ ਸਭਾ ਵੱਲੋਂ ਉਕਤ ਮੰਦਰ ਦੀ ਕੀਤੀ ਜਾ ਰਹੀ ਦੇਖ-ਰੇਖ, ਮੈਨੇਜਮੈਂਟ ਵਿੱਚ ਦਖਲ ਅੰਦਾਜੀ ਕਰਨ ਤੋਂ ਮੰਦਰ ਦੇ ਅਹਾਤੇ ਵਿੱਚ ਕਿਸੇ ਤਰ੍ਹਾਂ ਦੀ ਕੋਈ ਨਿਉਸੈਂਸ (ਹੁਲੜਬਾਜੀ), ਮੰਦਰ ਦੇ ਵਿੱਚ ਕਿਸੇ ਤਰ੍ਹਾਂ ਦਾ ਹੱਕ ਜਤਾਉਣ ਵਿੱਚ ਰੋਕ ਲਗਾ ਦਿੱਤੀ ਹੈ।

[redacted]

# ਨਿੱਕੀ ਦੁਨੀਆ



**ਜਦੋਂ ਛੁੱਟੀਆਂ ਹੋਣੀਆਂ ਤਾਂ ਨਾਨਕੇ ਪਿੰਡ ਰਹਿਣ ਜਾਣਾ ਤੇ ਨਾਲੇ ਕਹਿਣਾ 'ਨਾਨਕੇ ਪਿੰਡ ਜਾਵਾਂਗੇ, ਲੱਡੂ ਪੇੜੇ ਖਾਵਾਂਗੇ, ਮੋਟੇ ਹੋ ਕੇ ਆਵਾਂਗੇ', ਅੱਜ ਵੀ ਉਹ ਦਿਨ ਯਾਦ ਆਉਂਦੇ ਹਨ। ਅੱਜ ਤਾਂ ਬੱਚਿਆਂ ਨੂੰ ਛੁੱਟੀਆਂ ਦਾ ਚਾਅ ਘੱਟ ਤੇ ਹੋਮਵਰਕ ਦਾ ਫ਼ਿਕਰ ਜ਼ਿਆਦਾ ਹੁੰਦਾ ਹੈ...**

## ਸਾਨੂੰ ਦੇ ਕੇ ਚੋਰ ਭੁਲਾਈਆਂ ਬਚਪਨ ਤੁਰ ਗਿਆ...

• ਹਨੀ ਸੋਢੀ



ਕਈ ਵਾਰ ਟੀ. ਵੀ. ਉੱਤੇ ਅਜਿਹੇ ਗਾਣੇ ਦੇਖਣ-ਸੁਣਨ ਨੂੰ ਮਿਲਦੇ ਨੇ ਕਿ ਦਿਲ ਵਾਰ-ਵਾਰ ਉਹੀ ਸੁਣਨ ਨੂੰ ਕਰਦ ਹੈ। ਜਦੋਂ ਮੈਂ 'ਸਾਨੂੰ ਦੇ ਕੇ ਚੋਰ ਭੁਲਾਈਆਂ, ਬਚਪਨ ਤੁਰ ਗਿਆ' ਗੀਤ ਸੁਣਿਆ ਤਾਂ ਮੈਨੂੰ ਵੀ ਆਪਣੇ ਬਚਪਨ ਦੇ ਦਿਨ ਯਾਦ ਆ ਗਏ। ਪਰ ਅੱਜ ਦੇ ਤਕਨੀਕੀ ਯੁੱਗ ਨੇ ਬਚਪਨ ਦੀ ਮਸਤੀ ਘੱਟ ਕਰ ਦਿੱਤੀ ਹੈ। ਅੱਜ ਭਾਵੇਂ ਕੰਪਿਊਟਰ ਦੇ ਯੁੱਗ ਨੇ ਸਭ ਕੁਝ ਬਦਲ ਕੇ ਰੱਖ ਦਿੱਤਾ ਹੈ ਪਰ ਅਸੀਂ ਬਚਪਨ ਦੀਆਂ ਖੇਡਾਂ, ਕੀਤੀ ਮੌਜ-ਮਸਤੀ, ਆਪਣੇ ਚੇਤਿਆਂ 'ਚ ਸਮੋਈ ਬੈਠੇ ਹਾਂ।

ਬਚਪਨ ਦੇਖਣ ਨੂੰ ਤਾਂ ਭਾਵੇਂ ਛੋਟਾ ਜਿਹਾ ਲੱਗਦਾ, ਪਰ ਇਸ ਨੂੰ ਜ਼ਿੰਦਗੀ ਦਾ ਸੁਨਹਿਰੀ ਸਮਾਂ ਮੰਨਿਆ ਜਾਂਦਾ ਹੈ। ਬਚਪਨ ਦੀ ਨਾਦਾਨੀ, ਬੇਪ੍ਰਵਾਹੀ, ਕੀਤੀ ਮੌਜ-ਮਸਤੀ ਤਾਂ ਸਾਰੀ ਜ਼ਿੰਦਗੀ ਹੀ ਨਹੀਂ ਭੁਲਾਈ ਜਾ ਸਕਦੀ। ਉਦੋਂ ਸਾਰੇ ਯਾਰ-ਬੇਲੀ ਇਕੱਠੇ ਹੋ ਕੇ ਲੁਕਣ-ਮੀਟੀ, ਗੁੱਲੀ-ਡੰਡਾ, ਬਾਂਦਰ ਕੀਲ੍ਹਾ, ਬੰਟੇ, ਪਿੱਠੂ-ਕਾਰੇ ਵਰਗੀਆਂ ਖੇਡਾਂ ਖੇਡਦੇ ਸਨ। ਜੋ ਆਨੰਦ ਉਦੋਂ ਸਾਇਕਲ-ਸਕੂਟਰ ਦੇ ਟਾਇਰ ਹੱਥਾਂ ਨਾਲ ਚਲਾ ਕੇ, ਇਕ-ਦੂਜੇ ਨਾਲ ਰੇਸਾਂ ਲਾ ਕੇ ਆਉਂਦਾ ਸੀ, ਸ਼ਾਇਦ ਉਹ ਆਨੰਦ ਅੱਜ ਮਹਿੰਗੀਆਂ ਕਾਰਾਂ ਚਲਾ ਕੇ ਵੀ ਨਹੀਂ ਆਉਂਦਾ। ਅੱਜ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਬਚਪਨ ਦੀ ਇਕ ਖੇਡ 'ਭੰਡਾ ਭੰਡਾਰੀਆ ਕਿੰਨਾ ਕੁ ਭਾਰ, ਇਕ ਮੁੱਠ ਚੁੱਕ ਲੈ, ਦੂਜੀ ਤਿਆਰ' ਤਾਂ ਜ਼ਿੰਦਗੀ ਦੀ ਇਕ ਅਸਲ ਸੱਚਾਈ ਹੈ। ਧੁੱਪ-ਛਾਂ ਦੀ ਪ੍ਰਵਾਹ ਨਾ ਕਰਨੀ, ਸਕੂਲੋਂ ਆਉਂਦਿਆਂ ਹੀ ਬਸਤਾ ਘਰ ਸੁੱਟਣਾ ਤੇ ਘਰਦਿਆਂ ਨੂੰ ਝਕਾਨੀ ਦੇ ਕੇ ਘਰੋਂ ਫੁਰਰ ਹੋ ਜਾਣਾ। ਗਲੀ ਦੇ ਸਾਰੇ ਮੁੰਡੇ-ਕੁੜੀਆਂ ਨੇ ਇਕੱਠਿਆਂ ਖੇਡਣਾ ਪਰ ਅੱਜ ਦਾ ਮਾਹੌਲ ਪੂਰੀ ਤਰ੍ਹਾਂ ਬਦਲ ਚੁੱਕਿਆ ਹੈ। ਅੱਜ ਤਾਂ ਕੁੜੀਆਂ ਨੂੰ ਘਰੋਂ ਬਾਹਰ ਤੱਕ ਨਿਕਲਣ ਨਹੀਂ ਦਿੱਤਾ ਜਾਂਦਾ। ਛੁੱਟੀ ਵਾਲੇ ਦਿਨ ਤਾਂ ਘਰੋਂ ਸਵੇਰੇ ਹੀ ਨਿਕਲ ਜਾਣਾ ਤਾਂ ਜਦੋਂ ਫਿਰ ਡਰਦਿਆਂ-ਡਰਦਿਆਂ ਦੇਰ ਨਾਲ ਘਰ ਵੜਨਾ ਤਾਂ ਘਰੋਂ 'ਸੇਵਾ' ਹੋਣੀ। ਕਈ ਵਾਰ ਤਾਂ ਘਰਦਿਆਂ ਬਾਹਰੋਂ ਲੱਭ ਕੇ ਲਿਆਉਣਾ। ਜਦੋਂ ਸਕੂਲੋਂ ਗਰਮੀਆਂ ਦੀਆਂ ਛੁੱਟੀਆਂ ਹੋਣੀਆਂ ਤਾਂ ਨਾਨਕੇ ਪਿੰਡ ਰਹਿਣ ਜਾਣਾ ਤੇ ਨਾਲੇ ਕਹਿਣਾ 'ਨਾਨਕੇ ਪਿੰਡ ਜਾਵਾਂਗੇ, ਲੱਡੂ ਪੇੜੇ ਖਾਵਾਂਗੇ, ਮੋਟੇ ਹੋ ਕੇ ਆਵਾਂਗੇ', ਅੱਜ ਵੀ ਉਹ ਦਿਨ ਯਾਦ ਆਉਂਦੇ। ਅੱਜ ਤਾਂ ਬੱਚਿਆਂ ਨੂੰ ਛੁੱਟੀਆਂ ਦਾ ਚਾਅ ਘੱਟ ਤੇ ਕੰਮ ਦਾ ਫ਼ਿਕਰ ਜ਼ਿਆਦਾ ਹੁੰਦਾ ਹੈ। ਮੈਨੂੰ ਯਾਦ ਹੈ ਜਦੋਂ ਅਸੀਂ ਪਿੰਡ ਦੇ ਸਕੂਲ ਵਿੱਚ ਪੜ੍ਹਦੇ ਸੀ ਤੇ ਸਕੂਲ ਦੇ ਅਧਿਆਪਕ ਵੀ ਪਿੰਡ ਦੇ ਹੀ ਹੁੰਦੇ ਸਨ। ਜਦੋਂ ਕਿਤੇ ਖੇਡਦਿਆਂ-ਖੇਡਦਿਆਂ ਉਨ੍ਹਾਂ ਨੂੰ ਦੇਖ ਲੈਣਾ ਤਾਂ ਉਨ੍ਹਾਂ ਨੂੰ ਦੇਖ ਲੁਕ ਜਾਣਾ। ਇਕ ਵਾਰ ਸਕੂਲ ਟੀਚਰ ਨੇ ਬੰਟੇ ਖੇਡਦਿਆਂ ਦੇਖ ਲਿਆ ਤੇ ਦੂਜੇ ਦਿਨ ਸਵੇਰੇ ਕਲਾਸ ਵਿੱਚ ਪੁੱਛਣ ਲੱਗੇ ਕਿ ਬੰਟੇ ਕੀਹਨੂੰ-ਕੀਹਨੂੰ ਖੇਡਣੇ ਆਉਂਦੇ। ਅਸੀਂ ਚਾਰ-ਪੰਜ ਮਿੱਤਰ ਚਾਈਂ-ਚਾਈਂ ਉਠ ਖੜ੍ਹੇ ਹੋਏ ਤਾਂ ਮੈਡਮ ਨੇ ਕਿਹਾ ਫਿਰ ਦੇਖਦੇ ਕੀਹਦੇ ਕੋਲ ਬੰਟੇ ਜ਼ਿਆਦਾ ਨੇ, ਕੱਲ੍ਹ ਲੈ ਕੇ ਆਇਓ। ਅਸੀਂ ਸਾਰਿਆਂ ਨੇ ਬੰਟੇ ਬੋਤਲਾਂ ਵਿੱਚ ਪਾ-ਪਾ ਰੱਖੇ ਹੋਏ ਸੀ। ਸਾਰੇ ਦੋ-ਦੋ, ਤਿੰਨ-ਤਿੰਨ ਬੋਤਲਾਂ ਲੈ ਆਏ। ਅਸੀਂ ਤਾਂ ਚਾਅ-ਚਾਅ ਨਾਲ ਮੈਡਮ ਨੂੰ ਦਿਖਾਏ ਕਿ ਮੇਰੇ ਕੋਲ ਜ਼ਿਆਦਾ, ਮੇਰੇ ਕੋਲ ਜ਼ਿਆਦਾ। ਮੈਡਮ ਨੇ ਫਿਰ ਕਲਾਸ ਵਿੱਚ ਖੜੇ ਕਰ ਲਿਆ ਕਿ ਇਹ ਹੁੰਦੀ ਏ ਘਰ ਜਾ ਕੇ ਪੜ੍ਹਾਈ। ਉਤੋਂ ਪੇਪਰਾਂ ਦੇ ਦਿਨ ਹੋਣ ਕਰਕੇ ਫਿਰ 'ਸੇਵਾ'। ਸ਼ਾਇਦ ਸਕੂਲ ਅਧਿਆਪਕਾਂ ਤੋਂ ਖਾਧੀ ਕੁੱਟ ਨੇ ਹੀ ਅੱਜ ਕਿਸੇ ਮੁਕਾਮ 'ਤੇ ਪਹੁੰਚਾ ਦਿੱਤਾ ਹੈ।

ਜਦੋਂ ਹੁਣ ਇਹ ਗੱਲਾਂ ਕਦੇ-ਕਦੇ ਉਹੀ ਯਾਰ-ਬੇਲੀ ਇਕੱਠੇ ਹੋ ਕੇ ਕਰਦੇ ਹਾਂ ਤਾਂ ਲੱਗਦਾ ਹੈ ਝੂਠ ਹੀ ਬੋਲ ਰਹੇ ਹਾਂ। ਕਦੇ-ਕਦੇ ਗੱਲਾਂ ਕਰਦਿਆਂ-ਕਰਦਿਆਂ ਹਾਸਾ ਵੀ ਆਉਂਦਾ ਕਿ ਅਸੀਂ ਇਨੀਆਂ ਸ਼ਰਾਰਤਾਂ ਕਰਦੇ ਹੁੰਦੇ ਸੀ। ਅੱਜ ਦੀ ਜ਼ਿੰਦਗੀ ਤਾਂ ਸਿਰਫ਼ ਰੁਝੇਵਿਆਂ ਭਰੀ ਹੈ। ਪਰ ਬਚਪਨ ਵਿੱਚ ਕੀਤੀਆਂ ਉਹ ਸ਼ਰਾਰਤਾਂ ਤੇ ਖੇਡੀਆਂ ਖੇਡਾਂ ਸਾਰੀ ਜ਼ਿੰਦਗੀ ਸਾਡੇ ਚੇਤਿਆਂ ਵਿੱਚ ਵਸੀਆਂ ਰਹਿਣਗੀਆਂ। ਬਚਪਨ ਦੇ ਉਹ ਦਿਨ, ਕੀਤੀ ਮੌਜ-ਮਸਤੀ, ਬੇਪ੍ਰਵਾਹੀ ਜਦੋਂ ਵੀ ਯਾਦ ਆਉਂਦੀ ਹਨ ਤਾਂ ਮੁੜ ਬੱਚੇ ਬਣਨ ਨੂੰ ਦਿਲ ਲੋਚਦਾ ਹੈ। ਪਰ ਅਜਿਹਾ ਹੋ ਨਹੀਂ ਸਕਦਾ। •

-98789-19248



ਬਾਲ ਕਵਿਤਾ



### ਟੌਫ਼ੀ

ਸੁਣ ਲਉ ਬੱਚਿਓ ਗੱਲ ਸੱਚੀ,
ਟੌਫ਼ੀ, ਚਾਕਲੇਟ ਨਾ ਅੱਛੀ।
ਚੂਸਣ ਤੇ ਇਹ ਲੱਗੇ ਪਿਆਰੀ,
ਖਾ ਜਾਂਦੇ ਤੁਸੀਂ ਇਹ ਸਾਰੀ।
ਦੰਦਾਂ ਨੂੰ ਇਹ ਕਰੇ ਖ਼ਰਾਬ,
ਕੀੜੇ ਲਾਉਂਦੀ ਜੋ ਬੇਹਿਸਾਬ।
ਤੁਸੀਂ ਦੰਦਾਂ ਦੀ ਕਰੋ ਸੰਭਾਲ,
ਲੱਗਦੇ ਸੋਹਣੇ ਇਨ੍ਹਾਂ ਦੇ ਨਾਲ਼।
ਜਸਦੀਪ ਸਰ ਰੋਜ਼ ਨੇ ਕਹਿੰਦੇ,
ਦੰਦ ਸਾਫ਼ ਜੋ ਕਰਦੇ ਰਹਿੰਦੇ।
ਬਦਬੂ ਨਾ ਆਵੇ ਉਨ੍ਹਾਂ ਕੋਲੋਂ,
ਤੰਦਰੁਸਤ ਉਹ ਹਮੇਸ਼ਾਂ ਰਹਿੰਦੇ।
ਚੰਗੀਆਂ ਚੀਜ਼ਾਂ ਤੁਸੀਂ ਖਾਓ,
ਬੱਚਿਓ ਆਪਣੀ ਸਿਹਤ ਬਣਾਓ।

• ਜਸਦੀਪ ਸਿੰਘ ਖ਼ਾਲਸਾ
-94630-57786

### ਰੇਤ ਦੇ ਘਰ

ਆਓ ਬੱਚਿਓ! ਰਲ-ਮਿਲ ਖੇਡੀਏ,
ਰੇਤਾ ਆਪਾਂ ਚੁੱਕ ਲਿਆਈਏ।
ਪੈਰਾਂ ਉੱਤੇ ਰੇਤਾ ਪਾ ਕੇ
ਰੇਤ ਦੇ ਸੋਹਣੇ ਘਰ ਬਣਾਈਏ।
ਜਿਸ ਦਾ ਘਰ ਹੋਊ ਸਭ ਤੋਂ ਸੁਹਣਾ,
ਉਸ ਦੇ ਲਈ ਤਾੜੀ ਵਜਵਾਈਏ।
ਫਿਰ ਘਰਾਂ ਦੀ ਗਿਣਤੀ ਕਰਕੇ,
ਨਵੇਂ ਪਿੰਡ ਦਾ ਰੂਪ ਸਜਾਈਏ।
ਪਿੰਡ ਦੇ ਅੰਦਰ ਕੱਚੀਆਂ ਸੜਕਾਂ,
ਸੜਕਾਂ ਕੰਢੇ, ਰੁੱਖ ਲਗਾਈਏ।
ਹਰਾ ਭਰਾ ਪਿੰਡ ਸੋਹਣਾ ਲੱਗੇ,
ਵਾਤਾਵਰਣ ਦਾ ਸਬਕ ਸਿਖਾਈਏ।
ਖੇਡ ਖੇਡਦੇ ਵਿੱਚ ਹੀ ਆਪਾਂ,
ਨਕਸ਼ਾ ਪੰਜਾਬ ਉੱਤੇ ਦਿਖਲਾਈਏ।
'ਸਵੱਛ ਭਾਰਤ' ਦਾ ਪਿੰਡ ਇਹ ਸੋਹਣਾ,
'ਗੋਸਲ' ਪਿੰਡ ਦਾ ਨਾਮ ਰੱਖਾਈਏ।
ਹਰ ਬੱਚੇ ਨੇ ਧਿਆਨ ਏ ਰੱਖਣਾ,
ਆਪਸ ਵਿੱਚ ਲੜ, ਘਰ ਨਾ ਢਾਹੀਏ।

• ਬਹਾਦਰ ਸਿੰਘ ਗੋਸਲ
-98764-52223



### ਪਿਤਾ

ਪਿਤਾ ਨੂੰ ਨਾ ਦੇਵੀਂ ਤੂੰ ਵਿਸਾਰ ਸੋਹਣਿਆ।
ਦਿੱਤਾ ਤੈਨੂੰ ਰੱਜਵਾਂ ਪਿਆਰ ਸੋਹਣਿਆ।
ਜੰਮਿਆਂ ਤੂੰ ਖ਼ੂਬ ਖ਼ੁਸ਼ੀਆਂ ਮਨਾਈਆਂ ਸੀ।
ਸਾਰਿਆਂ ਨੇ ਆ ਕੇ ਦਿੱਤੀਆਂ ਵਧਾਈਆਂ ਸੀ।
ਬਣਿਆ ਤੂੰ ਘਰ ਦਾ ਸ਼ਿੰਗਾਰ ਸੋਹਣਿਆ।
ਪਿਤਾ ਨੂੰ ਨਾ ਦੇਵੀਂ ਤੂੰ ਵਿਸਾਰ ਸੋਹਣਿਆ।
ਤੇਰੇ ਨਾਲ ਵਸੇ ਸੰਸਾਰ ਸੋਹਣਿਆ।
ਪਿਤਾ ਨੂੰ ਨਾ ਦੇਵੀਂ ਤੂੰ ਵਿਸਾਰ ਸੋਹਣਿਆ,
ਵੱਡੇ ਹੋ ਕੇ ਬਾਪ ਦਾ ਸਹਾਰਾ ਬਣਨਾ,
ਪਿਤਾ ਨੂੰ ਨਾ ਦੇਵੀਂ ਤੂੰ ਵਿਸਾਰ ਸੋਹਣਿਆ,
'ਡਾਲਵੀ' ਦੇ ਵਾਂਗ ਤੂੰ ਵੀ ਨਾਮ ਚਮਕਾਵਣਾ,
ਪੜ੍ਹ ਲਿਖ ਵੱਡਾ ਰੁੱਤਬਾ ਤੂੰ ਪਾਵਣਾ,
ਬਾਪ ਦਾ ਤੂੰ ਸੀਨਾ ਦੇਵੀਂ ਠਾਰ ਸੋਹਣਿਆ,
ਪਿਤਾ ਨੂੰ ਨਾ ਦੇਵੀਂ ਤੂੰ ਵਿਸਾਰ ਸੋਹਣਿਆ,

• ਬਹਾਦਰ ਡਾਲਵੀ
-94172-35502

## ਸਮੁੰਦਰੀ ਜੀਵ

ਕੀ ਤੁਸੀਂ ਜਾਣਦੇ ਹੋ ਕਿ ਇਸ ਵੱਡਅਕਾਰੀ ਸ਼ਾਰਕ ਦਾ ਮੂੰਹ ਉਸ ਦੇ ਸਰੀਰ ਦੇ ਹੇਠਲੇ ਹਿੱਸੇ ਵਿਚ ਹੁੰਦਾ ਹੈ? ਇਸ ਦਾ ਨਾਂ ਗਾਬਲਿਨ ਸ਼ਾਰਕ ਹੈ ਤੇ ਆਪਣੇ ਇਕ ਹਮਲੇ ਨਾਲ ਇਹ ਕਿਸੇ ਦਾ ਵੀ ਕੰਮ ਖ਼ਤਮ ਕਰਨ ਦੀ ਸਮਰਥਾ ਰੱਖਦਾ ਹੈ।

**ਦੁਨੀਆ 'ਚ ਅਜੀਬੋ ਗ਼ਰੀਬ ਜਿਹਾ ਦਿਖਾਈ ਦੇਣ ਵਾਲਾ ਇਹ ਜੀਵ ਵਾਟਰ ਬੀਅਰ ਹੈ। ਇਹ ਧਰਤੀ 'ਤੇ ਰਹਿਣ ਵਾਲੇ ਚੋਣਵੇਂ ਸ਼ਕਤੀਸ਼ਾਲੀ ਜੀਵਾਂ ਵਿਚੋਂ ਇਕ ਮੰਨਿਆ ਜਾਂਦਾ ਹੈ....**

ਲਗਭਗ ਇਕ ਮੀਟਰ ਲੰਬਾ ਬਾਬਿਟ ਲੋੜ ਪੈਣ 'ਤੇ 3 ਮੀਟਰ ਤੱਕ ਦਾ ਆਰਾਮ ਨਾਲ ਹੋ ਜਾਂਦਾ ਹੈ। ਆਪਣੇ ਲੰਬੇ ਸਰੀਰ ਦੀ ਮਦਦ ਨਾਲ ਹੀ ਇਹ ਆਪਣੇ ਭੋਜਨ ਤਕ ਪਹੁੰਚਦਾ ਹੈ।

ਚਮਕੀਲੇ ਲਾਲ ਬੁੱਲ੍ਹਾਂ ਵਾਲੀ ਇਸ ਮੱਛੀ ਦਾ ਨਾਂ ਹੈ ਬੈਟ ਫਿਸ਼। ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹ ਸਮੁੰਦਰ ਤਲ 'ਤੇ ਰੇਂਗ ਸਕਦੀ ਹੈ। ਕੋਈ ਵੀ ਮੱਛੀ ਤੈਰਨ ਤੋਂ ਇਲਾਵਾ ਰੇਂਗਣ ਦੀ ਕਾਬਲੀਅਤ ਨਹੀਂ ਰਖਦੀ।

ਆਪਣੇ ਭਿਆਨਕ ਮੂੰਹ ਤੇ ਖੇਤਰ ਲਈ ਲੜਨ ਵਾਲੀ ਇਹ ਮੱਛੀ ਦਾ ਨਾਂ ਹੈ ਫ੍ਰਿੰਜਹੇਡ। ਇਹ ਦੱਖਣੀ ਕੈਲੀਫੋਰਨੀਆਂ ਤੇ ਮੈਕਸੀਕੋ ਵਿਚ ਪਾਈ ਜਾਂਦੀ ਹੈ।

ਕਾਫ਼ੀ ਖ਼ੂਬਸੂਰਤ ਜਿਹੀ ਦਿਸਣ ਵਾਲੀ ਇਹ ਮੱਛੀ ਬਹੁਤ ਹੀ ਹਮਲਾਵਰ ਸੁਭਾਅ ਦੀ ਹੁੰਦੀ ਹੈ। ਇਸ ਦਾ ਨਾਂ ਓਸ਼ੀਅਨ ਸਨਫਿਸ਼ ਹੈ। ਇਹ ਸਿਰਫ਼ ਜੈਲੀਫਿਸ਼ ਨੂੰ ਹੀ ਖਾ ਸਕਦੀ ਹੈ।

ਮੋਲਾ ਮੋਲਾ ਨੂੰ ਇਸ ਦੁਨੀਆਂ ਦਾ ਸਭ ਤੋਂ ਭਾਰੀ ਹੱਡੀਆਂ ਵਾਲੇ ਜੀਵ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਇਕ ਹਜ਼ਾਰ ਕਿਲੋ ਤਕ ਦੀ ਹੁੰਦੀ ਹੈ।

ਸਭ ਤੋਂ ਆਖ਼ਰ ਵਿਚ ਹੈ ਸਪੂਕ ਫਿਸ਼। ਇਸ ਦਾ ਪੂਰਾ ਸਰੀਰ ਪਾਰਦਰਸ਼ੀ ਹੁੰਦਾ ਹੈ ਤੇ ਅੱਖਾਂ ਬਹੁਤ ਹੀ ਵੱਡੀਆਂ ਸ਼ੀਸ਼ੇ ਵਰਗੀਆਂ। •



ਅਜੂਬੇ



## ਦੁਨੀਆ ਦਾ ਅਨੋਖਾ ਬੀਜ ਬੈਂਕ

ਦੁਨੀਆ ਦੇ ਕਈ ਦੇਸ਼ਾਂ 'ਚ ਅਜਿਹੇ ਬੀਜ ਬੈਂਕ ਹਨ ਜੋ ਬੀਜਾਂ ਨੂੰ ਸੰਭਾਲ ਕੇ ਰੱਖਦੇ ਹਨ। ਅਜਿਹਾ ਇਸ ਲਈ ਹੁੰਦਾ ਹੈ ਕਿ ਕਦੇ ਵੀ ਬਿਪਤਾ ਹੋਣ 'ਤੇ ਇਨ੍ਹਾਂ ਨੂੰ ਵਰਤਿਆ ਜਾ ਸਕੇ। ਵਿਗਿਆਨੀਆਂ ਨੇ ਨਾਰਥ ਪੋਲ ਜੋ ਦੁਨੀਆ ਦਾ ਬੇਹੱਦ ਠੰਢਾ ਇਲਾਕਾ ਹੈ ਉਥੇ ਇਕ ਬੀਜ ਬੈਂਕ ਬਣਾਇਆ ਹੈ। ਇਹ ਬੀਜ ਬੈਂਕ ਦੂਸਰੇ ਬੈਂਕਾਂ ਵਰਗਾ ਹੀ ਹੈ ਪਰ ਏਨਾ ਵੱਡਾ ਕਿ ਸ਼ਾਇਦ ਤੁਸੀਂ ਸੋਚ ਵੀ ਨਹੀਂ ਸਕਦੇ। ਇਹ ਅਜਿਹੀ ਥਾਂ ਹੈ ਜਿਥੇ ਮੁਸੀਬਤ ਦੇ ਦਿਨਾਂ ਦੀ ਬਿਪਤਾ ਆਸਾਨੀ ਨਾਲ ਨਹੀਂ ਆਵੇਗੀ। ਇਸ ਨੂੰ ਕਈ ਦੇਸ਼ਾਂ ਨੇ ਆਪਸੀ ਸਮਝੌਤੇ ਤਹਿਤ 'ਨੋ ਵਾਰ ਜ਼ੋਨ' ਵਿਚ ਬਦਲ ਦਿੱਤਾ। ਇਹ ਸੀਟ ਵਾਲਟ ਬਰਫ਼ ਦੀਆਂ ਚੱਟਾਨਾਂ ਨੂੰ ਕੱਟ ਕੇ ਬਹੁਤ ਗਹਿਰਾਈ ਵਿਚ ਬਣਾਇਆ ਗਿਆ ਹੈ। ਇਸ ਵਿਚ ਲੱਖਾਂ ਦੀ ਗਿਣਤੀ ਵਿਚ ਬੀਜ ਰੱਖੇ ਗਏ ਹਨ। ਦੁਨੀਆ ਦਾ ਕੋਈ ਰੁੱਖ-ਬੂਟਾ ਅਜਿਹਾ ਨਹੀਂ ਜੋ ਇੱਥੇ ਨਾ ਹੋਵੇ। ਅੱਜ ਅਸੀਂ ਇਹ ਕਹਿ ਸਕਦੇ ਹਾਂ ਕਿ ਭਾਵੇਂ ਪ੍ਰਿਥਵੀ 'ਤੇ ਡਾਇਨਾਸੋਰ ਵਰਗੇ ਜੀਵ ਲੁਪਤ ਹੋ ਗਏ ਹੋਣ ਪਰ ਅੱਜ ਪ੍ਰਿਥਵੀ 'ਤੇ ਜੀਵਨ ਬਚਾਉਣ ਦੀ ਇਹ ਕੋਸ਼ਿਸ਼ ਦੇਖ ਕੇ ਲਗਦਾ ਹੈ ਕਿ ਸ਼ਾਇਦ ਇਸ ਹਰੀ-ਭਰੀ ਧਰਤੀ 'ਤੇ ਹਰਿਆਲੀ ਹਮੇਸ਼ਾ ਕਾਇਮ ਰਹੇਗੀ। •

**ਕੀ ਤੁਸੀਂ ਕਦੇ ਪੈਂਗੋਲਿਨ ਦਾ ਨਾਂ ਸੁਣਿਆ ਹੈ? ਅੱਜ ਅਸੀਂ ਤੁਹਾਨੂੰ ਇਸ ਜੀਵ ਬਾਰੇ ਦੱਸਦੇ ਹਾਂ, ਜੋ ਬਹੁਤ ਹੀ ਘੱਟ ਖਾਂਦਾ ਹੈ ਤੇ ਸ਼ਿਕਾਰ ਵੀ ਰਾਤ ਸਮੇਂ ਕਰਦਾ ਹੈ। ਇਹ ਜੀਵ ਭੂਟਾਨ, ਉੱਤਰੀ ਭਾਰਤ, ਉੱਤਰ-ਪੂਰਬ ਬੰਗਲਾ ਦੇਸ਼, ਮਿਆਂਮਾਰ, ਥਾਈਲੈਂਡ, ਦੱਖਣੀ ਚੀਨ ਤੇ ਤਾਈਵਾਨ 'ਚ ਮਿਲਦਾ ਹੈ...**

## ਡਾਇਨਾਸੋਰ ਦਾ ਅੱਧਾ ਪਰਿਵਾਰ ਪੈਂਗੋਲਿਨ



ਪੈਂਗੋਲਿਨ ਨੂੰ ਡਾਇਨਾਸੌਰ ਦੇ ਪਰਿਵਾਰ ਦਾ ਮੈਂਬਰ ਮੰਨਿਆ ਜਾਂਦਾ ਹੈ। ਕਿਉਂਕਿ ਉਸ ਦੀਆਂ ਹੱਡੀਆਂ ਦੀ ਬਣਾਵਟ ਡਾਇਨਾਸੌਰ ਨਾਲ ਮਿਲਦੀ ਹੈ। ਆਪਣੇ ਦੇਸ਼ 'ਚ ਦੋ ਤਰ੍ਹਾਂ ਦੇ ਪੈਂਗੋਲਿਨ ਮਿਲਦੇ ਹਨ, ਭਾਰਤੀ ਤੇ ਚੀਨੀ। ਚੀਨੀ ਪੈਂਗੋਲਿਨ ਪੂਰਬੀ ਦੇਸ਼ਾਂ 'ਚ ਮਿਲਦੇ ਹਨ। ਦੁਨੀਆਂ ਭਰ 'ਚ ਪੈਂਗੋਲਿਨ ਦੀਆਂ ਸੱਤ ਪ੍ਰਜਾਤੀਆਂ ਮਿਲਦੀਆਂ ਹਨ। ਇਹ ਆਕਾਰ 'ਚ ਬਹੁਤ ਛੋਟੇ ਹੁੰਦੇ ਹਨ। ਇਨ੍ਹਾਂ ਦਾ ਪਿਛਲਾ ਪੈਰ ਅਗਲੇ ਪੈਰ ਦੀ ਤੁਲਨਾ 'ਚ ਵੱਡਾ ਤੇ ਮੋਟਾ ਹੁੰਦਾ ਹੈ। ਇਸ ਦੇ ਦੰਦ ਨਹੀਂ ਹੁੰਦੇ। ਇਹ ਜੀਭ ਨਾਲ ਹੀ ਸ਼ਿਕਾਰ ਕਰਦੇ ਹਨ। ਇਸ ਦੀ ਜੀਭ ਕਰੀਬ 25 ਸੈਂਟੀਮੀਟਰ ਤੱਕ ਹੁੰਦੀ ਹੈ ਤੇ ਉਹ ਆਸਾਨੀ ਨਾਲ ਆਪਣੇ ਸ਼ਿਕਾਰ ਨੂੰ ਆਪਣੀ ਜੀਭ ਨਾਲ ਚਿਪਕਾ ਲੈਂਦੇ ਹਨ।

**ਪੈਂਗੋਲਿਨ ਦਾ ਸੁਰੱਖਿਆ ਕਵਚ-** ਪੈਂਗੋਲਿਨ ਦਾ ਸਰੀਰ ਹੀ ਹੁੰਦਾ ਹੈ ਤੇ ਇਸ ਦੇ ਸਰੀਰ 'ਤੇ ਹੋਰ ਕਈ ਕਵਚ ਹੁੰਦੇ ਹਨ। ਇਹ ਕਵਚ ਸੁਰੱਖਿਆ ਕਵਚ ਵਾਂਗ ਕੰਮ ਕਰਦੇ ਹਨ। ਇਸ ਦੇ ਚਿਹਰੇ, ਗਲੇ ਤੇ ਪੈਰਾਂ ਦੇ ਹਿੱਸਿਆਂ 'ਤੇ ਕਵਚ ਨਹੀਂ ਹੁੰਦੇ। ਪੈਂਗੋਲਿਨ ਦਾ ਰੰਗ ਭੂਰੇ ਤੋਂ ਲੈ ਕੇ ਸਫ਼ੈਦ, ਤੇ ਕਾਲੇਪਨ 'ਚ ਹੁੰਦਾ ਹੈ। ਇਹ ਦਰੱਖਤਾਂ 'ਤੇ ਚੜ੍ਹਨ 'ਚ ਮਾਹਿਰ ਹੁੰਦੇ ਹਨ। ਪੈਂਗੋਲਿਨ ਰਾਤ ਨੂੰ ਭੋਜਨ ਕਰਦੇ ਹਨ। ਇਹ ਦਰੱਖ਼ਤ ਤੇ ਚੜ੍ਹਨ 'ਚ ਵੀ ਮਾਹਿਰ ਹੁੰਦੇ ਹਨ। ਪੈਂਗੋਲਿਨ ਦਾ ਮੁੱਖ ਭੋਜਨ ਕੀੜੀਆਂ ਦੇ ਆਂਡੇ ਹੁੰਦੇ ਹਨ। ਇਹ ਦੀਵਾਰਾਂ ਅਤੇ ਦਰੱਖਤਾਂ 'ਤੇ ਚੜ੍ਹ ਕੇ ਕੀੜੀਆਂ ਅਤੇ ਛੋਟੇ ਜੀਵਾਂ ਦੇ ਆਂਡਿਆਂ ਨੂੰ ਆਪਣੀ ਜੀਭ ਨਾਲ ਖਾਂਦੇ ਹਨ। ਜ਼ਰੂਰਤ ਪੈਣ 'ਤੇ ਇਹ ਕੀੜੀਆਂ ਨੂੰ ਵੀ ਨਿਗਲ ਜਾਂਦੇ ਹਨ।



**ਡਰਪੋਕ ਹੁੰਦੇ ਹਨ-** ਪੈਂਗੋਲਿਨ-ਪੈਂਗੋਲਿਨ ਡਰਪੋਕ ਹੁੰਦੇ ਹਨ ਤੇ ਕਿਸੇ ਨੂੰ ਨੁਕਸਾਨ ਨਹੀਂ ਪਹੁੰਚਾਉਂਦੇ। ਦਿਨ ਸਮੇਂ ਇਹ ਆਪਣੀਆਂ ਗੁਫ਼ਾਵਾਂ 'ਚ ਲੁਕ ਜਾਂਦੇ ਹਨ ਤੇ ਇਨ੍ਹਾਂ ਨੂੰ ਮਿੱਟੀ ਨਾਲ ਢੱਕ ਦਿੰਦੇ ਹਨ। ਇਨ੍ਹਾਂ ਦੀਆਂ ਗੁਫ਼ਾਵਾਂ, ਚੱਟਾਨੀ ਸਥਾਨਾਂ 'ਤੇ ਡੇਢ ਤੋਂ ਪੌਣੇ ਦੋ ਮੀਟਰ ਤੱਕ ਲੰਬੀਆਂ ਹੁੰਦੀਆਂ ਹਨ। ਭੁਰਭੁਰੀ ਮਿੱਟੀ ਵਾਲੇ ਸਥਾਨਾਂ 'ਤੇ ਇਹ ਛੇ ਮੀਟਰ ਤੱਕ ਲੰਬੇ ਹੁੰਦੇ ਹਨ ਤੇ ਪੂਰੇ ਸਰੀਰ ਨੂੰ ਚੱਕਰ ਵਾਂਗ ਮੋੜ ਲੈਂਦੇ ਹਨ ਤਾਂ ਕਿ ਸਰੀਰ ਦੇ ਸੰਵੇਦਨਸ਼ੀਲ ਹਿੱਸੇ ਸੁਰੱਖਿਅਤ ਰਹਿਣ। ਪੈਂਗੋਲਿਨ ਆਪਣੀ ਰੱਖਿਆ ਲਈ ਬਾਲ ਦੇ ਆਕਾਰ 'ਚ ਰਹਿੰਦੇ ਹਨ। ਇਸ ਦੀਆਂ ਮਾਸਪੇਸ਼ੀਆਂ ਇੰਨੀਆਂ ਮਜ਼ਬੂਤ ਹੁੰਦੀਆਂ ਹਨ ਕਿ ਲਿਪਟੇ ਹੋਏ ਪੈਂਗੋਲਿਨ ਨੂੰ ਸਿੱਧਾ ਕਰਨਾ ਬਹੁਤ ਔਖਾ ਹੁੰਦਾ ਹੈ।

ਇਸ ਤਰ੍ਹਾਂ ਧਰਤੀ ਦਾ ਇਹ ਜੀਵ ਬਹੁਤ ਡਰਪੋਕ ਪਰ ਸਰੀਰਕ ਪੱਖੋਂ ਮਜ਼ਬੂਤ ਤੇ ਹਨੇਰੇ ਨੂੰ ਪੰਸਦ ਕਰਨ ਵਾਲਾ ਜੀਵ ਹੁੰਦਾ ਹੈ। ਇਸ ਦੀ ਸੁਰੱਖਿਆ ਇਸ ਦੇ ਸਰੀਰ ਤੇ ਬਣੇ ਛੋਟੇ ਪੱਤਿਆ ਵਰਗੇ ਕਵਜ ਕਰਦੇ ਹਨ। •

# ਪਟਿਆਲਾ ਹੈਰੀਟੇਜ ਫੈਸਟੀਵਲ-2026; 16 ਫਰਵਰੀ ਨੂੰ ਹਰਪਾਲ ਟਿਵਾਣਾ ਕਲਾ ਕੇਂਦਰ ਵਿਖੇ ਇਤਿਹਾਸ ਤੋਂ ਭਵਿੱਖ ਤੱਕ ਦੇ ਸੰਵਾਦ ਨਾਲ ਜੋੜੇਗਾ ਨਾਟਕ 1675:ਵਰਜੀਤ ਵਾਲੀਆ

## ਨੋਡਲ ਅ.ਫਸਰ ਨਮਨ ਮਾਰਕੰਨ ਵੱਲੋਂ ਨਾਟਕ ਦੇ ਮੰਚਨ ਲਈ ਤਿਆਰੀਆਂ ਦਾ ਜਾਇਜ਼ਾ

ਪਟਿਆਲਾ, 13 ਫਰਵਰੀ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਹੈਰੀਟੇਜ ਫੈਸਟੀਵਲ-2026 ਦੀ ਪੰਜਵੀਂ ਸ਼ਾਮ 16 ਫਰਵਰੀ ਨੂੰ ਸ਼ਾਮ 6 ਵਜੇ ਹਰਪਾਲ ਟਿਵਾਣਾ ਕਲਾ ਕੇਂਦਰ ਵਿਖੇ ਸ਼ਿਰੋਮਣੀ ਰੰਗਕਰਮੀ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਹੇਠ ਡਾ. ਅਮਰਜੀਤ ਗਰੇਵਾਲ ਵੱਲੋਂ ਲਿਖੇ ਪੰਜਾਬੀ ਨਾਟਕ 1675 ਦੀ ਪੇਸ਼ਕਾਰੀ ਕੀਤੀ ਜਾਵੇਗੀ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਕੀਤਾ।

ਡਿਪਟੀ ਕਮਿਸ਼ਨਰ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇਹ ਨਾਟਕ ਦੇਖਣ ਲਈ ਜ਼ਿਲ੍ਹਾ ਨਿਵਾਸੀਆਂ ਨੂੰ ਖੁੱਲ੍ਹਾ ਸੱਦਾ ਦਿੰਦਿਆਂ ਕਿਹਾ ਕਿ ਇਸ ਨਾਟਕ ਦੀ ਐਂਟਰੀ ਫ਼ਰੀ ਹੈ, ਇਸ ਲਈ ਚਾਹਵਾਨ ਦਰਸ਼ਕ 16 ਫਰਵਰੀ ਨੂੰ ਸ਼ਾਮ 5.30 ਵਜੇ ਤੱਕ ਪਹਿਲਾਂ ਆਉ-ਪਹਿਲਾਂ ਸੀਟ ਲਉ ਮੁਤਾਬਕ ਆਪਣੀਆਂ ਸੀਟਾਂ ਲੈ ਲੈਣ।

ਵਰਜੀਤ ਵਾਲੀਆ ਨੇ ਕਿਹਾ ਕਿ ਇਹ ਨਾਟਕ ਇਤਿਹਾਸ ਤੋਂ ਭਵਿੱਖ ਤੱਕ ਦੇ ਸੰਵਾਦ ਨੂੰ ਬਾਖੂਬੀ ਪੇਸ਼ ਕਰਦਾ ਹੋਇਆ 1675 ਦੇ ਚਾਂਦਨੀ ਚੌਕ ਦੇ ਤਸੀਹਿਆਂ ਦੇ ਇਤਿਹਾਸ ਤੋਂ 2025 ਤੱਕ ਦੇ ਆਰਟੀਫਿਸ਼ੀਲ ਇੰਟੈਲੀਜੈਂਸ ਤੇ ਪ੍ਰਯੋਗਸ਼ਾਲਾ ਭਰੇ ਸੰਸਾਰ ਨੂੰ ਦਿਖਾਏਗਾ।

ਇਸੇ ਦੌਰਾਨ ਇਸ ਨਾਟਕ ਦੇ ਨੋਡਲ ਅਫ਼ਸਰ ਤੇ ਐਸ.ਡੀ.ਐਮ ਨਮਨ ਮਾਰਕੰਨ ਨੇ ਇਸ ਨਾਟਕ ਦੇ ਮੰਚਨ ਲਈ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਹਰਪਾਲ ਟਿਵਾਣਾ ਕਲਾ ਕੇਂਦਰ ਵਿਖੇ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਨਾਲ ਬੈਠਕ ਕੀਤੀ। ਉਨ੍ਹਾਂ ਦੱਸਿਆ ਕਿ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਦੀ ਅਗਵਾਈ ਹੇਠ ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਵਿਰਾਸਤੀ ਮੇਲੇ ਦੌਰਾਨ ਮੰਚ-ਰੰਗਮੰਚ, ਅੰਮ੍ਰਿਤਸਰ ਦੀ ਟੀਮ ਵੱਲੋਂ ਪੰਜਾਬੀ ਨਾਟਕ '1675' ਦੀ ਪੇਸ਼ਕਾਰੀ ਕੀਤੀ ਜਾਵੇਗੀ।

ਐਸ.ਡੀ.ਐਮ ਨੇ ਦੱਸਿਆ ਕਿ ਇਸ ਨਾਟਕ ਲਈ ਸਾਰੀਆਂ ਤਿਆਰੀਆਂ ਸਮੇਂ ਸਿਰ ਮੁਕੰਮਲ ਕਰ ਲਈਆਂ ਜਾਣਗੀਆਂ। ਨਮਨ ਮਾਰਕੰਨ ਨੇ ਪਟਿਆਲਵੀਆਂ ਨੂੰ ਸੱਦਾ ਦਿੱਤਾ ਕਿ ਉਹ 16 ਫਰਵਰੀ ਨੂੰ ਸ਼ਾਮ 5.30 ਵਜੇ ਤੱਕ ਆਪਣੀਆਂ ਸੀਟਾਂ 'ਤੇ ਵਿਰਾਜਮਾਨ ਹੋ ਜਾਣ ਤਾਂਕਿ ਸਮੇਂ ਸਿਰ ਨਾਟਕ ਦਾ ਮੰਚਨ ਕੀਤਾ ਜਾ ਸਕੇ।



ਪਟਿਆਲਾ ਹੈਰੀਟੇਜ ਫੈਸਟੀਵਲ ਮੌਕੇ 16 ਫਰਵਰੀ ਦੀ ਸ਼ਾਮ ਨੂੰ ਹਰਪਾਲ ਟਿਵਾਣਾ ਕਲਾ ਕੇਂਦਰ ਵਿਖੇ ਪੇਸ਼ ਕੀਤੇ ਜਾਣ ਵਾਲੇ ਨਾਟਕ 1675 ਬਾਰੇ ਤਿਆਰੀਆਂ ਦਾ ਜਾਇਜ਼ਾ ਲੈਂਦੇ ਹੋਏ ਨੋਡਲ ਅਫ਼ਸਰ ਤੇ ਐਸ.ਡੀ.ਐਮ ਨਮਨ ਮਾਰਕੰਨ।

# ਮਾਪੇ ਸਿੱਧੇ ਤੌਰ ਉਤੇ ਕੋਈ ਬੱਚਾ ਖਰੀਦਣ ਦੀ ਕੋਸ਼ਿਸ਼ ਕਰਨ ਦੀ ਬਜਾਇ ਕਾਨੂੰਨ ਮੁਤਾਬਕ ਹੀ ਗੋਦ ਲੈਣ: ਵਰਜੀਤ ਵਾਲੀਆ



ਪਟਿਆਲਾ, 13 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਕਿਹਾ ਹੈ ਕਿ ਭਾਰਤ ਵਿੱਚ ਰਹਿੰਦੇ ਅਜਿਹੇ ਮਾਪੇ ਜੋ ਬੱਚਾ ਗੋਦ ਲੈਣ ਦੇ ਇਛੁੱਕ ਹਨ, ਉਹ ਕਿਸੇ ਵੀ ਹਸਪਤਾਲ ਜਾਂ ਕਿਸੇ ਵੀ ਵਿਚੋਲੇ ਤੋਂ ਸਿੱਧੇ ਤੌਰ ਉਤੇ ਕੋਈ ਬੱਚਾ ਖਰੀਦਣ ਦੀ ਕੋਸ਼ਿਸ਼ ਨਾ ਕਰਨ, ਕਿਉਂਕਿ ਅਜਿਹਾ ਕਰਨਾ ਪੂਰੀ ਤਰਾਂ ਗੈਰ ਕਾਨੂੰਨੀ ਅਤੇ ਅਪਰਾਧ ਹੈ।

ਇੱਕ ਨਵਜਨਮੇ ਬੱਚੇ ਨੂੰ ਅੱਜ ਇੱਥੇ ਆਪਣੇ ਦਫ਼ਤਰ ਵਿਖੇ ਇੱਕ ਜੋੜੇ ਵਲੋਂ ਗੋਦ ਲੈਣ ਦੀ ਪ੍ਰਕ੍ਰਿਆ ਪੂਰੀ ਕਰਨ ਬਾਅਦ, ਸਪੁਰਦ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਭਾਰਤ ਵਿੱਚ ਬੱਚਾ ਗੋਦ ਲੈਣ ਲਈ ਸਿਰਫ ਇੱਕ ਹੀ ਸਹੀ ਤੇ ਸੁਰੱਖਿਅਤ ਪ੍ਰਕਿਰਿਆ ਹੈ ਜਿਸ ਨੂੰ ਸੀਏਆਰਏ (ਸੈਂਟਰਲ ਅਡਾਪਸ਼ਨ ਰਿਸੋਰਸ ਅਥਾਰਟੀ) ਦੇ ਰਾਹੀ ਪੂਰਾ ਕੀਤਾ ਜਾਦਾ ਹੈ।ਉਨ੍ਹਾਂ ਕਿਹਾ ਕਿ ਕੋਈ ਵੀ ਬੱਚਾ ਗੋਦ ਲੈਣ ਦੇ ਚਾਹਵਾਨ ਜੋੜੇ ਜਾਂ ਮਾਤਾ-ਪਿਤਾ ਸਰਕਾਰੀ ਵੈਬਸਾਈਟ ਉਪਰ ਹੀ ਆਨਲਾਈਨ ਅਰਜ਼ੀ ਦੇ ਸਕਦੇ ਹਨ।

ਵਰਜੀਤ ਵਾਲੀਆ ਨੇ ਦੱਸਿਆ ਕਿ ਲੋਕਾਂ ਨੂੰ ਕਾਨੂੰਨ ਬਾਰੇ ਜਾਗਰੂਕ ਹੋਣਾ ਬਹੁਤ ਜਰੂਰੀ ਹੈ, ਕਿਉਂਕਿ ਜੁਵੇਨਾਇਲ ਜਸਟਿਸ ਐਕਟ 2025 ਤਹਿਤ ਹਸਪਤਾਲ ਜਾ ਕਿਸੀ ਵਿਅਕਤੀ ਤੋਂ ਬੱਚਾ ਖਰੀਦਣਾ ਮਾਨਵ ਤਸਕਰੀ ਦੀ ਸ੍ਰੇਣੀ ਵਿੱਚ ਆਉਣ ਕਰਕੇ ਕਾਨੂੰਨੀ ਅਪਰਾਧ ਹੈ, ਇਸ ਲਈ ਫੜੇ ਜਾਣ ਉਤੇ ਭਾਰੀ ਜੁਰਮਾਨਾ ਤੇ ਕਈ ਸਾਲਾ ਦੀ ਸਜਾ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਕਦੇ ਵੀ ਕਿਸੇ ਵਿਅਕਤੀ ਵੱਲੋਂ ਜਲਦੀ ਬੱਚਾ ਦਿਵਾਉਣ ਦੇ ਝਾਸੇਂ ਵਿੱਚ ਨਾ ਆਇਆ ਜਾਵੇ, ਅਤੇ ਕਿਸੇ ਵੀ ਅਜਿਹੀ ਸ਼ੱਕੀ ਗਤੀਵਿਧੀ ਬਾਰੇ ਸੂਚਨਾ ਮਿਲਣ ਉਤੇ ਚਾਈਲਡ ਹੈਲਪਲਾਈਨ 1098 ਜਾਂ ਫਿਰ ਪੁਲਿਸ ਨੂੰ ਇਸ ਬਾਰੇ ਸੂਚਨਾ ਦਿੱਤੀ ਜਾ ਸਕਦੀ ਹੈ।

ਭਾਰਤ ਵਿੱਚ ਬੱਚਾ ਗੋਦ ਲੈਣ ਦੀ ਪ੍ਰਕਿਰਿਆ ਬਾਰੇ ਦੱਸਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਲਈ ਚਾਹਵਾਨ ਮਾਪਿਆਂ ਨੂੰ ਸੈਂਟਰਲ ਅਡਾਪਸ਼ਨ ਰਿਸੋਰਸ ਅਥਾਰਟੀ ਕੋਲ ਰਜਿਸਟ੍ਰੇਸ਼ਨ ਕਰਵਾਉਣੀ ਪੈਂਦੀ ਹੈ। ਇਸ ਬਾਅਦ ਵਿਸੇਸ ਬਾਲ ਘਰ ਦੁਆਰਾ ਮਾਤਾ-ਪਿਤਾ ਦੇ ਘਰ ਦਾ ਜਾਇਜ਼ਾ ਲੈਂਦਿਆਂ ਉਹਨਾ ਦਾ ਸਰੀਰਕ, ਮਾਨਸਿਕ ,ਵਿਤੀ ਸਥਿਤੀ, ਦਾ ਮੁਲਾਕਣ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਚਾਈਲਡ ਵੈਲਫੇਅਰ ਕਮੇਟੀ ਵੱਲੋਂ ਬੱਚੇ ਦੀ ਚੋਣ ਕਰਕੇ ਕਿਸੇ ਯੋਗ ਬੱਚੇ ਨੂੰ ਕਾਨੂੰਨੀ ਤੌਰ ਉਤੇ ਗੋਦ ਲੈਣ ਯੋਗ ਘੋਸਿਤ ਕਰਨ ਬਾਅਦ ਮਾਤਾ ਪਿਤਾ ਨੂੰ ਬੱਚੇ ਦੀ ਪ੍ਰੋਫਾਈਲ ਦੇ ਦਿੱਤੀ ਜਾਂਦੀ ਹੈ ਅਤੇ ਉਹ ਇਸ ਬੱਚੇ ਨੂੰ ਰਿਜਰਵ ਕਰ ਸਕਦੇ ਹਨ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ?ਕਿ ਕਾਨੂੰਨੀ ਪ੍ਰਕਿਰਿਆ ਪੂਰੀ ਕਰਨ ਦੌਰਾਨ ਐਸ.ਏ.ਏ ਦੁਆਰਾ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਦੇ ਰਾਹੀਂ ਡਿਪਟੀ ਕਮਿਸਨਰ ਦੇ ਸਾਹਮਣੇ ਅਪੀਲ ਦਰਜ ਕਰਵਾਈ ਜਾਂਦੀ ਹੈ ਅਤੇ ਬਾਲ ਸੁਰੱਖਿਆ ਅਫ਼ਸਰ ਦੁਆਰਾ ਸੰਪੂਰਣ ਕਾਰਵਾਈ ਦੀ ਜਾਂਚ ਕਰਨ ਉਪਰੰਤ ਡਿਪਟੀ ਕਮਿਸਨਰ ਰਾਹੀਂ ਗੋਦ ਲੈਣ ਦੇ ਆਦੇਸ਼ ਜਾਰੀ ਕਰਵਾਏ ਜਾਦੇਂ ਹਨ। ਗੋਦ ਲੈਣ ਤੋਂ ਬਾਅਦ ਬੱਚੇ ਦਾ ਜਨਮ ਸਰਟੀਫਿਕੇਟ ਮਾਤਾ-ਪਿਤਾ ਦੇ ਨਾਮ ਉਪਰ ਜਾਰੀ ਕੀਤਾ ਜਾਂਦਾ ਹੈ।

ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਸ਼ਾਇਨਾ ਕਪੂਰ ਨੇ ਦੱਸਿਆ ਕਿ ਜੇਕਰ ਕੋਈ ਮਾਤਾ-ਪਿਤਾ ਆਪਣੇ ਬੱਚੇ ਨੂੰ ਨਹੀਂ ਰੱਖ ਸਕਦੇ ਹਨ ਤਾ ਉਹ ਬੱਚੇ ਨੂੰ ਗ਼ੈਰ ਕਾਨੂੰਨੀ ਢੰਗ ਨਾਲ ਕਿਸੇ ਨੂੰ ਨਾ ਦੇਣ ਅਤੇ ਨਾ ਹੀ ਬੱਚੇ ਨੂੰ ਕੋਈ ਨੁਕਸਾਨ ਪਹੁੰਚਾਉਣ। ਜ਼ਿਲ੍ਹਾ ਪ੍ਰਸਾਸਨ ਪਟਿਆਲਾ ਵੱਲੋ ਬਾਲ ਨਿਕੇਤਨ, ਲਾਹੌਰੀ ਗੇਟ, ਪਟਿਆਲਾ ਵਿਖੇ ਭੰਗੂੜਾ ਲਗਾਇਆ ਹੋਇਆ ਹੈ ਮਾਤਾ-ਪਿਤਾ ਉਸ ਬੱਚੇ ਨੂੰ ਭੰਗੂੜੇ ਵਿੱਚ ਪਾ ਕੇ ਜਾ ਸਕਦੇ ਹਨ ਜਾ ਫਿਰ ਹੈਲਪ ਲਾਈਨ ਨੰਬਰ 1098 ਤੇ ਫੋਨ ਕਰਕੇ ਵੀ ਬੱਚੇ ਨੂੰ ਸਰੰਡਰ ਕਰ ਸਕਦੇ ਹਨ।ਉਨ੍ਹਾਂ ਕਿਹਾ ਕਿ ਦੋਵੇਂ ਹੀ ਸੂਰਤ ਵਿੱਚ ਮਾਤਾ-ਪਿਤਾ ਜਾ ਫਿਰ ਸੂਚਨਾ ਦੇਣ ਵਾਲੇ ਦੀ ਪਛਾਣ ਜਨਤਕ ਨਹੀ ਕੀਤੀ ਜਾਂਦੀ।

# ਅੰਡਰ ਰੈਂਪ ਸਕੀਮ ਅਧੀਨ ਜ਼ਿਲ੍ਹਾ ਉਦਯੋਗ ਕੇਂਦਰ ਨੇ ਉਦਯੋਗਪਤੀਆਂ ਲਈ ਕੈਂਪ ਲਗਾਇਆ



ਪਟਿਆਲਾ, 13 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਦੇ ਉਦਯੋਗ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ ਪਬਲਿਕ ਐਡਮਿਨਸਟਰੇਸਨ, (ਮੈਗਸਿਪਾ) ਦੇ ਸਹਿਯੋਗ ਨਾਲ ਦਫ਼ਤਰ ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ, ਸਰਹੰਦ ਰੋਡ, ਪਟਿਆਲਾ ਵਿਖੇ ਇੱਕ ਰੋਜਾ ਕੈਪੇਸਿਟੀ ਬਿਲਡਿੰਗ ਪ੍ਰੋਗਰਾਮ ਅੰਡਰ ਰੈਂਪ ਸਕੀਮ ਅਧੀਨ ਇੱਕ ਕੈਂਪ ਲਗਾਇਆ ਗਿਆ।

ਇਸ ਕੈਂਪ ਵਿੱਚ ਰਾਜਪੁਰਾ, ਨਾਭਾ, ਸਮਾਣਾ ਅਤੇ ਪਟਿਆਲਾ ਸ਼ਹਿਰ ਦੇ ਉਦਯੋਗਪਤੀਆਂ ਨੇ ਸਿਰਕਤ ਕੀਤੀ। ਕੈਂਪ ਵਿੱਚ ਹਾਜਰ ਉਦਯੋਗ ਵਿਭਾਗ ਦੇ ਅਧਿਕਾਰੀਆਂ ਅਤੇ ਮੈਗਸਿਪਾ ਦੀ ਟੀਮ ਨੇ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਵੱਖ ਵੱਖ ਉਦਯੋਗਾਂ ਸਬੰਧੀ ਨਵੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ।

ਕੈਂਪ ਵਿਚ ਆਏ ਉਦਯੋਗਪਤੀਆਂ ਨੇ ਕਿਹਾ ਕਿ ਇਸ ਕੈਂਪ ਦੌਰਾਨ ਉਨ੍ਹਾਂ ਨੂੰ ਸਰਕਾਰ ਦੇ ਉਦਯੋਗਾਂ ਦੇ ਵਿਕਾਸ ਲਈ ਕੀਤੇ ਜਾ ਰਹੇ ਨਵੇਂ ਉਪਰਾਲਿਆਂ ਬਾਰੇ ਜਾਣਕਾਰੀ ਮਿਲੀ ਹੈ।ਉਨ੍ਹਾਂ ਕਿਹਾ ਕਿ ਭਵਿੱਖ ਵਿਚ ਵੀ ਸਰਕਾਰ ਨੂੰ ਅਜਿਹੇ ਪ੍ਰੋਗਰਾਮ ਆਯੋਜਿਤ ਕਰਦੇ ਰਹਿਣਾ ਚਾਹੀਦਾ ਹੈ। ਇਸ ਮੌਕੇ ਚੰਡੀਗੜ ਤੋਂ ਵਿਸ਼ੇਸ਼ ਤੌਰ ਤੇ ਆਈ ਟੀਮ ਵਿੱਚ ਪ੍ਰੋਫੈਸਰ ਐਂਡ ਹੈਡ ਮੈਗਸਿਪਾ ਸੰਜੀਵ ਚੱਢਾ, ਸਾਬਕਾ ਡਾਇਰੈਕਟਰ ਯੂ.ਬੀ.ਐਸ ਪੰਜਾਬ ਯੂਨੀਵਰਸਿਟੀ ਪ੍ਰੋਫੈਸਰ ਏ.ਕੇ. ਵਸ਼ਿਸ਼ਟ, ਸਾਬਕਾ ਸੀ.ਜੀ.ਐਮ (ਇਸਜੂ) ਸੰਜੀਵ ਗੁਪਤਾ ਅਤੇ ਮੈਨੇਜਮੈਂਟ ਕੰਨਸਲਟੈਂਟ ਹਿਤੇਸ਼ ਗੁਲਾਟੀ ਸਮੇਤ ਜ਼ਿਲਾ ਉਦਯੋਗ ਕੇਂਦਰ ਦੇ ਅਧਿਕਾਰੀਆਂ ਨੇ ਜਾਣਕਾਰੀ ਦਿੱਤੀ।

# 'ਸਾਡੇ ਬਜ਼ੁਰਗ, ਸਾਡਾ ਮਾਣ' : ਸਿਹਤ ਮੰਤਰੀ; ਇੱਕ ਛੱਤ ਹੇਠ ਬਜ਼ੁਰਗਾਂ ਲਈ ਸਿਹਤ, ਪੈਨਸ਼ਨ ਤੇ ਕਾਨੂੰਨੀ ਸਹਾਇਤਾ

ਪਟਿਆਲਾ, 13 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਦੀ ਮਹੱਤਵਪੂਰਨ ਪਹਿਲ 'ਸਾਡੇ ਬਜ਼ੁਰਗ, ਸਾਡਾ ਮਾਣ' ਤਹਿਤ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਜ਼ਿਲ੍ਹਾ ਪੱਧਰੀ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਇਸ ਮੌਕੇ ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਅਤੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਦੀ ਅਗਵਾਈ ਹੇਠ ਇਹ ਪਹਿਲ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਲਾਗੂ ਕੀਤੀ ਜਾ ਰਹੀ ਹੈ, ਜਿਸਦਾ ਮੁੱਖ ਉਦੇਸ਼ ਸੀਨੀਅਰ ਸਿਟੀਜ਼ਨਾਂ ਨੂੰ ਸਿਹਤ ਸਹੂਲਤਾਂ, ਸਮਾਜਿਕ ਸੁਰੱਖਿਆ ਅਤੇ ਸਨਮਾਨ ਪ੍ਰਦਾਨ ਕਰਨਾ ਹੈ।

ਉਨ੍ਹਾਂ ਦੱਸਿਆ ਕਿ ਇਸ ਕੈਂਪ ਦਾ ਮੰਤਵ ਵੱਡੀ ਉਮਰ ਦੇ ਨਾਗਰਿਕਾਂ ਲਈ ਆਸਾਨ, ਸੁਗਮ ਅਤੇ ਇੱਕ ਹੀ ਥਾਂ 'ਤੇ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣਾ ਹੈ। ਕੈਂਪ ਦੌਰਾਨ ਸਿਹਤ ਵਿਭਾਗ ਦੇ ਮਾਹਿਰ ਡਾਕਟਰਾਂ ਵੱਲੋਂ ਸੀਨੀਅਰ ਸਿਟੀਜ਼ਨਾਂ ਦੀ ਮੁਫ਼ਤ ਸਿਹਤ ਜਾਂਚ ਕੀਤੀ ਗਈ, ਜਿਸ ਵਿੱਚ ਈ.ਐਨ.ਟੀ. ਅਤੇ ਅੱਖਾਂ ਦੀ ਜਾਂਚ ਸ਼ਾਮਲ ਸੀ। ਇਸਦੇ ਨਾਲ ਹੀ ਮਰੀਜ਼ਾਂ ਨੂੰ ਲੋੜ ਅਨੁਸਾਰ ਮੁਫ਼ਤ ਦਵਾਈਆਂ ਵੀ ਦਿੱਤੀਆਂ ਗਈਆਂ। ਜਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਜੋਬਨਦੀਪ ਕੌਰ ਨੇ ਦਸਿਆ ਕਿ ਕੈਂਪ ਵਿੱਚ ਵੱਖ-ਵੱਖ ਵਿਭਾਗਾਂ ਵੱਲੋਂ ਵਿਸ਼ੇਸ਼ ਸਟਾਲ ਲਗਾਏ ਗਏ, ਜਿੱਥੇ ਸੀਨੀਅਰ ਸਿਟੀਜ਼ਨ ਕਾਰਡ, ਬੁਢਾਪਾ ਪੈਨਸ਼ਨ, ਅਤੇ ਹੋਰ ਸਮਾਜਿਕ ਸੁਰੱਖਿਆ ਯੋਜਨਾਵਾਂ ਨਾਲ ਸੰਬੰਧਿਤ ਸੇਵਾਵਾਂ ਇੱਕ ਹੀ ਥਾਂ ਉਪਲਬਧ ਕਰਵਾਈਆਂ ਗਈਆਂ। ਇਸ ਮੌਕੇ ਸਿਹਤ ਮੰਤਰੀ ਵੱਲੋਂ ਲੋੜਵੰਦ ਬਜ਼ੁਰਗਾਂ ਨੂੰ ਐਨਕਾਂ ਵੀ ਪ੍ਰਦਾਨ ਕੀਤੀਆਂ ਗਈਆਂ।

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ 'ਮਾਪਿਆਂ ਅਤੇ ਸੀਨੀਅਰ ਸਿਟੀਜ਼ਨਾਂ ਦੀ ਦੇਖਭਾਲ ਅਤੇ ਭਲਾਈ ਕਾਨੂੰਨ, 2007' ਬਾਰੇ ਜਾਗਰੂਕਤਾ ਸੈਸ਼ਨ ਕਰਵਾਇਆ ਗਿਆ, ਜਿਸ ਰਾਹੀਂ ਬਜ਼ੁਰਗਾਂ ਨੂੰ ਆਪਣੇ ਕਾਨੂੰਨੀ ਅਧਿਕਾਰਾਂ ਅਤੇ ਸੁਰੱਖਿਆ ਬਾਰੇ ਜਾਣਕਾਰੀ ਦਿੱਤੀ ਗਈ। ਸੀਨੀਅਰ ਸਿਟੀਜ਼ਨਾਂ ਨਾਲ ਗੱਲਬਾਤ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਡੀ ਉਮਰ ਦੇ ਨਾਗਰਿਕਾਂ ਲਈ ਸਿਹਤ, ਸੁਰੱਖਿਆ ਅਤੇ ਇੱਜ਼ਤਦਾਰ ਜੀਵਨ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।



# 13 ਫਰਵਰੀ ਨੂੰ ਮਹਿੰਦਰਾ ਕਾਲਜ ਵਿਖੇ ਹੋਵੇਗਾ ਵਿਰਾਸਤੀ ਕਵੀ ਦਰਬਾਰ, ਚੋਟੀ ਦੇ ਕਵੀ ਕਰਨਗੇ ਸ਼ਮੂਲੀਅਤ : ਹਰਜੋਤ ਕੌਰ ਮਾਵੀ



ਪਟਿਆਲਾ, 13 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਜ਼ਿਲ੍ਹਾ ਪ੍ਰਸ਼ਾਸਨ ਪਟਿਆਲਾ ਵੱਲੋਂ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਦੀ ਅਗਵਾਈ ਵਿੱਚ ਕਰਵਾਏ ਜਾਣ ਵਾਲੇ ਪਟਿਆਲਾ ਹੈਰੀਟੇਜ ਮੇਲੇ-2026 ਦੌਰਾਨ 13 ਫਰਵਰੀ ਨੂੰ ਕਵੀ ਸਰਕਾਰੀ ਮਹਿੰਦਰਾ ਕਾਲਜ ਵਿਖੇ ਦਰਬਾਰ ਕਰਵਾਇਆ ਜਾਵੇਗਾ। ਇਸ ਸਬੰਧੀ ਐਸ.ਡੀ.ਐਮ. ਪਟਿਆਲਾ ਹਰਜੋਤ ਕੌਰ ਮਾਵੀ ਨੇ ਦੱਸਿਆ ਕਿ ਵਿਰਾਸਤੀ ਕਵੀ ਦਰਬਾਰ ਸਰਕਾਰੀ ਮਹਿੰਦਰਾ ਕਾਲਜ ਵਿਖੇ ਸਵੇਰੇ 10 ਵਜੇ ਸ਼ੁਰੂ ਹੋਵੇਗਾ।ਉਨ੍ਹਾਂ ਨੇ ਇਸ ਕਵੀ ਦਰਬਾਰ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਮਹਿੰਦਰਾ ਕਾਲਜ ਦੇ ਪ੍ਰਿੰਸੀਪਲ ਨਿਸ਼ਠਾ ਤ੍ਰਿਪਾਠੀ ਅਤੇ ਹੋਰ ਅਧਿਆਪਨ ਅਮਲੇ ਨਾਲ ਬੈਠਕ ਵੀ ਕੀਤੀ।

ਐਸ.ਡੀ.ਐਮ. ਹਰਜੋਤ ਕੌਰ ਮਾਵੀ ਨੇ ਦੱਸਿਆ ਕਿ ਇਸ ਵਿਰਾਸਤੀ ਕਵੀ ਦਰਬਾਰ ਵਿੱਚ ਪੰਜਾਬੀ, ਉਰਦੂ ਤੇ ਪੁਆਧੀ ਦੇ ਨਾਮਵਰ ਕਵੀ ਆਪਣੇ ਕਲਾਮ ਪੇਸ਼ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਕਵੀ ਦਰਬਾਰ 'ਚ ਭਾਸ਼ਾ ਵਿਭਾਗ ਦੇ ਡਾਇਰੈਕਟਰ ਤੇ ਉਘੇ ਕਵੀ ਜਸਵੰਤ ਸਿੰਘ ਜ਼ਫਰ ਸਮੇਤ ਸੁਰਜੀਤ ਜੱਜ ਫਗਵਾੜਾ, ਤ੍ਰੈਲੋਚਨ ਲੋਚੀ ਲੁਧਿਆਣਾ, ਬਲਵਿੰਦਰ ਸੰਧੂ ਪਟਿਆਲਾ, ਡਾ. ਗੁਰਸੇਵਕ ਲੰਬੀ ਪੰਜਾਬੀ ਯੂਨੀਵਰਸਿਟੀ, ਅਵਾਤਰਜੀਤ ਸਿੰਘ ਪਟਿਆਲਾ, ਸੰਤ ਸਿੰਘ ਸੋਹਲ ਫਤਹਿਗੜ੍ਹ ਸਾਹਿਬ, ਡਾ. ਰੂਬੀਨਾ ਸ਼ਬਨਮ ਮਾਲੇਰਕੋਟਲਾ, ਡਾ. ਆਸ਼ਾ ਕਿਰਨ ਪਟਿਆਲਾ, ਗੁਰਪ੍ਰੀਤ ਢਿੱਲੋਂ ਪਟਿਆਲਾ, ਨਵਦੀਪ ਮੁੰਡੀ ਪਟਿਆਲਾ, ਅੰਮ੍ਰਿਤਪਾਲ ਸ਼ੈਦਾ ਪਟਿਆਲਾ, ਜਸਵਿੰਦਰ ਚਾਹਲ ਮਾਨਸਾ, ਸ਼ਤੀਸ਼ ਵਿਦਰੋਹੀ ਪੰਜੋਲਾ, ਚਰਨ ਪੁਆਧੀ ਕੈਥਲ (ਹਰਿਆਣਾ), ਗੁਰਵਿੰਦਰ ਅਮਨ ਰਾਜਪੁਰਾ ਤੇ ਕਿਰਪਾਲ ਮੂਣਕ ਸ਼ਮੂਲੀਅਤ ਕਰਨਗੇ।

# ਲੁਧਿਆਣਾ ਪੁੱਜੇ 'ਆਪ' ਬੀ.ਸੀ. ਵਿੰਗ ਪੰਜਾਬ ਦੇ ਪ੍ਰਧਾਨ ਸੁਖਜੀਤ ਸਿੰਘ ਢਿੱਲਵਾਂ

ਲੁਧਿਆਣਾ, 13 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ ਦੇ ਬੀ.ਸੀ. ਵਿੰਗ ਪੰਜਾਬ ਦੇ ਪ੍ਰਧਾਨ ਸੁਖਜੀਤ ਸਿੰਘ ਢਿੱਲਵਾਂ ਅੱਜ ਵਿਸ਼ੇਸ਼ ਤੌਰ 'ਤੇ ਲੁਧਿਆਣਾ ਪੁੱਜੇ, ਜਿੱਥੇ ਉਨ੍ਹਾਂ ਜੱਥੇਬੰਦੀ ਦੇ ਵਿਸਥਾਰ ਨੂੰ ਲੈ ਕੇ ਵੱਖ-ਵੱਖ ਅਹੁੱਦੇਦਾਰਾਂ ਨਾਲ ਮੀਟਿੰਗ ਦੀ ਪ੍ਰਧਾਨਗੀ ਕੀਤੀ। ਇਸ ਮੌਕੇ ਬੀ.ਸੀ. ਵਿੰਗ ਦੇ ਵਾਈਸ ਪ੍ਰਧਾਨ-ਕਮ-ਚੇਅਰਮੈਨ ਮਾਰਕੀਟ ਕਮੇਟੀ ਸਾਹਨੇਵਾਲ ਹੇਮਰਾਜ ਰਾਜੀ ਵੀ ਹਾਜ਼ਰ ਰਹੇ। ਮੀਟਿੰਗ ਦੌਰਾਨ ਸੁਖਜੀਤ ਸਿੰਘ ਢਿੱਲਵਾਂ ਨੇ ਕਿਹਾ ਕਿ 'ਆਪ' ਸਰਕਾਰ ਵੱਲੋਂ ਪਿਛਲੇ ਚਾਰ ਸਾਲਾਂ ਦੌਰਾਨ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਕੀਤੇ ਕੰਮਾਂ ਨੂੰ ਹੋਰ ਮਜ਼ਬੂਤੀ ਨਾਲ ਲੋਕਾਂ ਤੱਕ ਪਹੁੰਚਾਇਆ ਜਾਵੇ। ਉਨ੍ਹਾਂ ਪੰਜਾਬ ਸਰਕਾਰ ਦੀਆਂ ਲੋਕ-ਭਲਾਈ ਸਕੀਮਾਂ, ਖ਼ਾਸ ਕਰਕੇ ਮੁੱਖ ਮੰਤਰੀ ਸਿਹਤ ਯੋਜਨਾ ਦੇ ਹੈਲਥ ਕਾਰਡ, ਹਰ ਘਰ ਤੱਕ ਪਹੁੰਚਾਉਣ 'ਤੇ ਜ਼ੋਰ ਦਿੱਤਾ।

## ਦਾਖਲਾ ਮੁਹਿੰਮ -2026 ਦੇ ਤਹਿਤ ਅਧਿਆਪਕ - ਮਾਪੇ ਮਿਲਣੀ ਪ੍ਰੋਗਰਾਮ ਦਾ ਆਯੋਜਨ

# ਵਿਧਾਇਕ ਕੁਲਵੰਤ ਸਿੰਘ ਦੀ ਅਗਵਾਈ ਹੇਠ ਹਲਕਾ ਕੋਆਰਡੀਨੇਟਰ-ਐਡਵੋਕੇਟ ਗਗਨਦੀਪ ਕੌਰ ਵੱਲੋਂ ਕਰਵਾਏ ਗਏ ਸਕੂਲਾਂ ਵਿੱਚ ਪ੍ਰੋਗਰਾਮ



ਮੁਹਾਲੀ, 13 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਪ੍ਰਭਾਰੀ - ਮਨੀਸ਼ ਸਿਸੋਦੀਆ, ਮੁੱਖ ਮੰਤਰੀ ਪੰਜਾਬ- ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਤੇ ਵਿਧਾਇਕ ਮੋਹਾਲੀ ਕੁਲਵੰਤ ਸਿੰਘ ਦੇ ਦਿਸ਼ਾ-ਨਿਰਦੇਸ਼ ਹੇਠ ਪੰਜਾਬ ਦੇ ਹਲਕੇ ਦੇ ਸਰਕਾਰੀ ਸਕੂਲਾਂ ਵਿੱਚ ਪੰਜਾਬ ਸਿੱਖਿਆ ਕ੍ਰਾਂਤੀ ਦੇ ਤਹਿਤ ਅਧਿਆਪਕ- ਮਾਪੇ ਮਿਲਣੀ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਬੀਤੇ ਦਿਨੀ ਸਕੂਲ ਆਫ ਐਮੀਨੈਂਸ- ਫੇਜ -11, ਮੋਹਾਲੀ, ਗੌਰਮੈਂਟ ਸੀਨੀਅਰ ਸੈਕੰਡਰੀ ਸਕੂਲ ਪਿੰਡ ਬਾਕਰਪੁਰ, ਗੌਰਮੈਂਟ ਹਾਈ ਸਕੂਲ ਪਿੰਡ ਕੁੰਭੜਾ ਵਿਖੇ ਹਲਕਾ ਕੁਆਰਡੀਨੇਟਰ ਐਡਵੋਕੇਟ ਗਗਨਦੀਪ ਕੌਰ ਦੀ ਹਾਜ਼ਰੀ ਦੇ ਵਿੱਚ ਅਧਿਆਪਕ- ਮਾਪੇ ਮਿਲਣੀ ਪ੍ਰੋਗਰਾਮ ਦੇ ਤਹਿਤ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਦੇ ਮਾਪਿਆਂ ਨੇ ਸ਼ਮੂਲੀਅਤ ਕੀਤੀ, ਤਾਂ ਕਿ ਸਰਕਾਰੀ ਸਕੂਲਾਂ ਦੇ ਵਿੱਚ ਦਾਖਲਾ ਮੁਹਿੰਮ 2026 ਨੂੰ ਸਫਲਤਾ ਪੂਰਵਕ ਲਾਗੂ ਕੀਤਾ ਜਾ ਸਕੇ ਅਤੇ ਇਲਾਕੇ ਦੇ ਵਿਦਿਆਰਥੀ ਅਤੇ ਉਹਨਾਂ ਦੇ ਮਾਪਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲੇ ਕਰਵਾਉਣ ਦੇ ਲਈ ਪ੍ਰੇਰਿਤ ਕੀਤਾ ਜਾ ਸਕੇ, ਐਡਵੋਕੇਟ ਗਗਨਦੀਪ ਕੌਰ ਹਲਕਾ ਕੋਆਰਡੀਨੇਟਰ ਨੇ ਦੱਸਿਆ ਕਿ ਪੰਜਾਬ ਸਿੱਖਿਆ ਕ੍ਰਾਂਤੀ ਦੇ ਤਹਿਤ ਪੰਜਾਬ ਸਰਕਾਰ ਦੇ ਬੇਮਿਸਾਲ ਕਾਰਜ ਕੀਤੇ ਜਾ ਰਹੇ ਹਨ ਉਹਨਾਂ ਦੱਸਿਆ ਕਿ ਭਾਰਤ ਸਰਕਾਰ ਨੇ ਸਿੱਖਿਆ ਦੇ ਖੇਤਰ ਵਿੱਚ ਪੰਜਾਬ ਨੂੰ ਨੰਬਰ ਇੱਕ ਐਲਾਨਿਆ ਹੈ। ਇਸੇ ਸਰਵੇਖਣ ਵਿੱਚ ਕੇਰਲਾ ਨੂੰ ਪਛਾੜ ਕੇ ਪੰਜਾਬ ਨੇ ਇਹ ਨੰਬਰ ਹਾਸਿਲ ਕੀਤਾ ਹੈ। ਇਸੇ ਤਰ੍ਹਾਂ ਪੰਜਾਬ ਵਿੱਚ ਆਈ ਸਿੱਖਿਆ ਕ੍ਰਾਂਤੀ ਦੇ ਚਲਦਿਆਂ 79263 ਵਿਦਿਆਰਥੀ ਪ੍ਰਾਈਵੇਟ ਸਕੂਲਾਂ ਨੂੰ ਛੱਡ ਕੇ ਸਰਕਾਰੀ ਸਕੂਲਾਂ ਵਿੱਚ ਦਾਖਲ ਹੋ ਚੁੱਕੇ ਹਨ। ਐਡਵੋਕੇਟ ਗਗਨਦੀਪ ਕੌਰ ਨੇ ਦੱਸਿਆ ਕਿ ਸਾਲ 2022 ਤੋਂ ਹੁਣ ਤੱਕ ਸਕੂਲਾਂ ਦੇ ਵਿੱਚ 10900 ਕਮਰੇ ਬਣਾਏ ਗਏ ਹਨ ਅਤੇ ਨਵੀਨੀਕਰਨ ਕੀਤਾ ਗਿਆ ਹੈ। ਬੁਨਿਆਦੀ ਢਾਂਚੇ ਵਿੱਚ ਇਤਿਹਾਸਿਕ ਸੁਧਾਰ ਕਰਵਾਏ ਗਏ ਹਨ। ਐਡਵੋਕੇਟ ਗਗਨਦੀਪ ਕੌਰ ਹਲਕਾ ਕੋਆਰਡੀਨੇਟਰ ਨੇ ਦੱਸਿਆ ਕਿ ਵਿਧਾਇਕ ਕੁਲਵੰਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਹਲਕੇ ਦੇ ਲੋਕਾਂ ਨੂੰ ਸਰਕਾਰੀ ਸਕੂਲਾਂ ਵਿੱਚ ਆਪਣੇ ਬੱਚਿਆਂ ਨੂੰ ਦਾਖਲ ਕਰਵਾਉਣ ਦੇ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ ਅਤੇ ਬਕਾਇਦਾ ਨੁਕੜ ਮੀਟਿੰਗਾਂ ਦਾ ਵੀ ਆਯੋਜਨ ਕੀਤਾ ਜਾਂਦਾ ਰਿਹਾ ਹੈ। ਐਡਵੋਕੇਟ ਗਗਨਦੀਪ ਕੌਰ ਨੇ ਦੱਸਿਆ ਕਿ ਵਿਧਾਇਕ ਮੋਹਾਲੀ ਕੁਲਵੰਤ ਸਿੰਘ ਵੱਲੋਂ ਉਹਨਾਂ ਨੂੰ ਸਮੇਂ-ਸਮੇਂ ਤੇ ਮੀਟਿੰਗ ਕਰਕੇ ਲੋਕਾਂ ਨੂੰ ਪ੍ਰੇਰਿਤ ਕਰਨ ਦੇ ਲਈ ਕਿਹਾ ਜਾਂਦਾ ਰਿਹਾ ਹੈ। ਇਸ ਮੌਕੇ ਤੇ ਕੌਂਸਲਰ ਰਵਿੰਦਰ ਸਿੰਘ ਕੁੰਭੜਾ, ਤਰਨਜੀਤ ਸਿੰਘ ਬਲਾਕ ਪ੍ਰਧਾਨ, ਗੱਜਣ ਸਿੰਘ, ਸੁਖਵਿੰਦਰ ਸਿੰਘ ਬਰਨਾਲਾ, ਉਪਿੰਦਰ ਪ੍ਰੀਤ ਕੌਰ, ਰੁਪਿੰਦਰ ਕੌਰ, ਕਰਨੈਲ ਸਿੰਘ, ਜੁਗਵਿੰਦਰ ਕੌਰ, ਸਮੇਤ ਵੱਡੀ ਗਿਣਤੀ ਵਿੱਚ ਇਲਾਕੇ ਦੇ ਮੁਹਤਰਮ ਵੀ ਮੌਜੂਦ ਰਹੇ।

# ਹੈਰੋਇਨ ਸਮੇਤ ਨੌਜਵਾਨ ਕਾਬੂ, ਦੋ ਦਿਨਾਂ ਪੁਲਿਸ ਰਿਮਾਂਡ 'ਤੇ



ਸਮਾਣਾ, 13 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹੈਰੋਇਨ ਵੇਚਣ ਲਈ ਹੈ। ਸਦਰ ਪੁਲਿਸ ਇੰਚਾਰਜ ਵੱਲੋ ਗਾਹਕਾਂ ਦੀ ਉਡੀਕ ਕਰ ਰਹੇ ਇੱਕ ਨੌਜਵਾਨ ਨੂੰ ਮਵੀਕਲਾਂ ਪੁਲਿਸ ਨੇ ਲੱਖਾਂ ਰੁਪਏ ਦੀ ਅੰਤਰਰਾਸ਼ਟਰੀ ਕੀਮਤ ਵਾਲੀ 8 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ। ਪੁਲਿਸ ਨੇ ਮੁਲਜ਼ਮ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਮੁਲਜ਼ਮ ਦੀ ਪਛਾਣ ਮਿੱਠੂ ਸਿੰਘ ਪੁੱਤਰ ਵੰਤ ਸਿੰਘ, ਨਿਵਾਸੀ ਰਾਜਗੜ੍ਹ ਸੋਂਧੇਵਾਲ ਵੱਜੋ ਹੋਈ ਹੈ ਇੰਸਪੈਕਟਰ ਅਜੇ ਕੁਮਾਰ ਪਰੋਚਾ ਨੇ ਦੱਸਿਆ ਕਿ ਮਵੀਕਲਾਂ ਪੁਲਿਸ ਚੌਕੀ ਦੇ ਇੰਚਾਰਜ ਬਲਕਾਰ ਸਿੰਘ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਬੱਸ ਅੱਡਾ ਧਨੇਠਾ ਵਿਖੇ ਮੌਜੂਦ ਸਨ।

ਉਨ੍ਹਾਂ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਪਿੰਡ ਰਾਜਗੜ੍ਹ ਸੋਂਧੇਵਾਲ ਦੇ ਟੀ-ਪੁਆਇੰਟ ਨੇੜੇ ਖੜ੍ਹਾ ਗਾਹਕਾਂ ਦੀ ਉਡੀਕ ਕਰ ਰਿਹਾ ਹੈ। ਪੁਲਿਸ ਪਾਰਟੀ ਨੇ ਤੁਰੰਤ ਛਾਪੇਮਾਰੀ ਕੀਤੀ ਅਤੇ ਤਲਾਸ਼ੀ ਦੌਰਾਨ ਉਸ ਕੋਲੋਂ 8 ਗ੍ਰਾਮ ਹੈਰੋਇਨ ਬਰਾਮਦ ਹੋਈ, ਜਿਸ ਤੋਂ ਬਾਅਦ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਅਧਿਕਾਰੀ ਅਨੁਸਾਰ ਮੁਲਜ਼ਮ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁੱਛਗਿੱਛ ਲਈ 2 ਦਿਨ ਦਾ ਪੁਲਿਸ ਰਿਮਾਂਡ ਹਾਸਲ ਕਰਕੇ ਪੁਲਿਸ ਨੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ।

# ਸਾਡਾ ਬਜ਼ੁਰਗ ਸਾਡਾ ਮਾਣ ਮੁਹਿੰਮ ਤਹਿਤ ਅੱਜ ਲਗਾਇਆ ਜਾਵੇਗਾ ਬਜੁਰਗਾਂ ਦੀ ਸਿਹਤ ਸਬੰਧੀ ਮੈਡੀਕਲ ਚੈੱਕਅਪ ਕੈਂਪ

ਸ੍ਰੀ ਆਨੰਦਪੁਰ ਸਾਹਿਬ, 13 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਸ਼੍ਰੀਮਤੀ ਅੰਮ੍ਰਿਤਾ ਬਾਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਸਿਹਤ ਵਿਭਾਗ ਦੇ ਸਹਿਯੋਗ ਨਾਲ ਸਾਡਾ ਬਜ਼ੁਰਗ ਸਾਡਾ ਮਾਣ ਮੁਹਿੰਮ ਤਹਿਤ 11 ਫਰਵਰੀ ਦਿਨ ਬੁੱਧਵਾਰ ਨੂੰ ਅਗੰਮਪੁਰ ਪੰਚਾਇਤ ਘਰ ਵਿਖੇ ਬਜੁਰਗਾਂ ਦੀ ਸਿਹਤ ਸਬੰਧੀ ਮੈਡੀਕਲ ਚੈੱਕਅਪ ਕੈਂਪ ਲਗਾਇਆ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਮਾਹਰ ਡਾਕਟਰਾਂ ਦੀ ਟੀਮਾਂ ਵੱਲੋਂ ਓਪੀਡੀ, ਡਿਮੇਂਸ਼ੀਆ ਸਕ੍ਰੀਨਿੰਗ, ਐਨਸੀਡੀ ਸਕ੍ਰੀਨਿੰਗ, ਕੈਂਸਰ ਸਕ੍ਰੀਨਿੰਗ, ਆਰਥੋਪੀਡਿਕ ਚੈਕ-ਅੱਪ, ਅੱਖਾਂ ਦੀ ਜਾਂਚ, ਫਿਜ਼ੀਓਥੈਰੇਪੀ ਅਤੇ ਮਨੋਰੋਗ/ਕਲੀਨਿਕਲ ਮਨੋਵਿਗਿਆਨਕ ਮੁਲਾਂਕਣ ਸਬੰਧੀ ਚੈੱਕਅਪ ਕੀਤਾ ਜਾਵੇਗਾ।

ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਸ਼੍ਰੀਮਤੀ ਅੰਮ੍ਰਿਤਾ ਬਾਲਾ ਨੇ ਬਜੁਰਗਾਂ ਨੂੰ ਇਸ ਕੈਂਪ ਵਿੱਚ ਪਹੁੰਚਣ ਅਤੇ ਆਪਣੀ ਸਿਹਤ ਸਬੰਧੀ ਚੈਕਅੱਪ ਕਰਵਾਉਣ ਦੀ ਅਪੀਲ ਕੀਤੀ। ਇਸ ਤਰ੍ਹਾਂ ਬਜ਼ੁਰਗਾਂ ਦੀ ਸਰੀਰਕ ਅਤੇ ਮਾਨਸਿਕ ਦੋਹਾਂ ਤਰ੍ਹਾਂ ਦੀ ਸਿਹਤ ਉੱਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।

ਇਸ ਕੈਂਪ ਦੌਰਾਨ ਮੁੱਖ ਮੰਤਰੀ ਸਿਹਤ ਬੀਮਾ ਸਕੀਮ ਅਧੀਨ ਯੋਗ ਲਾਭਪਾਤਰੀਆਂ ਦੇ ਕਾਰਡ ਵੀ ਬਣਾਏ ਜਾਣਗੇ ਤਾਂ ਜੋ ਬਜ਼ੁਰਗਾਂ ਨੂੰ ਸਰਕਾਰੀ ਤੇ ਨਿੱਜੀ ਹਸਪਤਾਲਾਂ ਵਿੱਚ ਇਲਾਜ ਸਮੇਂ ਬੀਮੇ ਦੀ ਸਹੂਲਤ ਦਾ ਲਾਭ ਮਿਲ ਸਕੇ।

ਉਨ੍ਹਾਂ ਕਿਹਾ ਕਿ ਇਸ ਕੈਪ ਵਿੱਚ ਪਹੁੰਚ ਕੇ ਸਰਕਾਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਹੂਲਤਾ ਦਾ ਵੱਧ ਤੋਂ ਵੱਧ ਲਾਭ ਉਠਾਇਆ ਜਾਵੇ ਅਤੇ ਬਜ਼ੁਰਗ ਆਪਣੇ ਆਧਾਰ ਕਾਰਡ ਅਤੇ ਹੋਰ ਲੋੜੀਂਦੇ ਦਸਤਾਵੇਜ਼ ਨਾਲ ਲਿਆਉਣ। ਉਨ੍ਹਾਂ ਕਿਹਾ ਕਿ ਬਜ਼ੁਰਗ ਸਾਡੇ ਸਮਾਜ ਦੀ ਅਮੋਲ ਧਰੋਹਰ ਹਨ ਅਤੇ ਉਨ੍ਹਾਂ ਦੀ ਸਿਹਤ ਸੰਭਾਲ ਸਰਕਾਰ ਦੀ ਪ੍ਰਾਥਮਿਕਤਾ ਹੈ

# ਤਰਕਸ਼ੀਲ ਸੁਸਾਇਟੀ ਪੰਜਾਬ ਦੀ ਪਟਿਆਲਾ ਇਕਾਈ ਨੇ ਸਕੂਲਾਂ ਵਿਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵੰਡੇ ਸਰਟੀਫਿਕੇਟ ਅਤੇ ਸਨਮਾਨ ਪੱਤਰ



ਪਟਿਆਲਾ, 13 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੀ ਪਟਿਆਲਾ ਇਕਾਈ ਵੱਲੋਂਪਟਿਆਲਾ ਦੇ ਬਹੁਤ ਸਾਰੇ ਸਕੂਲਾਂ ਵਿਚ ਚੇਤਨਾ ਪਰਖ਼ ਪ੍ਰੀਖਿਆ ਵਿੱਚੋਂ ਪਾਸ ਹੋਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਗਏ ਅਤੇ ਇਨ੍ਹਾਂ ਵਿਚੋਂ ਚੰਗੇ ਨੰਬਰ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਵੱਜੋਂ ਕਿਤਾਬਾਂ ਦੇ ਸੈੱਟ ਵੀ ਭੇਂਟ ਕੀਤੇ ਗਏ। ਇਸ ਮੌਕੇ ਪਰਖ ਪ੍ਰੀਖਿਆ ਕਰਵਾਉਣ ਵਿਚ ਸਹਿਯੋਗ ਦੇਣ ਵਾਲੇ ਅਧਿਆਪਕਾਂ ਅਤੇ ਪ੍ਰਿੰਸੀਪਲਾਂ ਨੂੰ ਵੀ ਸਨਮਾਨ ਕੀਤਾ ਗਿਆ। ਜਿਸ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੰਡਾ ਖੇੜੀ, ਸਰਕਾਰੀ ਹਾਈ ਸਕੂਲ ਪਟਿਆਲਾ ਕੈਂਟ ਅਤੇ ਸਰਕਾਰੀ ਮਲਟੀ ਪਰਪਜ਼ ਸਕੂਲ ਵਿਸ਼ੇਸ਼ ਹਨ।

ਇਸ ਮੌਕੇ ਬੋਲਦਿਆਂ ਤਰਕਸ਼ੀਲ ਆਗੂ ਪ੍ਰੋ ਪੂਰਨ ਸਿੰਘ,ਰਾਮ ਕੁਮਾਰ ਢੱਕੜਬਾ ਤੇ ਆਰ ਐਸ ਬੰਗ ਨੇ ਸਾਂਝੇ ਤੌਰ ਤੇ ਕਿਹਾ ਕਿ ਸਕੂਲਾਂ ਵਿਚ ਗ਼ਦਰ ਲਹਿਰ ਦੀ ਆਗੂ ਬੀਬੀ ਗੁਲਾਬ ਕੌਰ ਨੂੰ ਸਮ੍ਰਪਿਤ ਇਸ ਚੇਤਨਾ ਪਰਖ਼ ਪ੍ਰੀਖਿਆ ਲੈਣ ਦਾ ਮਕਸਦ ਤਰਕਸ਼ੀਲ ਸੁਸਾਇਟੀ ਪੰਜਾਬ ਸਕੂਲਾਂ ਦੇ ਵਿਦਿਆਰਥੀਆਂ ਨੂੰ ਵਹਿਮਾਂ ਭਰਮਾਂ ਵਿਚੋਂ ਕਢਕੇ, ਵਿਗਿਆਨਕ ਸੋਚ ਦੇ ਮਾਲਕ ਬਣਾਉਂਣਾ ਚਾਹੁੰਦੀ ਹੈ ਤੇ ਇਸ ਮਕਸਦ ਨੂੰ ਪੂਰਾ ਕਰਨ ਲਈ ਉਨ੍ਹਾਂ ਨੇ ਇਹ ਸਤਵੀਂ ਵਾਰ ਪੰਜਾਬ ਦੇ ਸਕੂਲਾਂ ਵਿਚ ਚੇਤਨਾ ਪਰਖ਼ ਪ੍ਰੀਖਿਆ ਲੈਣ ਦਾ ਪ੍ਰਬੰਧ ਕੀਤਾ ਹੈ। ਇਸ ਪ੍ਰੀਖਿਆ ਵਿੱਚ ਸਹਿਯੋਗ ਦੇਣ ਵਾਲੇ ਅਧਿਆਪਕਾਂ ਅਤੇ ਪ੍ਰਿੰਸੀਪਲ ਸਾਹਿਬਾਨ ਨੇ ਵੀ ਸਾਸਾਇਟੀ ਦੇ ਸਮਾਜ ਸੇਵੀ ਕੰਮਾਂ ਦੀ ਸ਼ਲਾਘਾ ਕੀਤੀ। ਤਰਕਸ਼ੀਲ ਸੁਸਾਇਟੀ ਦੀ ਇਸ ਕਾਰਗੁਜ਼ਾਰੀ ਵਿਚ ਸਮਾਜ ਸੇਵਕ ਗੁਰਪੂਰਨਜੀਤ ਸਿੰਘ ਸ਼ਾਹ ਨੇ ਵੀ ਭਰਵਾਂ ਸਹਿਯੋਗ ਦਿੱਤਾ।

# ਪੰਜਾਬ ਵਿੱਚ ਵੇਦਾਂਤਾ ਪਾਵਰ ਦੇ ਮੈਗਾ ਸਿਹਤ ਕੈਂਪ ਨਾਲ 340 ਸਮੁਦਾਇਕ ਮੈਂਬਰਾਂ ਨੂੰ ਮਿਲਿਆ ਲਾਭ

ਬਠਿੰਡਾ,13 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਅਤੇ ਉੱਤਰੀ ਭਾਰਤ ਦੇ ਸਭ ਤੋਂ ਵੱਡੇ ਨਿੱਜੀ ਥਰਮਲ ਬਿਜਲੀ ਘਰ ਤਲਵੰਡੀ ਸਾਬੋ ਪਾਵਰ ਲਿਮਿਟਡ ਨੇ ਆਪਣੀ ਪ੍ਰਮੁੱਖ ਸਿਹਤ ਸੰਬੰਧੀ ਪਹਿਲ 'ਪ੍ਰੋਜੈਕਟ ਸਿਹਤ' ਤਹਿਤ ਮਾਨਸਾ ਦੇ ਰਾਇਪੁਰ ਪਿੰਡ ਵਿੱਚ ਇੱਕ ਮੈਗਾ ਸਿਹਤ ਕੈਂਪ ਦਾ ਆਯੋਜਨ ਕੀਤਾ। ਇਸ ਕੈਂਪ ਰਾਹੀਂ ਸਮੁਦਾਇਕ ਭਲਾਈ ਅਤੇ ਰੋਕਥਾਮੀ ਸਿਹਤ ਸਹੂਲਤਾਂ ਪ੍ਰਤੀ ਕੰਪਨੀ ਦੀ ਵਚਨਬੱਧਤਾ ਦਰਸਾਈ ਗਈ।

ਇਸ ਪਹਿਲ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਭਾਗ ਲਿਆ। ਇਸ ਦੌਰਾਨ 340 ਮਰੀਜ਼ਾਂ ਨੇ ਮੁਫ਼ਤ ਸਲਾਹ ਅਤੇ ਸਿਹਤ ਸੇਵਾਵਾਂ ਪ੍ਰਾਪਤ ਕੀਤੀਆਂ। ਸਧਾਰਣ ਰੋਗਾਂ ਦੇ ਮਾਹਿਰ, ਇਸਤਰੀ ਰੋਗਾਂ ਦੇ ਮਾਹਿਰ, ਚਮੜੀ ਦੇ ਰੋਗਾਂ ਦੇ ਮਾਹਿਰ ਅਤੇ ਦੰਦਾਂ ਦੇ ਰੋਗਾਂ ਦੇ ਮਾਹਿਰ ਸਮੇਤ ਕਈ ਯੋਗ ਡਾਕਟਰਾਂ ਦੀ ਟੀਮ ਨੇ ਕੈਂਪ ਵਿੱਚ ਮਰੀਜ਼ਾਂ ਨੂੰ ਸਲਾਹ ਅਤੇ ਇਲਾਜ ਬਾਰੇ ਜਾਣਕਾਰੀ ਦਿੱਤੀ।

ਇਸ ਸਿਹਤ ਕੈਂਪ ਵਿੱਚ ਲਾਭ ਲੈਣ ਵਾਲਿਆਂ ਨੂੰ ਖੂਨ ਦਾ ਦਬਾਅ (ਬੀਪੀ), ਹੀਮੋਗਲੋਬਿਨ (ਐਚਬੀ), ਖੂਨ ਵਿੱਚ ਸ਼ੱਕਰ ਦੀ ਮਾਤਰਾ, ਮਲੇਰੀਆ, ਡੇਂਗੂ ਅਤੇ ਖੂਨ ਦੇ ਸਮੂਹ ਦੀ ਜਾਂਚ ਵਰਗੀਆਂ ਮੁਫ਼ਤ ਜਾਣਕਾਰੀ ਤੋਂ ਇਲਾਵਾ ਮੁਫ਼ਤ ਦਵਾਈਆਂ ਵੀ ਦਿੱਤੀਆਂ ਗਈਆਂ। ਕੈਂਪ ਵਿੱਚ ਸ਼ਾਮਲ ਹੋਣ ਵਾਲੇ ਹਰ ਵਿਅਕਤੀ ਨੂੰ ਵੇਲੇ ਸਿਰ ਅਤੇ ਸੁਖਾਲੇ ਤਰੀਕੇ ਨਾਲ ਸਿਹਤ ਸਹੂਲਤਾਂ ਮਿਲ ਸਕਣ ਦਾ ਨਿਸ਼ਚਾ ਕੀਤਾ ਗਿਆ।

ਇਸ ਹੈਲਥ ਕੈਂਪ ਦਾ ਉਦਘਾਟਨ ਰਾਇਪੁਰ ਪਿੰਡ ਦੇ ਸਰਪੰਚ ਸੁਖਰਾਜ ਸਿੰਘ ਵੱਲੋਂ ਰਿਬਨ ਕੱਟ ਕੇ ਕੀਤਾ ਗਿਆ। ਉਨ੍ਹਾਂ ਦੇ ਨਾਲ ਹੋਰ ਪੰਚ ਮੱਖਣ ਸਿੰਘ, ਰਾਮ ਸਿੰਘ, ਜਗਜੀਤ ਸਿੰਘ, ਸੁਖਵਿੰਦਰ ਸਿੰਘ, ਦਵਿੰਦਰ ਸਿੰਘ, ਅਮਰਦੀਪ ਸਿੰਘ ਅਤੇ ਹਰਪ੍ਰੀਤ ਸਿੰਘ ਵੀ ਮੌਜੂਦ ਰਹੇ। ਇਹ ਸਥਾਨਕ ਲੋਕਾਂ ਲਈ ਇੱਕ ਵੱਡੇ ਹੈਲਥਕੇਅਰ ਪ੍ਰੋਗਰਾਮ ਦੀ ਸ਼ੁਰੂਆਤ ਹੈ, ਜਿਸ ਵਿੱਚ ਲੋਕਾਂ ਵੱਲੋਂ ਵੱਡੀ ਗਿਣਤੀ ਵਿੱਚ ਭਾਗੀਦਾਰੀ ਦੇਖਣ ਨੂੰ ਮਿਲੀ। ਟੀ ਐਸ ਪੀ ਐਲ ਟੀਮ ਵੱਲੋਂ ਸੀ ਐਸ ਆਰ ਟੀਮ ਦੀ ਯਸ਼ਮੀਨ ਮਿੱਤਲ ਵੀ ਹਾਜ਼ਰ ਸਨ।

ਕੈਂਪ ਵਿੱਚ ਸ਼ਾਮਲ ਸਿਹਤ ਵਿਭਾਗ ਦੇ ਅਧਿਕਾਰੀਆਂ ਵਿੱਚ ਨਿਰਮਲ ਸਿੰਘ (ਸਿਹਤ ਨਿਰੀਖਕ), ਅਜੈਬ ਸਿੰਘ (ਐਮਪੀਐਚਡਬਲਯੂ — ਮਲਟੀ ਪਰਪਜ਼ ਹੈਲਥ ਵਰਕਰ) ਅਤੇ ਕਿਰਣ ਪਾਲ ਕੌਰ (ਆਸ਼ਾ ਫੈਸਿਲੀਟੇਟਰ) ਸ਼ਾਮਲ ਰਹੇ। ਇਨ੍ਹਾਂ ਅਧਿਕਾਰੀਆਂ ਦੀ ਭਾਗੀਦਾਰੀ ਨਾਲ ਟੀਐਸਪੀਐਲ ਅਤੇ ਸਰਕਾਰੀ ਸਿਹਤ ਸੇਵਾਵਾਂ ਸੰਸਥਾਵਾਂ ਵਿਚਕਾਰ ਆਪਸੀ ਤਾਲਮੇਲ ਹੋਰ ਮਜ਼ਬੂਤ ਹੋਇਆ।

ਟੀ ਐਸ ਪੀ ਐਲ ਦੇ ਸੀ ਈ ਓ ਪੰਕਜ ਸ਼ਰਮਾ ਨੇ ਕਿਹਾ ਕਿ ਪ੍ਰੋਜੈਕਟ ਸਿਹਤ ਤਹਿਤ ਕਮਿਊਨਿਟੀ ਹੈਲਥ 'ਤੇ ਕੰਪਨੀ ਦਾ ਧਿਆਨ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਚੰਗੀ ਸਿਹਤ ਨਾਲ ਹੀ ਮਜ਼ਬੂਤ ਕਮਿਊਨਿਟੀਆਂ ਬਣਦੀਆਂ ਹਨ।

ਉਨ੍ਹਾਂ ਨੇ ਕਿਹਾ ਕਿ ਇਹ ਪਹਿਲ ਸਮੇਂ ਸਿਰ ਮੈਡੀਕਲ ਮਦਦ, ਡਾਇਗਨੋਸਟਿਕਸ ਅਤੇ ਜਾਗਰੂਕਤਾ ਰਾਹੀਂ ਜਮੀਨੀ ਪੱਧਰ 'ਤੇ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਂਦੀ ਹੈ। ਰਾਇਪੁਰ ਵਿੱਚ ਆਯੋਜਿਤ ਮੇਗਾ ਹੈਲਥ ਕੈਂਪ ਵਰਗੇ ਪ੍ਰੋਗਰਾਮ ਲੰਬੇ ਸਮੇਂ ਦੇ ਸਮਾਜਿਕ ਪ੍ਰਭਾਵ ਅਤੇ ਸਭ ਨੂੰ ਨਾਲ ਲੈ ਕੇ ਚੱਲਣ ਵਾਲੇ ਪਿੰਡ ਪੱਧਰੀ ਵਿਕਾਸ ਵਿੱਚ ਯੋਗਦਾਨ ਪਾਉਂਦੇ ਹਨ।

ਆਪਣੀ ਹੈਲਥਕੇਅਰ ਆਊਟਰੀਚ ਨੂੰ ਜਾਰੀ ਰੱਖਦੇ ਹੋਏ, ਟੀਐਸਪੀਐਲ ਨੇ ਪਿਛਲੇ ਹਫ਼ਤੇ ਕਮਾਲੂ ਅਤੇ ਬਹਿਨੀਵਾਲ ਪਿੰਡਾਂ ਵਿੱਚ ਹੈਲਥ ਕੈਂਪ ਲਗਾ ਕੇ ਕਮਿਊਨਿਟੀ ਦੇ ਮੈਂਬਰਾਂ ਨੂੰ ਲਾਭ ਪਹੁੰਚਾਇਆ। ਇਸ ਤੋਂ ਇਲਾਵਾ, ਢਿੰਗਰ ਪਿੰਡ ਵਿੱਚ ਇੱਕ ਆਈ ਕੇਅਰ ਕੈਂਪ ਅਤੇ ਪੀਐਚਸੀ ਬਹਿਨੀਵਾਲ ਵਿੱਚ ਇੱਕ ਡੈਂਟਲ ਓਪੀਡੀ ਸੈਸ਼ਨ ਵੀ ਆਯੋਜਿਤ ਕੀਤਾ ਗਿਆ। ਇਨ੍ਹਾਂ ਕੈਂਪਾਂ ਰਾਹੀਂ ਕੁੱਲ 390 ਲੋਕਾਂ ਨੂੰ ਲਾਭ ਮਿਲਿਆ।

ਪ੍ਰੋਜੈਕਟ ਸਿਹਤ ਦੇ ਤਹਿਤ, ਟੀਐਸਪੀਐਲ ਆਪਣੇ ਕਾਰਜ ਖੇਤਰਾਂ ਵਿੱਚ ਰੋਕਥਾਮੀ ਸਿਹਤ ਸੇਵਾਵਾਂ, ਜਲਦੀ ਜਾਂਚ ਅਤੇ ਆਸਾਨੀ ਨਾਲ ਉਪਲਬਧ ਮੈਡੀਕਲ ਸਹੂਲਤਾਂ 'ਤੇ ਧਿਆਨ ਕੇਂਦਰਿਤ ਕਰ ਰਿਹਾ ਹੈ। ਇਹ ਪਹਿਲ ਵੇਦਾਂਤਾ ਪਾਵਰ ਦੇ ਟ੍ਰਾਂਸਫਾਰਮਿੰਗ ਫੋਰ ਗੁੱਡ ਦੇ ਈਐਸਜੀ ਵਿਜ਼ਨ ਨਾਲ ਮੇਲ ਖਾਂਦੀ ਹੈ, ਜੋ ਕਮਿਊਨਿਟੀ ਹੈਲਥ, ਟਿਕਾਊ ਵਿਕਾਸ (ਸਸਟੇਨੇਬਲ ਡਿਵੈਲਪਮੈਂਟ) ਅਤੇ ਸਮਾਵੇਸ਼ੀ ਵਿਕਾਸ ਪ੍ਰਤੀ ਕੰਪਨੀ ਦੀ ਵਚਨਬੱਧਤਾ ਨੂੰ ਮਜ਼ਬੂਤ ਕਰਦੀ ਹੈ।



# ਭਾਰਤ ਨਾਲ ਹੋਇਆ ਵਪਾਰਕ ਸਮਝੌਤਾ 'ਇਤਿਹਾਸਕ': ਡੋਨਾਲਡ ਟਰੰਪ

## ਅਗਲੇ ਪੰਜ ਸਾਲਾਂ 'ਚ ਭਾਰਤ ਅਮਰੀਕਾ ਤੋਂ ਖਰੀਦੇਗਾ 500 ਅਰਬ ਡਾਲਰ ਦਾ ਸਾਮਾਨ

**ਵਾਸ਼ਿੰਗਟਨ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤ ਨਾਲ ਹੋਏ ਤਾਜ਼ਾ ਵਪਾਰਕ ਸਮਝੌਤੇ ਨੂੰ 'ਇਤਿਹਾਸਕ' ਕਰਾਰ ਦਿੱਤਾ ਹੈ। 'ਚੈਂਪੀਅਨ ਆਫ਼ ਕੋਲ' (Champion of Coal) ਪ੍ਰੋਗਰਾਮ ਦੌਰਾਨ ਬੋਲਦਿਆਂ ਟਰੰਪ ਨੇ ਐਲਾਨ ਕੀਤਾ ਕਿ ਇਸ ਡੀਲ ਤਹਿਤ ਅਮਰੀਕਾ ਤੋਂ ਭਾਰਤ ਨੂੰ ਕੋਲੇ ਦੀ ਬਰਾਮਦ ਵਿੱਚ ਭਾਰੀ ਵਾਧਾ ਕੀਤਾ ਜਾਵੇਗਾ।

ਉਨ੍ਹਾਂ ਦਾਅਵਾ ਕੀਤਾ ਕਿ ਅਮਰੀਕੀ ਕੋਲਾ ਦੁਨੀਆ ਵਿੱਚ ਸਭ ਤੋਂ ਉੱਤਮ ਹੈ ਅਤੇ ਹੁਣ ਭਾਰਤ ਵਰਗੇ




ਵੱਡੇ ਬਾਜ਼ਾਰ ਇਸ ਦੀ ਵਰਤੋਂ ਕਰਨਗੇ। ਇਸ ਸਮਝੌਤੇ ਦੇ ਫਰੇਮਵਰਕ ਮੁਤਾਬਕ, ਭਾਰਤ ਅਗਲੇ ਪੰਜ ਸਾਲਾਂ ਵਿੱਚ ਅਮਰੀਕਾ ਤੋਂ 500 ਅਰਬ ਡਾਲਰ ਦੇ ਊਰਜਾ ਉਤਪਾਦ, ਹਵਾਈ ਜਹਾਜ਼, ਕੀਮਤੀ ਧਾਤਾਂ ਅਤੇ ਤਕਨਾਲੋਜੀ ਦਾ ਸਾਮਾਨ ਖਰੀਦਣ ਦੀ ਤਿਆਰੀ ਵਿੱਚ ਹੈ।

ਇਸ ਅੰਤਰਿਮ ਸਮਝੌਤੇ ਤਹਿਤ ਭਾਰਤ ਅਮਰੀਕੀ ਉਦਯੋਗਿਕ ਵਸਤੂਆਂ ਅਤੇ ਖੇਤੀਬਾੜੀ ਉਤਪਾਦਾਂ 'ਤੇ ਲੱਗਣ ਵਾਲੀਆਂ ਦਰਾਮਦ ਡਿਊਟੀਆਂ ਨੂੰ ਜਾਂ ਤਾਂ ਖ਼ਤਮ ਕਰ ਦੇਵੇਗਾ ਜਾਂ ਕਾਫ਼ੀ ਹੱਦ ਤੱਕ ਘਟਾ ਦੇਵੇਗਾ। ਦੋਵਾਂ ਦੇਸ਼ਾਂ ਦੇ ਸਾਂਝੇ ਬਿਆਨ ਮੁਤਾਬਕ, ਇਹ ਕਦਮ ਆਪਸੀ ਲਾਭਕਾਰੀ ਵਪਾਰ ਅਤੇ ਸਪਲਾਈ ਚੇਨ ਨੂੰ ਮਜ਼ਬੂਤ ਕਰਨ ਲਈ ਚੁੱਕਿਆ ਗਿਆ ਹੈ।

ਰਾਸ਼ਟਰਪਤੀ ਟਰੰਪ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਾਲੇ ਫਰਵਰੀ 2025 ਵਿੱਚ ਸ਼ੁਰੂ ਹੋਈ ਗੱਲਬਾਤ ਹੁਣ ਇਸ ਵੱਡੇ ਨਤੀਜੇ ਤੱਕ ਪਹੁੰਚੀ ਹੈ। ਅਮਰੀਕੀ ਪ੍ਰਸ਼ਾਸਨ ਇਸ ਡੀਲ ਨੂੰ ਅਮਰੀਕੀ ਕਾਮਿਆਂ ਅਤੇ ਕਾਰੋਬਾਰਾਂ ਲਈ ਵੱਡੀ ਜਿੱਤ ਵਜੋਂ ਦੇਖ ਰਿਹਾ ਹੈ, ਜਦੋਂਕਿ ਸੁਰੱਖਿਆ ਦੇ ਲਿਹਾਜ਼ ਨਾਲ ਪੁਲੀਸ ਅਤੇ ਹੋਰ ਏਜੰਸੀਆਂ ਇਸ ਆਰਥਿਕ ਗਤੀਵਿਧੀ ਦੇ ਵਿਆਪਕ ਪ੍ਰਭਾਵਾਂ 'ਤੇ ਨਜ਼ਰ ਰੱਖ ਰਹੀਆਂ ਹਨ।

# ਭਗਵੰਤ ਮਾਨ ਵੱਲੋਂ ਕੇਂਦਰ ਦੇ ਗ੍ਰਾਮ ਨਿਆਲਿਆ ਬਣਾਉਣ ਦੇ ਫੈਸਲੇ ਦਾ ਵਿਰੋਧ

## ਇਹ ਵਕੀਲਾਂ ਦੇ ਹਿੱਤਾਂ ਦੇ ਖਿਲਾਫ਼: ਮੁੱਖ ਮੰਤਰੀ ਮਾਨ

**ਚੰਡੀਗੜ੍ਹ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਵੱਲੋਂ ਗ੍ਰਾਮ ਨਿਆਲਿਆ ਬਣਾਉਣ ਦੇ ਫੈਸਲੇ ਦਾ ਵਿਰੋਧ ਕਰਦਿਆਂ ਇਸ ਵਿਚਾਰ ਨੂੰ ਵਕੀਲ ਭਾਈਚਾਰੇ ਦੇ ਹਿੱਤਾਂ ਦੇ ਵਿਰੁੱਧ ਦੱਸਿਆ ਹੈ। ਕੇਂਦਰ ਦੇ ਇਸ ਕਦਮ ਵਿਰੁੱਧ ਮੁੱਖ ਮੰਤਰੀ ਨੇ ਕਿਹਾ ਕਿ ਇਹ ਵਿਚਾਰ ਅਮਲੀ ਰੂਪ ਵਿੱਚ ਸੰਭਵ ਨਹੀਂ ਹੈ। ਮੁੱਖ ਮੰਤਰੀ ਨੇ ਇਸ ਮਾਮਲੇ ਦੀ ਵਿਸਥਾਰ ਨਾਲ ਜਾਂਚ ਕਰਨ ਲਈ ਕਾਨੂੰਨੀ ਮਾਹਰਾਂ ਦੀ ਇੱਕ ਕਮੇਟੀ ਬਣਾਉਣ ਦਾ ਐਲਾਨ ਕੀਤਾ ਅਤੇ ਕਿਹਾ ਕਿ ਉਹ ਇਸ ਮੁੱਦੇ ਨੂੰ ਕੇਂਦਰ ਸਰਕਾਰ ਕੋਲ ਚੁੱਕਣਗੇ।

ਇਸ ਮੁੱਦੇ ਨੂੰ ਇਮਾਨਦਾਰੀ ਅਤੇ ਜਨਤਕ ਵਿਸ਼ਵਾਸ ਦਾ ਵਿਸ਼ਾ ਕਰਾਰ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਅਦਾਲਤਾਂ ਵਿੱਚ ਕਾਨੂੰਨ ਦਾ ਸ਼ਾਸਨ ਅਤੇ ਨੈਤਿਕ ਮਿਆਰ ਸਰਵਉੱਚ ਰਹਿਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਵਕੀਲਾਂ ਦੇ ਹਿੱਤਾਂ ਦੀ ਰਾਖੀ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ।

ਇੱਥੇ 65 ਬਾਰ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰਦਿਆਂ ਮਾਨ ਨੇ ਕਿਹਾ, ਪੂਰੇ ਸੂਬੇ ਵਿੱਚ 20 ਕਿਲੋਮੀਟਰ ਦੇ ਦਾਇਰੇ ਵਿੱਚ ਅਦਾਲਤਾਂ ਤੱਕ ਪਹੁੰਚ ਉਪਲੱਬਧ ਹੈ, ਜਿਸ ਕਾਰਨ ਇਹ ਧਾਰਨਾ ਪੰਜਾਬ ਵਿੱਚ



ਅਮਲੀ ਤੌਰ 'ਤੇ ਲਾਗੂ ਨਹੀਂ ਹੁੰਦੀ। ਵਕੀਲ ਪਹਿਲਾਂ ਹੀ ਕੇਂਦਰ ਦੇ ਇਸ ਕਦਮ ਵਿਰੁੱਧ ਸੰਘਰਸ਼ ਕਰ ਰਹੇ ਹਨ ਕਿਉਂਕਿ ਇਸ ਨਾਲ ਉਨ੍ਹਾਂ ਨੂੰ ਕਾਫੀ ਦਿੱਕਤਾਂ ਆ ਰਹੀਆਂ ਹਨ। ਕਾਨੂੰਨੀ ਭਾਈਚਾਰੇ ਦੀਆਂ ਇੱਛਾਵਾਂ ਅਨੁਸਾਰ, ਰਾਜ ਸਰਕਾਰ ਪੰਜਾਬ ਵਿੱਚ ਇਸ ਧਾਰਨਾ ਨੂੰ ਖਤਮ ਕਰਨ ਲਈ ਸਾਰੇ ਰਾਹ ਅਤੇ ਸਾਧਨ ਲੱਭੇਗੀ।

ਬਾਰ ਐਸੋਸੀਏਸ਼ਨਾਂ ਦੇ ਯੋਗਦਾਨ 'ਤੇ ਚਾਨਣਾ ਪਾਉਂਦਿਆਂ ਮੁੱਖ ਮੰਤਰੀ ਨੇ ਕਿਹਾ, ਬਾਰ ਐਸੋਸੀਏਸ਼ਨਾਂ ਨੇ ਦੇਸ਼ ਵਿੱਚ ਕਾਨੂੰਨੀ ਪ੍ਰਣਾਲੀ ਦੇ ਵਿਕਾਸ ਵਿੱਚ ਹਮੇਸ਼ਾ ਅਹਿਮ ਭੂਮਿਕਾ ਨਿਭਾਈ ਹੈ ਅਤੇ ਸਮਾਜ ਦੀ ਬਿਹਤਰੀ ਲਈ ਕੰਮ ਕੀਤਾ ਹੈ। ਭਾਰਤ ਸਮਾਜਵਾਦੀ ਲੋਕਤੰਤਰੀ ਗਣਰਾਜ ਹੈ ਜਿਸ ਵਿੱਚ ਸਰਕਾਰ ਦੀ ਸੰਸਦੀ ਪ੍ਰਣਾਲੀ ਹੈ ਅਤੇ ਇਸ ਨੂੰ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰੀ ਢਾਂਚਾ ਹੋਣ ਦਾ ਮਾਣ ਪ੍ਰਾਪਤ ਹੈ। ਨਿਆਂ, ਆਜ਼ਾਦੀ, ਸਮਾਨਤਾ ਅਤੇ ਭਾਈਚਾਰਾ ਚਾਰ ਅਜਿਹੀਆਂ ਵਿਸ਼ੇਸ਼ਤਾਵਾਂ ਹਨ ਜੋ ਸਾਡੇ ਸੰਵਿਧਾਨ ਰਾਹੀਂ ਹਰ ਨਾਗਰਿਕ ਲਈ ਸੁਰੱਖਿਅਤ ਕੀਤੀਆਂ ਗਈਆਂ ਹਨ।

ਉਨ੍ਹਾਂ ਅੱਗੇ ਕਿਹਾ, ਅੱਜਕੱਲ੍ਹ ਹੋਰ ਚੀਜ਼ਾਂ ਵਾਂਗ ਨਿਆਂ ਵੀ ਮਹਿੰਗਾ ਹੋ ਗਿਆ ਹੈ ਅਤੇ ਸੁਝਾਅ ਦਿੱਤਾ ਕਿ ਵਕੀਲਾਂ ਨੂੰ ਸਮਾਜ ਦੇ ਪਛੜੇ ਅਤੇ ਵਾਂਝੇ ਵਰਗਾਂ ਨੂੰ ਮੁਫਤ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਲਈ ਗੈਰ-ਸਰਕਾਰੀ ਸੰਗਠਨ (NGOs) ਸਥਾਪਤ ਕਰਨੇ ਚਾਹੀਦੇ ਹਨ।

ਮੁੱਖ ਮੰਤਰੀ ਮਾਨ ਨੇ ਕਿਹਾ ਕਿ ਕੇਸ ਜਿੱਤਣਾ ਜਾਂ ਹਾਰਨਾ ਵੱਖਰੀ ਗੱਲ ਹੈ, ਪਰ ਕਾਨੂੰਨ ਦਾ ਰਾਜ ਕਾਇਮ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਵਕੀਲਾਂ ਦੀਆਂ ਸਾਰੀਆਂ ਮੰਗਾਂ, ਜਿਵੇਂ ਕਿ 'ਵਕੀਲ ਸੁਰੱਖਿਆ ਐਕਟ' ਅਤੇ ਚੈਂਬਰਾਂ ਦੇ ਬਿਜਲੀ ਬਿੱਲ ਘਰੇਲੂ ਦਰਾਂ 'ਤੇ ਕਰਨਾ, ਬਿਲਕੁਲ ਜਾਇਜ਼ ਹਨ ਅਤੇ ਇਨ੍ਹਾਂ 'ਤੇ ਵਿਚਾਰ ਕੀਤਾ ਜਾਵੇਗਾ। ਉਨ੍ਹਾਂ ਅਖੀਰ ਵਿੱਚ ਕਿਹਾ ਕਿ ਉਹ ਖੁਦ ਲੋਕਾਂ ਦੇ ਵਕੀਲ ਹਨ ਅਤੇ ਹਰ ਵਰਗ ਦੀ ਭਲਾਈ ਲਈ ਵਚਨਬੱਧ ਹਨ। ਇਸ ਤੋਂ ਪਹਿਲਾਂ ਪੰਜਾਬ ਦੇ ਐਡਵੋਕੇਟ ਜਨਰਲ ਮਨਿੰਦਰਜੀਤ ਸਿੰਘ ਬੇਦੀ ਨੇ ਮੁੱਖ ਮੰਤਰੀ ਦਾ ਸਵਾਗਤ ਕੀਤਾ ਅਤੇ ਇਸ ਸਮਾਗਮ ਦੀ ਮਹੱਤਤਾ ਬਾਰੇ ਦੱਸਿਆ।

# ਭਾਜਪਾ ਮੈਂਬਰ ਵੱਲੋਂ ਰਾਹੁਲ ਗਾਂਧੀ ਖ਼ਿਲਾਫ਼ ਟਿੱਪਣੀ ਤੋਂ ਬਾਅਦ ਹੰਗਾਮਾ; ਲੋਕ ਸਭਾ ਦਿਨ ਭਰ ਲਈ ਫਿਰ ਮੁਲਤਵੀ

**ਨਵੀਂ ਦਿੱਲੀ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਮੈਂਬਰ ਨਿਸ਼ੀਕਾਂਤ ਦੂਬੇ ਦੀ ਰਾਹੁਲ ਗਾਂਧੀ ਖ਼ਿਲਾਫ਼ ਟਿੱਪਣੀ ਤੋਂ ਬਾਅਦ ਵਿਰੋਧੀ ਧਿਰਾਂ ਨੇ ਹੰਗਾਮਾ ਕੀਤਾ ਜਿਸ ਕਾਰਨ ਲੋਕ ਸਭਾ ਦਿਨ ਭਰ ਲਈ ਮੁਲਤਵੀ ਕਰ ਦਿੱਤੀ ਗਈ।



ਭਾਰਤੀ ਜਨਤਾ ਪਾਰਟੀ ਦੇ ਸੰਸਦ ਮੈਂਬਰ ਨਿਸ਼ੀਕਾਂਤ ਦੂਬੇ ਨੇ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਇੱਕ ਪੱਤਰ ਲਿਖ ਕੇ ਕਾਂਗਰਸ ਨੇਤਾ ਰਾਹੁਲ ਗਾਂਧੀ ਦੇ ਸੰਸਦ ਵਿੱਚ ਕੀਤੇ ਵਿਹਾਰ ਦੀ ਜਾਂਚ ਲਈ ਇੱਕ ਵਿਸ਼ੇਸ਼ ਕਮੇਟੀ ਬਣਾਉਣ ਦੀ ਮੰਗ ਕੀਤੀ ਹੈ। ਦੂਬੇ ਨੇ ਰਾਹੁਲ ਗਾਂਧੀ ਉੱਤੇ ਗੈਰ-ਇਖਲਾਕੀ ਵਿਹਾਰ ਦੇ ਦੋਸ਼ ਲਗਾਉਂਦਿਆਂ ਕਿਹਾ ਹੈ ਕਿ ਉਹ ਦੇਸ਼ ਨੂੰ ਅੰਦਰੋਂ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਰਾਹੁਲ ਗਾਂਧੀ ਨੇ ਸਾਬਕਾ ਫੌਜ ਮੁਖੀ ਜਨਰਲ ਮਨੋਜ ਮੁਕੰਦ ਨਰਵਾਣੇ ਦੀ ਇੱਕ ਅਣਪ੍ਰਕਾਸ਼ਿਤ ਕਿਤਾਬ ਦਾ ਗਲਤ ਹਵਾਲਾ ਦੇ ਕੇ ਭਾਰਤੀ ਫੌਜ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸ ਵਿੱਚ ਪ੍ਰਧਾਨ ਮੰਤਰੀ ਦਾ ਨਾਮ ਵੀ ਘਸੀਟਿਆ ਗਿਆ ਹੈ।

ਇਸ ਦੇ ਨਾਲ ਹੀ ਨਿਸ਼ੀਕਾਂਤ ਦੂਬੇ ਨੇ ਇਹ ਵੀ ਕਿਹਾ ਕਿ ਰਾਹੁਲ ਗਾਂਧੀ ਭਾਰਤ ਦੇ ਬੈਂਕਿੰਗ ਸਿਸਟਮ ਅਤੇ ਕਾਰਪੋਰੇਟ ਜਗਤ ਦੀ ਗਲਤ ਤਸਵੀਰ ਪੇਸ਼ ਕਰ ਰਹੇ ਹਨ ਅਤੇ ਉਹ ਜਾਰਜ ਸੋਰੋਸ ਤੇ ਫੋਰਡ ਫਾਊਂਡੇਸ਼ਨ ਵਰਗੀਆਂ ਵਿਦੇਸ਼ੀ ਸੰਸਥਾਵਾਂ ਦੇ ਪ੍ਰਭਾਵ ਹੇਠ ਕੰਮ ਕਰ ਰਹੇ ਹਨ। ਉਨ੍ਹਾਂ ਇਲਜ਼ਾਮ ਲਗਾਇਆ ਕਿ ਕਾਂਗਰਸੀ ਨੇਤਾ ਨੇ ਬਿਨਾਂ ਕਿਸੇ ਸਬੂਤ ਦੇ ਚੋਣ ਕਮਿਸ਼ਨ ਅਤੇ ਸੁਪਰੀਮ ਕੋਰਟ ਵਰਗੀਆਂ ਸੰਵਿਧਾਨਕ ਸੰਸਥਾਵਾਂ 'ਤੇ ਵੀ ਸਵਾਲ ਚੁੱਕੇ ਹਨ ਜੋ ਚਿੰਤਾਜਨਕ ਹੈ। ਦੂਬੇ ਨੇ ਸਪੀਕਰ ਨੂੰ ਅਪੀਲ ਕੀਤੀ ਹੈ ਕਿ ਰਾਹੁਲ ਗਾਂਧੀ ਦੇ ਇਨ੍ਹਾਂ ਕਦਮਾਂ ਦੀ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਲੋਕ ਸਭਾ ਦੀ ਮੈਂਬਰੀ ਤੋਂ ਤੁਰੰਤ ਬਰਖਾਸਤ ਕੀਤਾ ਜਾਣਾ ਚਾਹੀਦਾ ਹੈ।

# ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਦਾ ਲੋਗੋ ਜਾਰੀ, ਆਰਥਿਕ ਅਤੇ ਸਮੁੱਚੇ ਵਿਕਾਸ ਲਈ ਸੁਧਾਰਾਂ 'ਤੇ ਕੀਤਾ ਜਾਵੇਗਾ ਧਿਆਨ ਕੇਂਦਰਤ

**ਚੰਡੀਗੜ੍ਹ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ (ਪੀਪੀਆਈਐਸ) 2026 ਤੋਂ ਮਹਿਜ਼ 28 ਦਿਨ ਪਹਿਲਾਂ ਮੁੱਖ ਮੰਤਰੀ ਸ. ਭਗਵੰਤ ਮਾਨ ਵੱਲੋਂ ਚੰਡੀਗੜ੍ਹ ਵਿਖੇ ਹੋਈ ਇੱਕ ਉੱਚ-ਪੱਧਰੀ ਮੀਟਿੰਗ ਵਿੱਚ ਸੰਮੇਲਨ ਦਾ ਅਧਿਕਾਰਤ ਲੋਗੋ ਜਾਰੀ ਕੀਤਾ ਗਿਆ ਹੈ। ਮੀਟਿੰਗ ਵਿੱਚ ਉਦਯੋਗ ਅਤੇ ਵਣਜ ਮੰਤਰੀ ਸ਼੍ਰੀ ਸੰਜੀਵ ਅਰੋੜਾ, ਪੰਜਾਬ ਦੇ ਮੁੱਖ ਮੁੱਖ ਸਕੱਤਰ, ਸੀਨੀਅਰ ਸਰਕਾਰੀ ਅਧਿਕਾਰੀ ਅਤੇ ਇਨਵੈਸਟ ਪੰਜਾਬ ਦੇ ਨੁਮਾਇੰਦੇ ਸ਼ਾਮਲ ਸਨ। ਸੰਮੇਲਨ ਦੀਆਂ ਤਿਆਰੀਆਂ ਨਾਲ ਜੁੜੇ ਸਾਰੇ ਮੁੱਖ ਵਿਭਾਗ ਵੀ ਸਮੀਖਿਆ ਮੀਟਿੰਗ ਦੌਰਾਨ ਮੌਜੂਦ ਸਨ।

ਇਹ ਸੰਮੇਲਨ 13-15 ਮਾਰਚ 2026 ਨੂੰ ਪਲਾਕਸ਼ਾ ਯੂਨੀਵਰਸਿਟੀ, ਆਈਟੀ ਸਿਟੀ, ਮੋਹਾਲੀ ਵਿਖੇ ਕਰਵਾਇਆ ਜਾਵੇਗਾ ਅਤੇ ਇਹ 'ਪੰਜਾਬ ਮੀਨਜ਼ ਬਿਜ਼ਨਸ - ਪਾਲਿਸੀ ਟੂ ਪ੍ਰੈਕਟਿਸ' ਥੀਮ 'ਤੇ ਕੇਂਦਰਿਤ ਹੈ। ਇਹ ਥੀਮ ਨੀਤੀ ਘੋਸ਼ਣਾਵਾਂ ਤੋਂ ਪਰੇ ਢਾਂਚਾਗਤ ਲਾਗੂਕਰਨ, ਟੀਚਾਗਤ ਨਤੀਜਿਆਂ ਅਤੇ ਨਿਵੇਸ਼ਕ-ਕੇਂਦ੍ਰਿਤ ਪ੍ਰਸ਼ਾਸਨ ਵੱਲ ਵਧਣ ਪ੍ਰਤੀ ਪੰਜਾਬ ਸਰਕਾਰ ਦੀ ਦ੍ਰਿੜ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਨਵਾਂ ਲਾਂਚ ਕੀਤਾ ਗਿਆ ਲੋਗੋ ਪੰਜਾਬ ਦੀ ਆਰਥਿਕ ਤਾਕਤ, ਤਕਨੀਕੀ ਪ੍ਰਗਤੀ, ਸਥਿਰਤਾ ਅਤੇ ਵਿਕਾਸ ਦੀ ਗਤੀ ਨੂੰ ਦਰਸਾਉਂਦਾ ਹੈ। ਇਸ ਡਿਜ਼ਾਈਨ ਵਿੱਚ ਉਦਯੋਗਿਕ ਵਿਸਥਾਰ, ਡਿਜੀਟਲ ਪ੍ਰਸ਼ਾਸਨਿਕ ਸੁਧਾਰ, ਸਮੁੱਚਾ ਵਿਕਾਸ ਅਤੇ ਲਚਕੀਲਾਪਣ ਸ਼ਾਮਲ ਹੈ, ਜੋ ਪੰਜਾਬ ਦੇ ਇੱਕ ਪ੍ਰਗਤੀਸ਼ੀਲ, ਸੁਧਾਰ-ਸੰਚਾਲਿਤ ਅਤੇ ਨਿਵੇਸ਼ ਪੱਖੀ ਮਾਹੌਲ ਨੂੰ ਦਰਸਾਉਂਦਾ ਹੈ।

ਮੀਟਿੰਗ ਦੌਰਾਨ, ਉਦਯੋਗ ਅਤੇ ਵਣਜ ਮੰਤਰੀ ਸੰਜੀਵ ਅਰੋੜਾ ਨੇ ਮੁੱਖ ਮੰਤਰੀ ਨੂੰ ਸੰਮੇਲਨ ਦੀਆਂ ਤਿਆਰੀਆਂ ਦੀ ਪ੍ਰਗਤੀ ਬਾਰੇ ਜਾਣੂ ਕਰਵਾਇਆ, ਜਿਸ ਵਿੱਚ ਆਊਟਰੀਚ ਗਤੀਵਿਧੀਆਂ, ਬੁਨਿਆਦੀ ਢਾਂਚੇ ਸਬੰਧੀ ਤਿਆਰੀਆਂ, ਭਾਈਵਾਲ ਦੇਸ਼ਾਂ ਨਾਲ ਤਾਲਮੇਲ ਅਤੇ ਵਿਭਾਗੀ ਤਿਆਰੀਆਂ ਸ਼ਾਮਲ ਹਨ। ਇਸ ਤਿੰਨ ਦਿਨਾਂ ਸਮਾਗਮ ਦੇ ਨਿਰਵਿਘਨ ਅਮਲ ਨੂੰ ਯਕੀਨੀ ਬਣਾਉਣ ਲਈ ਸਥਾਨ ਅਤੇ ਮੁੱਖ ਲੌਜਿਸਟਿਕਲ ਤਿਆਰੀਆਂ ਦੀ ਵਿਆਪਕ ਸਮੀਖਿਆ ਕੀਤੀ ਗਈ।

ਉਨ੍ਹਾਂ ਅੱਗੇ ਦੱਸਿਆ ਕਿ ਹੁਣ ਤੱਕ ਕੀਤੇ ਗਏ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਰੋਡ ਸ਼ੋਅ ਦੌਰਾਨ ਸੂਬੇ ਨੂੰ ਦੁਨੀਆਂ ਭਰ ਦੇ ਉਦਯੋਗਿਕ ਦਿੱਗਜਾਂ ਅਤੇ ਮੁੱਖ ਭਾਈਵਾਲਾਂ ਤੋਂ ਉਤਸ਼ਾਹਜਨਕ ਹੁੰਗਾਰਾ ਮਿਲਿਆ ਹੈ। ਪ੍ਰਮੁੱਖ ਭਾਰਤੀ ਸ਼ਹਿਰਾਂ ਅਤੇ ਵਿਸ਼ਵਵਿਆਪੀ ਨਿਵੇਸ਼ ਕੇਂਦਰਾਂ ਵਿੱਚ ਸ਼ਮੂਲੀਅਤ ਨੇ ਪੰਜਾਬ ਦੀ ਬਿਹਤਰ ਸ਼ਾਸਨ ਪ੍ਰਣਾਲੀ, ਮਜ਼ਬੂਤ ਬੁਨਿਆਦੀ ਢਾਂਚੇ ਅਤੇ ਖੇਤਰੀ ਵਿਕਾਸ ਦੇ ਮੌਕਿਆਂ ਵਿੱਚ ਨਿਵੇਸ਼ਕਾਂ ਦੇ ਵਿਸ਼ਵਾਸ ਨੂੰ ਹੋਰ ਮਜ਼ਬੂਤ ਕੀਤਾ ਹੈ।

ਇਸ ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਇਹ ਸੰਮੇਲਨ ਭਾਈਵਾਲੀ, ਸਹਿ-ਰਚਨਾ ਅਤੇ ਲਾਗੂਕਰਨ ਲਈ ਇੱਕ ਪਲੇਟਫਾਰਮ ਵਜੋਂ ਕੰਮ ਕਰੇਗਾ ਅਤੇ ਇਹ ਯਕੀਨੀ ਬਣਾਏਗਾ ਕਿ ਨੀਤੀਆਂ ਉਦਯੋਗਾਂ ਨਾਲ ਸਲਾਹ-ਮਸ਼ਵਰਾ ਕਰਕੇ ਬਣਾਈਆਂ ਜਾਣ ਅਤੇ ਨਿਰਧਾਰਤ ਸਮਾਂ-ਸੀਮਾਵਾਂ ਤੇ ਡਿਜੀਟਲ ਜਵਾਬਦੇਹੀ ਵਿਧੀਆਂ ਰਾਹੀਂ ਲਾਗੂ ਕੀਤੀਆਂ ਜਾਣ।

ਉਨ੍ਹਾਂ ਕਿਹਾ, ਪੰਜਾਬ ਦੇ ਸੁਧਾਰ ਪੱਖੀ ਪ੍ਰਸ਼ਾਸਨ ਮਾਡਲ ਸਦਕਾ ਪਹਿਲਾਂ ਹੀ ਠੋਸ ਨਤੀਜੇ ਸਾਹਮਣੇ ਆਏ ਹਨ। ਸੂਬੇ ਨੂੰ ਲਗਭਗ 1.5 ਲੱਖ ਕਰੋੜ ਦੇ ਨਿਵੇਸ਼ ਪ੍ਰਸਤਾਵ ਪ੍ਰਾਪਤ ਹੋਏ ਹਨ ਅਤੇ 5 ਲੱਖ ਤੋਂ ਵੱਧ ਵਿਅਕਤੀਆਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਹੋਏ ਹਨ ਜੋ ਪੰਜਾਬ ਦੀਆਂ ਨੀਤੀਆਂ ਵਿੱਚ ਭਰੋਸੇਯੋਗਤਾ ਅਤੇ ਮਜ਼ਬੂਤ ਲਾਗੂਕਰਨ ਸਮਰੱਥਾ ਦਾ ਪ੍ਰਤੱਖ ਪ੍ਰਮਾਣ ਹੈ।

ਸੰਮੇਲਨ ਦਾ ਲੋਗੋ ਜਾਰੀ ਕਰਨਾ ਇਸ ਸਮਾਗਮ ਲਈ ਕਾਫੀ ਅਹਿਮ ਹੈ ਅਤੇ ਇਹ ਸਥਾਨਕ ਅਤੇ ਵਿਸ਼ਵਵਿਆਪੀ ਨਿਵੇਸ਼ਕਾਂ ਦਾ ਸਵਾਗਤ ਕਰਨ ਲਈ ਪੰਜਾਬ ਦੀ ਤਿਆਰੀਆਂ ਨੂੰ ਦਰਸਾਉਂਦਾ ਹੈ।

# ਦਿੱਲੀ ਪੁਲਿਸ ਨੇ 'ਪੇਂਗੁਇਨ ਇੰਡੀਆ' ਦੇ ਅਧਿਕਾਰੀਆਂ ਤੋਂ ਕੀਤੀ ਪੁੱਛਗਿੱਛ

**ਨਵੀਂ ਦਿੱਲੀ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਪੁਲੀਸ ਦੇ ਸਪੈਸ਼ਲ ਸੈੱਲ ਨੇ ਸਾਬਕਾ ਫੌਜ ਮੁਖੀ ਐੱਮ ਐੱਮ ਨਰਵਣੇ ਦੀ ਅਣਪ੍ਰਕਾਸ਼ਿਤ ਕਿਤਾਬ ਨਾਲ ਜੁੜੇ ਵਿਵਾਦ ਸਬੰਧੀ ਪਬਲਿਸ਼ਰ 'ਪੇਂਗੁਇਨ ਇੰਡੀਆ' ਦੇ ਨੁਮਾਇੰਦਿਆਂ ਤੋਂ ਪੁੱਛਗਿੱਛ ਕੀਤੀ।

ਸਪੈਸ਼ਲ ਸੈੱਲ ਨੇ ਨੋਟਿਸ ਜਾਰੀ ਕਰਕੇ ਲਗਪਗ 12 ਅਹਿਮ ਸਵਾਲ ਪੁੱਛੇ ਹਨ। ਪੇਂਗੁਇਨ ਇੰਡੀਆ ਦੇ ਨੁਮਾਇੰਦਿਆਂ ਨੇ ਕੁਝ ਸਵਾਲਾਂ ਦੇ ਜਵਾਬ ਦਿੱਤੇ ਅਤੇ ਬਾਕੀ ਸਵਾਲਾਂ ਦੇ ਜਵਾਬ ਦੇਣ ਲਈ ਵਾਧੂ ਸਮਾਂ ਮੰਗਿਆ।

ਸਪੈਸ਼ਲ ਸੈੱਲ ਹੁਣ ਪ੍ਰਕਾਸ਼ਕਾਂ ਦੇ ਜਵਾਬਾਂ ਦਾ ਵਿਸ਼ਲੇਸ਼ਣ ਕਰੇਗਾ ਅਤੇ ਜਾਂਚ ਕਰੇਗਾ ਕਿਤਾਬ ਦਾ ਖਰੜਾ ਲੀਕ ਹੋਣ ਪਿੱਛੇ ਕੋਈ ਸਾਜ਼ਿਸ਼ ਸੀ ਜਾਂ ਲਾਪਰਵਾਹੀ। ਜਾਂਚ ਤੋਂ ਬਾਅਦ ਤੱਥ ਸਾਹਮਣੇ ਲਿਆਂਦੇ ਜਾਣਗੇ।

ਪਿਛਲੇ ਹਫ਼ਤੇ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਮਤੇ 'ਤੇ ਲੋਕ ਸਭਾ ਵਿੱਚ ਆਪਣੇ ਭਾਸ਼ਣ ਦੌਰਾਨ ਕਾਂਗਰਸ ਨੇਤਾ ਰਾਹੁਲ ਗਾਂਧੀ ਵੱਲੋਂ ਜਨਰਲ ਮਨੋਜ ਮੁਕੰਦ ਨਰਵਣੇ ਦੀ ÷ਪ੍ਰੀ-ਪ੍ਰਿੰਟ ਕਿਤਾਬ÷ ਦਾ ਹਵਾਲਾ ਦੇਣ ਤੋਂ ਬਾਅਦ ਇੱਕ ਸਿਆਸੀ ਹੰਗਾਮਾ ਸ਼ੁਰੂ ਹੋ ਗਿਆ ਸੀ, ਜਿਸ ਦਾ ਸੱਤਾਧਾਰੀ ਬੈਂਚਾਂ ਨੇ ਸਖ਼ਤ ਵਿਰੋਧ ਕੀਤਾ। ਇਸ ਮੁੱਦੇ 'ਤੇ ਕਈ ਵਾਰ ਸਦਨ ਦੀ ਕਾਰਵਾਈ ਮੁਲਤਵੀ ਹੋਣ ਤੋਂ ਬਾਅਦ, ਪਿਛਲੇ ਹਫਤੇ ਵਿਰੋਧੀ ਧਿਰ ਦੀ ਨਾਅਰੇਬਾਜ਼ੀ ਦਰਮਿਆਨ ਸਦਨ ਨੇ ਜ਼ਬਾਨੀ ਵੋਟ ਨਾਲ ਧੰਨਵਾਦ ਮਤਾ ਪਾਸ ਕਰ ਦਿੱਤਾ ਸੀ।

ਪੇਂਗੁਇਨ ਰੈਂਡਮ ਹਾਊਸ ਇੰਡੀਆ ਨੇ ਇੱਕ ਬਿਆਨ ਵਿੱਚ ਸਪੱਸ਼ਟ ਕੀਤਾ ਕਿ ਜਨਰਲ ਨਰਵਣੇ ਦੀ ਸਵੈ-ਜੀਵਨੀ 'ਫੋਰ ਸਟਾਰਜ਼ ਆਫ ਡੈਸਟੀਨੀ' (ਦੇ ਪ੍ਰਕਾਸ਼ਨ ਦੇ ਅਧਿਕਾਰ ਉਸ ਕੋਲ ਹਨ। ਪ੍ਰਕਾਸ਼ਕ ਨੇ ਕਿਹਾ ਕਿ ਕਿਤਾਬ ਅਜੇ ਪ੍ਰਕਾਸ਼ਨ ਵਿੱਚ ਨਹੀਂ ਗਈ ਹੈ ਅਤੇ ਇਸਦੀ ਕੋਈ ਵੀ ਕਾਪੀ, ਪ੍ਰਿੰਟ ਜਾਂ ਡਿਜੀਟਲ ਰੂਪ ਵਿੱਚ, ਪ੍ਰਕਾਸ਼ਿਤ, ਵੰਡੀ, ਵੇਚੀ ਜਾਂ ਜਨਤਾ ਲਈ ਉਪਲੱਬਧ ਨਹੀਂ ਕਰਵਾਈ ਗਈ ਹੈ।

ਇਸ ਤੋਂ ਪਹਿਲਾਂ ਦਿੱਲੀ ਪੁਲੀਸ ਨੇ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ ਅਤੇ ਨਿਊਜ਼ ਫੋਰਮਾਂ 'ਤੇ ਮਿਲੀ ਜਾਣਕਾਰੀ ਦਾ ਨੋਟਿਸ ਲਿਆ ਸੀ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ 'ਫੋਰ ਸਟਾਰਜ਼ ਆਫ ਡੈਸਟੀਨੀ' ਦੀ ਇੱਕ ਪ੍ਰੀ-ਪ੍ਰਿੰਟ ਕਾਪੀ ਪ੍ਰਸਾਰਿਤ ਕੀਤੀ ਜਾ ਰਹੀ ਹੈ। ਸਪੈਸ਼ਲ ਸੈੱਲ ਨੇ ÷ਅਜੇ ਤੱਕ ਮਨਜ਼ੂਰ ਨਾ ਹੋਏ ਪ੍ਰਕਾਸ਼ਨ ਦੇ ਕਥਿਤ ਉਲੰਘਣਾ ਦੇ ਮਾਮਲੇ ਵਿੱਚ ਕੇਸ ਦਰਜ ਕੀਤਾ ਹੈ।

# ਮੁੱਖ ਮੰਤਰੀ ਦੇ ਓ.ਐਸ.ਡੀ. ਸੁਖਵੀਰ ਸਿੰਘ ਵੱਲੋਂ ਧੂਰੀ ਸ਼ਹਿਰ ਦੇ 52 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦੀ ਸਮੀਖਿਆ

**ਸੰਗਰੂਰ/ਧੂਰੀ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਵਿਧਾਨ ਸਭਾ ਹਲਕੇ ਧੂਰੀ ਵਿੱਚ ਚੱਲ ਰਹੇ ਅਤੇ ਸ਼ੁਰੂ ਕੀਤੇ ਜਾਣ ਵਾਲੇ 52 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦਾ ਅੱਜ ਮੁੱਖ ਮੰਤਰੀ ਦੇ ਓ.ਐਸ.ਡੀ. ਸੁਖਵੀਰ ਸਿੰਘ ਵੱਲੋਂ ਇੱਕ ਉੱਚ ਪੱਧਰੀ ਮੀਟਿੰਗ ਦੌਰਾਨ ਜਾਇਜ਼ਾ ਲਿਆ ਗਿਆ। ਇਸ ਮੌਕੇ ਮੁੱਖ ਮੰਤਰੀ ਦੇ ਸੰਯੁਕਤ ਪ੍ਰਮੁੱਖ ਸਕੱਤਰ ਸੰਦੀਪ ਸਿੰਘ ਗਾੜ੍ਹਾ, ਵਧੀਕ ਡਿਪਟੀ ਕਮਿਸ਼ਨਰ ਅੰਕੁਰ ਮਹਿੰਦਰੂ ਅਤੇ ਐਸ.ਡੀ.ਐਮ. ਧੂਰੀ ਰਿਸ਼ਭ ਬਾਂਸਲ ਵੀ ਮੌਜੂਦ ਸਨ।

ਮੀਟਿੰਗ ਦੌਰਾਨ ਵਿਕਾਸ ਕਾਰਜਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਲਈ ਮਾਈਕਰੋ ਮੈਨੇਜਮੈਂਟ ਬਣਾਉਂਦਿਆਂ ਓ.ਐਸ.ਡੀ. ਸੁਖਵੀਰ ਸਿੰਘ ਨੇ ਕਿਹਾ ਕਿ ਧੂਰੀ ਸ਼ਹਿਰ ਵਿੱਚ ਚੱਲ ਰਹੇ ਅਤੇ ਸ਼ੁਰੂ ਕੀਤੇ ਜਾਣ ਵਾਲੇ ਕੰਮਾਂ ਸਬੰਧੀ ਹਰੇਕ ਹਫ਼ਤੇ ਸਮੀਖਿਆ ਮੀਟਿੰਗ ਕੀਤੀ ਜਾਵੇਗੀ ਤਾਂ ਜੋ ਸਬੰਧਤ ਵਿਭਾਗਾਂ ਦਾ ਆਪਸੀ ਤਾਲਮੇਲ ਰਹੇ ਅਤੇ ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਬੇਲੋੜੀ ਦੇਰੀ ਨਾ ਹੋਵੇ। ਉਨ੍ਹਾਂ ਕਿਹਾ ਕਿ ਐਨ.ਓ.ਸੀਜ਼ ਜਾਂ ਫੇਰ ਹੋਰ ਵਿਭਾਗਾਂ ਦੀਆਂ ਪ੍ਰਵਾਨਗੀਆਂ ਕਰਕੇ ਕੋਈ ਵੀ ਵਿਕਾਸ ਕੰਮ ਰੁਕਣਾ ਨਹੀਂ ਚਾਹੀਦਾ ਜੇਕਰ ਕਿਸੇ ਵੀ ਕੰਮ ਵਿੱਚ ਰੁਕਾਵਟ ਆਉਂਦੀ ਹੈ ਤਾਂ ਇਸ ਸਬੰਧੀ ਤੁਰੰਤ ਉੱਚ ਅਧਿਕਾਰੀਆਂ ਨੂੰ ਜਾਣੂ ਕਰਵਾਇਆ ਜਾਵੇ।

ਧੂਰੀ ਸ਼ਹਿਰ ਵਿੱਚ ਚੱਲ ਰਹੇ ਹਰੇਕ ਕੰਮ ਦੀ ਬਾਰੀਕੀ ਨਾਲ ਸਮੀਖਿਆ ਕਰਦਿਆਂ ਓ.ਐਸ.ਡੀ. ਸੁਖਵੀਰ ਸਿੰਘ ਨੇ ਕਿਹਾ ਕਿ ਕੰਮ ਸਮਾਂਬੱਧ ਕਰਨ ਦੇ ਨਾਲ ਨਾਲ ਕੰਮ ਦੀ ਗੁਣਵੱਤਾ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ ਅਤੇ ਅਧਿਕਾਰੀ ਚੱਲ ਰਹੇ ਕੰਮਾਂ ਦੀ ਨਿਯਮਤ ਤੌਰ 'ਤੇ ਚੈਕਿੰਗ ਕਰਨਾ ਵੀ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਧੂਰੀ ਸ਼ਹਿਰ ਦੀਆਂ ਸਾਰੀਆਂ ਵਾਰਡ ਵਿੱਚ ਪੀਣ ਵਾਲਾ ਸਾਫ਼ ਪਾਣੀ ਉਪਲਬਧ ਕਰਵਾਉਣ ਸਮੇਤ ਸੀਵਰੇਜ ਦੀ ਸਮੱਸਿਆ ਦੇ ਸਥਾਈ ਹੱਲ ਲਈ ਐਸ.ਟੀ.ਪੀ. ਅਤੇ ਡਬਲਿਊ.ਟੀ.ਪੀ. ਦੇ ਕੰਮ ਨੂੰ ਜਲਦ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇ।

ਸੁਖਵੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਧੂਰੀ ਹਲਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਰੋਜ਼ਾਨਾ ਰਿਪੋਰਟ ਲੈ ਰਹੇ ਹਨ, ਇਸ ਲਈ ਕੰਮ ਵਿੱਚ ਬੇਲੋੜੀ ਦੇਰੀ ਅਤੇ ਕੰਮ ਵਿੱਚ ਅਣਗਹਿਲੀ ਵਰਤਣ ਦੀ ਜ਼ਿੰਮੇਵਾਰੀ ਸਬੰਧਤ ਅਧਿਕਾਰੀ ਦੀ ਹੋਵੇਗੀ। ਇਸ ਮੌਕੇ ਉਨ੍ਹਾਂ ਧੂਰੀ ਦੇ ਹਰੇਕ ਵਾਰਡ ਵਿੱਚ ਚੱਲ ਰਹੇ ਅਤੇ ਹੋਣ ਵਾਲੇ ਵਿਕਾਸ ਕਾਰਜਾਂ ਸਬੰਧੀ ਫੀਡ ਬੈਕ ਲੈਂਦਿਆਂ ਕਿਹਾ ਕਿ ਧੂਰੀ ਵਾਸੀਆਂ ਨੂੰ ਸਹੂਲਤਾਂ ਦੇਣ ਲਈ ਜੋ ਵੀ ਪ੍ਰੋਜੈਕਟ ਲੋੜੀਂਦੇ ਹਨ, ਉਨ੍ਹਾਂ ਪ੍ਰੋਜੈਕਟਾਂ ਨੂੰ ਤੁਰੰਤ ਅਮਲੀ ਰੂਪ ਪ੍ਰਦਾਨ ਕੀਤਾ ਜਾਵੇ।

# ਏਸ਼ੀਅਨ ਜੂਨੀਅਰ ਸਾਫਟ ਟੈਨਿਸ ਚੈਂਪੀਅਨਸ਼ਿਪ 'ਚ ਪੰਜਾਬੀਆਂ ਦੀ ਝੰਡੀ



**ਲੁਧਿਆਣਾ, 13 ਫਰਵਰੀ**
**ਕੁਲਦੀਪ ਦੁੱਗਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਾਫਟ ਟੈਨਿਸ ਐਸੋਸੀਏਸ਼ਨ ਦੇ ਜਨਰਲ ਸਕੱਤਰ ਨਰਿੰਦਰ ਸਿੰਘ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਦੂਜੀ ਏਸ਼ੀਅਨ ਜੂਨੀਅਰ ਸਾਫਟ ਟੈਨਿਸ ਚੈਂਪੀਅਨਸ਼ਿਪ, ਏਸ਼ੀਅਨ ਸਾਫਟ ਟੈਨਿਸ ਫੈਡਰੇਸ਼ਨ ਅਤੇ ਐਮੇਚਿਓਰ ਸਾਫਟ ਟੈਨਿਸ ਫੈਡਰੇਸ਼ਨ ਦੀ ਨਿਗਰਾਨੀ ਹੇਠ ਹਾਰਵੈਸਟ ਟੈਨਿਸ ਅਕੈਡਮੀ, ਜੱਸੋਵਾਲ ਵਿਖੇ ਆਯੋਜਿਤ ਕੀਤੀ ਗਈ ਜਿੱਥੇ ਪੰਜਾਬੀ ਨੌਜਵਾਨਾਂ ਦੀ ਝੰਡੀ ਰਹੀ ਹੈ।

ਚਾਰ ਦਿਨਾਂ ਚੈਂਪੀਅਨਸ਼ਿਪ ਵਿੱਚ, ਭਾਰਤ ਦੀ ਨੁਮਾਇੰਦਗੀ ਕਰਨ ਵਾਲੇ ਪੰਜਾਬ ਦੇ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਇਤਿਹਾਸ ਰਚਿਆ।

ਪੰਜਾਬ ਲਈ ਇਹ ਵੱਡੇ ਮਾਣ ਵਾਲੀ ਗੱਲ ਕਿ ਜਿੱਥੇ ਜੈਵੰਤ ਸਿੰਘ ਗਰੇਵਾਲ ਨੇ ਟੀਮ ਈਵੈਂਟ ਵਿੱਚ ਸੋਨ ਤਗਮਾ, ਸਿੰਗਲਜ਼ ਵਿੱਚ ਚਾਂਦੀ ਅਤੇ ਡਬਲਜ਼ ਵਿੱਚ ਕਾਂਸੀ ਦਾ ਤਗਮਾ ਜਿੱਤਿਆ ਉੱਥੇ ਅਰਮਾਨ ਸਿੰਘ ਅਤੇ ਸਹਿਜਪ੍ਰੀਤ ਸਿੰਘ ਬਾਜਵਾ ਨੇ ਟੀਮ ਈਵੈਂਟ ਵਿੱਚ ਸੋਨ ਤਗਮਾ ਅਤੇ ਡਬਲਜ਼ ਵਰਗ ਵਿੱਚ ਕਾਂਸੀ ਦਾ ਤਗਮਾ ਵੀ ਜਿੱਤਿਆ।

ਮੇਜ਼ਬਾਨ ਦੇਸ਼ ਭਾਰਤ ਦੇ ਨਾਲ-ਨਾਲ ਚੀਨ, ਚੀਨੀ ਤਾਈਪੇ, ਜਾਪਾਨ, ਕੋਰੀਆ, ਕੰਬੋਡੀਆ, ਨੇਪਾਲ, ਭੂਟਾਨ, ਲਾਓਸ, ਤਿਮੋਰ, ਸ਼੍ਰੀਲੰਕਾ, ਥਾਈਲੈਂਡ ਦੀਆਂ ਟੀਮਾਂ ਨੇ ਚੈਂਪੀਅਨਸ਼ਿਪ ਵਿੱਚ ਹਿੱਸਾ ਲਿਆ ਅਤੇ ਤਗਮੇ ਹਾਸਲ ਕਰਦੇ ਹੋਏ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਇਸ ਇਤਿਹਾਸਕ ਪ੍ਰਾਪਤੀ 'ਤੇ ਪੰਜਾਬ ਦੇ ਖਿਡਾਰੀਆਂ ਨੂੰ ਵਧਾਈ ਦਿੰਦੇ ਹੋਏ ਮੁੱਖ ਸਕੱਤਰ ਨਰਿੰਦਰ ਸਿੰਘ, ਵਿਕਰਮਜੀਤ ਸਿੰਘ, ਪ੍ਰਧਾਨ ਅਨੁਮੀਤ ਸਿੰਘ ਹੀਰਾ ਸੋਢੀ ਅਤੇ ਡਾ. ਪ੍ਰਦੀਪ ਕੁਮਾਰ ਸਿੰਘ ਨੇ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ।

# ਲਾਅ ਕਾਲਜ ਮਾਮਲਾ: ਵਿਦਿਆਰਥਣ ਸੰਦੀਪ ਕੌਰ ਦੇ ਕਾਤਲ ਪ੍ਰਿੰਸ ਰਾਜ ਦੀ ਵੀ ਹਸਪਤਾਲ 'ਚ ਮੌਤ

**ਚੰਡੀਗੜ੍ਹ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਤਰਨਤਾਰਨ ਦੇ ਕਾਲਜ ਵਿੱਚ ਸਹਿਪਾਠੀ ਵਿਦਿਆਰਥਣ ਸੰਦੀਪ ਦਾ ਗੋਲੀ ਮਾਰ ਕੇ ਕਤਲ ਕਰਨ ਵਾਲੇ ਅਤੇ ਫਿਰ ਖੁਦ ਨੂੰ ਗੋਲੀ ਮਾਰਨ ਵਾਲੇ ਲਾਅ ਦੇ ਵਿਦਿਆਰਥੀ ਪ੍ਰਿੰਸ ਰਾਜ ਦੀ ਵੀ ਮੌਤ ਹੋ ਗਈ ਹੈ। ਪੁਲੀਸ ਨੇ ਦੱਸਿਆ ਕਿ ਗੋਲੀ ਲੱਗਣ ਕਾਰਨ ਜ਼ਖਮੀ ਹੋਏ ਨੌਜਵਾਨ ਨੇ ਹਸਪਤਾਲ ਵਿੱਚ ਦਮ ਤੋੜ ਦਿੱਤਾ ਹੈ। ਡੀਐਸਪੀ ਜਗਦੀਪ ਸਿੰਘ ਨੇ ਦੱਸਿਆ ਕਿ 20 ਸਾਲਾ ਪ੍ਰਿੰਸ ਰਾਜ ਦੀ ਬੁੱਧਵਾਰ ਦੇਰ ਰਾਤ ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ਵਿੱਚ ਮੌਤ ਹੋ ਗਈ। 9 ਫਰਵਰੀ ਨੂੰ ਪ੍ਰਿੰਸ ਨੇ 19 ਸਾਲਾ ਸੰਦੀਪ ਕੌਰ ਦਾ ਗੋਲੀ ਮਾਰ ਕੇ ਕਤਲ ਕਰਨ ਤੋਂ ਬਾਅਦ ਖੁਦ ਨੂੰ ਵੀ ਗੋਲੀ ਮਾਰ ਲਈ ਸੀ। ਸੰਦੀਪ ਕੌਰ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ। ਪ੍ਰਿੰਸ ਅਤੇ ਸੰਦੀਪ ਦੋਵੇਂ ਤਰਨਤਾਰਨ ਦੇ ਪਿੰਡ ਉਸਮਾ ਸਥਿਤ ਮਾਈ ਭਾਗੋ ਲਾਅ ਕਾਲਜ ਵਿੱਚ ਪਹਿਲੇ ਸਾਲ ਦੇ ਵਿਦਿਆਰਥੀ ਅਤੇ ਜਮਾਤੀ ਸਨ।

ਇਹ ਸਾਰੀ ਘਟਨਾ ਕਲਾਸਰੂਮ ਵਿੱਚ ਲੱਗੇ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ ਸੀ। ਫੁਟੇਜ ਵਿੱਚ ਦਿਖਾਇਆ ਗਿਆ ਸੀ ਕਿ ਪ੍ਰਿੰਸ, ਸੰਦੀਪ ਅਤੇ ਇੱਕ ਹੋਰ ਵਿਦਿਆਰਥਣ ਇਕੱਠੇ ਬੈਠੇ ਸਨ ਅਤੇ ਆਲੇ-ਦੁਆਲੇ ਕੁਝ ਹੋਰ ਵਿਦਿਆਰਥੀ ਵੀ ਸਨ। ਫੁਟੇਜ ਅਨੁਸਾਰ, ਪ੍ਰਿੰਸ ਉੱਠਿਆ, ਆਪਣੇ ਬੈਗ ਵਿੱਚੋਂ ਪਿਸਤੌਲ ਕੱਢਿਆ ਅਤੇ ਸੰਦੀਪ ਨੂੰ ਗੋਲੀ ਮਾਰ ਦਿੱਤੀ। ਇਸ ਤੋਂ ਤੁਰੰਤ ਬਾਅਦ ਉਸ ਨੇ ਆਪਣੇ ਸਿਰ ਵਿੱਚ ਗੋਲੀ ਮਾਰ ਲਈ ਅਤੇ ਫਰਸ਼ 'ਤੇ ਡਿੱਗ ਪਿਆ। ਸੰਦੀਪ ਦੇ ਨਾਲ ਬੈਠੀ ਵਿਦਿਆਰਥਣ ਨੇ ਸਦਮੇ ਵਿੱਚ ਉੱਠ ਕੇ ਉਸ ਨੂੰ ਦੇਖਿਆ, ਪਰ ਉਹ ਹਿਲ-ਜੁੱਲ ਨਹੀਂ ਰਹੀ ਸੀ।

ਗੋਲੀ ਚੱਲਣ ਦੀ ਆਵਾਜ਼ ਸੁਣ ਕੇ ਕੁਝ ਵਿਦਿਆਰਥੀ ਕਲਾਸਰੂਮ ਦੇ ਅੰਦਰ ਆਏ, ਪਰ ਸੰਦੀਪ ਦੀ ਲਾਸ਼ ਦੇਖ ਕੇ ਉੱਥੋਂ ਭੱਜ ਗਏ। ਲੜਕੀ ਦੇ ਪਰਿਵਾਰ ਨੇ ਦਾਅਵਾ ਕੀਤਾ ਕਿ ਪ੍ਰਿੰਸ ਪਿਛਲੇ ਕੁਝ ਸਮੇਂ ਤੋਂ ਉਸ ਨੂੰ ਪਰੇਸ਼ਾਨ ਕਰ ਰਿਹਾ ਸੀ ਅਤੇ ਇੱਕ ਵਾਰ ਉਸ ਦਾ ਪਿੱਛਾ ਕਰਦੇ ਹੋਏ ਘਰ ਤੱਕ ਵੀ ਆ ਗਿਆ ਸੀ। ਪਰਿਵਾਰਕ ਮੈਂਬਰ ਅਨੁਸਾਰ ਸੰਦੀਪ ਦਾ ਮੰਗਣੀ ਹੋ ਚੁੱਕੀ ਸੀ। ਪੁਲੀਸ ਨੇ ਪਹਿਲਾਂ ਦੱਸਿਆ ਸੀ ਕਿ ਪ੍ਰਿੰਸ ਵੱਲੋਂ ਵਰਤਿਆ ਗਿਆ ਹਥਿਆਰ ਗੈਰ-ਕਾਨੂੰਨੀ ਜਾਪਦਾ ਹੈ।

ਪ੍ਰਿੰਸ ਪਿੰਡ ਮੱਲੀਆਂ ਦਾ ਰਹਿਣ ਵਾਲਾ ਸੀ, ਜਦੋਂ ਕਿ ਸੰਦੀਪ ਪਿੰਡ ਨੌਸ਼ਹਿਰਾ ਪੰਨੂਆਂ ਦੀ ਰਹਿਣ ਵਾਲੀ ਸੀ। ਪੁਲੀਸ ਨੇ ਭਾਰਤੀ ਨਿਆ ਸੰਹਿਤਾ ਦੀ ਧਾਰਾ 103 (ਕਤਲ ਲਈ ਸਜ਼ਾ) ਅਤੇ ਅਸਲਾ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਸੀ ਤੇ ਹੁਣ ਅੱਗੇ ਦੀ ਕਾਰਵਾਈ ਜਾਰੀ ਹੈ।

# ਨਿਸ਼ੀਕਾਂਤ ਦੂਬੇ ਨੇ ਲੋਕ ਸਭਾ 'ਚ ਰਾਹੁਲ ਗਾਂਧੀ ਵਿਰੁੱਧ ਦਿੱਤਾ 'ਮੌਲਿਕ ਮਤਾ' ਪੇਸ਼ ਕਰਨ ਦਾ ਨੋਟਿਸ

**ਨਵੀਂ ਦਿੱਲੀ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਸੰਸਦ ਮੈਂਬਰ ਨਿਸ਼ੀਕਾਂਤ ਦੂਬੇ ਨੇ ਕਿਹਾ ਕਿ ਉਨ੍ਹਾਂ ਨੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਦੇ ਖਿਲਾਫ 'ਸਬਸਟੈਂਟਿਵ ਮੋਸ਼ਨ' (ਮੌਲਿਕ ਮਤਾ) ਸ਼ੁਰੂ ਕਰਨ ਲਈ ਨੋਟਿਸ ਦਿੱਤਾ ਹੈ। ਸੰਸਦ ਭਵਨ ਕੰਪਲੈਕਸ ਵਿੱਚ ਗੱਲਬਾਤ ਕਰਦਿਆਂ ਦੂਬੇ ਨੇ ਦੱਸਿਆ ਕਿ ਕਿਵੇਂ ਗਾਂਧੀ ਸੋਰੋਸ ਫਾਊਂਡੇਸ਼ਨ, USAID, ਫੋਰਡ ਫਾਊਂਡੇਸ਼ਨ ਨਾਲ ਹੱਥ ਮਿਲਾ ਕੇ ਵਿਦੇਸ਼ਾਂ ਦਾ ਦੌਰਾ ਕਰਦੇ ਹਨ ਅਤੇ ਭਾਰਤ ਵਿਰੋਧੀ ਤੱਤਾਂ ਨਾਲ ਮਿਲੀਭੁਗਤ ਕਰਦੇ ਹਨ।



ਇੱਕ ਸਬਸਟੈਂਟਿਵ ਮੋਸ਼ਨ (ਮੌਲਿਕ ਮਤਾ) ਇੱਕ ਸੁਤੰਤਰ, ਸਵੈ-ਨਿਰਭਰ ਪ੍ਰਸਤਾਵ ਹੁੰਦਾ ਹੈ ਜੋ ਕਿਸੇ ਵਿਧਾਨ ਸਭਾ ਜਾਂ ਅਸੈਂਬਲੀ ਦੀ ਪ੍ਰਵਾਨਗੀ ਲਈ ਪੇਸ਼ ਕੀਤਾ ਜਾਂਦਾ ਹੈ, ਜਿਸ ਨੂੰ ਕੋਈ ਫੈਸਲਾ ਜਾਂ ਰਾਏ ਪ੍ਰਗਟ ਕਰਨ ਲਈ ਤਿਆਰ ਕੀਤਾ ਜਾਂਦਾ ਹੈ।

ਦੂਬੇ ਨੇ ਦੋਸ਼ ਲਾਇਆ, ਕੋਈ ਵਿਸ਼ੇਸ਼ ਅਧਿਕਾਰ ਮਤਾ (privilege motion) ਨੋਟਿਸ ਨਹੀਂ। ਮੈਂ ਇੱਕ ਸਬਸਟੈਂਟਿਵ ਮੋਸ਼ਨ ਨੋਟਿਸ ਦਿੱਤਾ ਹੈ ਜਿਸ ਵਿੱਚ ਮੈਂ ਜ਼ਿਕਰ ਕੀਤਾ ਹੈ ਕਿ ਉਹ ਕਿਵੇਂ ਸੋਰੋਸ ਫਾਊਂਡੇਸ਼ਨ, ਫੋਰਡ ਫਾਊਂਡੇਸ਼ਨ ਅਤੇ USAID ਨਾਲ ਥਾਈਲੈਂਡ, ਵੀਅਤਨਾਮ, ਕੰਬੋਡੀਆ ਜਾਂਦੇ ਹਨ ਅਤੇ ਭਾਰਤ ਵਿਰੋਧੀ ਤਾਕਤਾਂ ਨਾਲ ਮਿਲੀਭੁਗਤ ਕਰਦੇ ਹਨ।

# ਆਈਸੀਆਈਸੀਆਈ ਪ੍ਰੂ ਸਮਾਰਟਕਿਡ 360 ਦੇ ਨਾਲ ਤੁਹਾਡੇ ਬੱਚੇ ਦਾ ਭਵਿੱਖ ਸੁਰੱਖਿਅਤ ਕਰੋ

**ਲੁਧਿਆਣਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਈਸੀਸੀਆਈ ਪ੍ਰੂਡੈਂਸ਼ੀਅਲ ਲਾਈਫ ਇੰਸ਼ਿਓਰੇਂਸ ਇੱਕ ਨਵੀਂ ਲੰਬੀ-ਅਵਧੀ ਬੱਚਤ ਯੋਜਨਾ, ਆਈਸੀਆਈਸੀਆਈ ਪ੍ਰੂ ਸਮਾਰਟਕਿਡ 360 ਲਾਂਚ ਕੀਤੀ ਹੈ। ਇਹ ਯੋਜਨਾ ਮਾਪਿਆਂ ਨੂੰ ਆਪਣੇ ਬੱਚੇ ਦੀਆਂ ਭਵਿੱਖ ਦੀਆਂ ਵਿੱਤੀ ਜ਼ਰੂਰਤਾਂ ਲਈ ਯੋਜਨਾ ਬਣਾਉਣ ਵਿੱਚ ਮਦਦ ਕਰੇਗੀ ਅਤੇ ਇਸ ਵਿੱਚ ਗਾਰੰਟੀਸ਼ੁਦਾ ਲਾਭ ਸ਼ਾਮਲ ਹਨ। ਲਾਂਚ 'ਤੇ ਟਿੱਪਣੀ ਕਰਦੇ ਹੋਏ, ਆਈਸੀਸੀਆਈ ਪ੍ਰੂਡੈਂਸ਼ੀਅਲ ਲਾਈਫ ਇੰਸ਼ਿਓਰੇਂਸ ਦੇ ਮੁੱਖ ਉਤਪਾਦ ਅਧਿਕਾਰੀ, ਵਿਕਾਸ ਗੁਪਤਾ ਨੇ ਕਿਹਾ, ÷ ਆਈਸੀਆਈਸੀਆਈ ਪ੍ਰੂ ਸਮਾਰਟਕਿਡ 360 ਮਾਪਿਆਂ ਨੂੰ ਆਪਣੇ ਬੱਚੇ ਦੇ ਭਵਿੱਖ ਨੂੰ ਵਿੱਤੀ ਤੌਰ 'ਤੇ ਸੁਰੱਖਿਅਤ ਕਰਨ ਵਿੱਚ ਮਦਦ ਕਰਨ ਲਈ ਤਿਆਰ ਕੀਤਾ ਗਿਆ ਹੈ। ਪੈਸੇ ਵਾਪਸ ਕਰਨ ਦੇ ਲਾਭ ਤੋਂ ਇਲਾਵਾ, ਪਾਲਿਸੀ ਦੀ ਮਿਆਦ ਦੇ ਅੰਤ 'ਤੇ ਇੱਕਮੁਸ਼ਤ ਗਾਰੰਟੀਸ਼ੁਦਾ ਪਰਿਪੱਕਤਾ ਰਕਮ ਵੀ ਉਪਲਬਧ ਹੈ, ਜੋ ਕਿ ਬੱਚੇ ਦੇ ਬਾਲਗ ਜੀਵਨ ਦੀ ਸ਼ੁਰੂਆਤ ਕਰਨ 'ਤੇ ਸਹਾਇਤਾ ਹੋ ਸਕਦੀ ਹੈ।

ਆਈਸੀਆਈਸੀਆਈ ਪ੍ਰੂ ਸਮਾਰਟਕਿਡ 360 ਸਕੂਲਿੰਗ, ਉੱਚ ਸਿੱਖਿਆ, ਜਾਂ ਜਵਾਨੀ ਦੀਆਂ ਜ਼ਰੂਰਤਾਂ ਵਰਗੇ ਪਹਿਲਾਂ ਤੋਂ ਨਿਰਧਾਰਤ ਮੀਲ ਪੱਥਰਾਂ 'ਤੇ ਪੈਸੇ ਵਾਪਸ ਕਰਨ ਜਾਂ ਪਹਿਲਾਂ ਤੋਂ ਨਿਰਧਾਰਤ ਭੁਗਤਾਨ ਦੀ ਪੇਸ਼ਕਸ਼ ਕਰਦਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਗਾਹਕ ਇੱਕ ਨਿਸ਼ਚਿਤ ਜਾਂ ਸਾਲਾਨਾ ਵਧਦੀ ਅਦਾਇਗੀ ਰਕਮ ਚੁਣ ਸਕਦੇ ਹਨ। ਉਨ੍ਹਾਂ ਅੱਗੇ ਕਿਹਾ, ÷ਇਸ ਉਤਪਾਦ ਦੀ ਇੱਕ ਮਹੱਤਵਪੂਰਨ ਵਿਸ਼ੇਸ਼ਤਾ ਬਿਲਟ-ਇਨ ਪ੍ਰੀਮੀਅਮ ਛੋਟ ਅਤੇ ਲਾਭਾਂ ਦੀ ਨਿਰੰਤਰਤਾ ਹੈ। ਬੀਮਾਯੁਕਤ ਵਿਅਕਤੀ ਦੀ ਮੌਤ ਦੀ ਬਦਕਿਸਮਤੀ ਦੀ ਸਥਿਤੀ ਵਿੱਚ, ਸਾਰੇ ਭਵਿੱਖੀ ਪ੍ਰੀਮੀਅਮ ਮੁਆਫ਼ ਕਰ ਦਿੱਤੇ ਜਾਂਦੇ ਹਨ, ਜੀਵਨ ਕਵਰ ਦੀ ਰਕਮ ਨਾਮਜ਼ਦ ਵਿਅਕਤੀ ਨੂੰ ਅਦਾ ਕੀਤੀ ਜਾਂਦੀ ਹੈ, ਅਤੇ ਹੋਰ ਚੁਣੇ ਹੋਏ ਲਾਭ ਜਾਰੀ ਰਹਿੰਦੇ ਹਨ, ਇਹ ਯਕੀਨੀ ਬਣਾਉਂਦੇ ਹੋਏ ਕਿ ਬੱਚੇ ਦੇ ਟੀਚਿਆਂ 'ਤੇ ਕੋਈ ਅਸਰ ਨਾ ਪਵੇ।

ਉਨ੍ਹਾਂ ਅੱਗੇ ਕਿਹਾ, ਮੁੱਖ ਲਾਭਾਂ ਦੇ ਨਾਲ, ਆਈਸੀਆਈਸੀਆਈ ਪ੍ਰੂ ਸਮਾਰਟਕਿਡ 360 ਪਰਿਵਾਰਕ ਆਮਦਨ ਲਾਭ ਵਰਗੀਆਂ ਵਿਕਲਪਿਕ ਵਿਸ਼ੇਸ਼ਤਾਵਾਂ ਵੀ ਪੇਸ਼ ਕਰਦਾ ਹੈ, ਜੋ ਬੀਮਾਯੁਕਤ ਵਿਅਕਤੀ ਦੀ ਬੇਵਕਤੀ ਮੌਤ ਦੀ ਸਥਿਤੀ ਵਿੱਚ ਪਰਿਵਾਰ ਨੂੰ ਨਿਯਮਤ ਆਮਦਨ ਸਹਾਇਤਾ ਪ੍ਰਦਾਨ ਕਰਦਾ ਹੈ।

# ਪੰਜਾਬ 'ਚ ਬੱਸਾਂ ਦਾ ਮੁਕੰਮਲ ਚੱਕਾ ਜਾਮ ਦੂਜੇ ਦਿਨ ਵੀ ਜਾਰੀ; ਮੁਸਾਫ਼ਰ ਹੋਏ ਖੱਜਲ-ਖ਼ੁਆਰ

## ਸਰਕਾਰ ਨਾਲ ਮੀਟਿੰਗ ਰਹੀ ਬੇਸਿੱਟਾ; ਮੁੱਖ ਮੰਤਰੀ ਦੀ ਰਿਹਾਇਸ਼ ਘੇਰਨ ਦੀ ਤਿਆਰੀ

**ਪਟਿਆਲਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ-ਅਮਰੀਕਾ ਵਪਾਰ ਸਮਝੌਤੇ ਵਿਰੁੱਧ ਦਿੱਤੇ ਗਏ 'ਭਾਰਤ ਬੰਦ' ਦੇ ਸੱਦੇ ਦਰਮਿਆਨ ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ. (PRTC) ç ਕੱਚੇ ਮੁਲਾਜ਼ਮਾਂ ਦੀ ਹੜਤਾਲ ਅੱਜ ਵੀਰਵਾਰ ਨੂੰ ਦੂਜੇ ਦਿਨ ਵੀ ਜਾਰੀ ਰਹੀ। ਪੰਜਾਬ ਭਰ ਦੇ 27 ਡਿਪੂਆਂ ਦੇ ਲਗਭਗ 8,000 ਮੁਲਾਜ਼ਮਾਂ ਨੇ ਬੱਸਾਂ ਦਾ ਚੱਕਾ ਪੂਰੀ ਤਰ੍ਹਾਂ ਜਾਮ ਕਰ ਦਿੱਤਾ ਹੈ, ਜਿਸ ਕਾਰਨ ਆਮ ਜਨਤਾ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਬੁੱਧਵਾਰ ਨੂੰ ਟਰਾਂਸਪੋਰਟ ਸਕੱਤਰ ਨਾਲ ਹੋਈ ਲੰਬੀ ਮੀਟਿੰਗ ਬੇਸਿੱਟਾ ਰਹਿਣ ਤੋਂ ਬਾਅਦ ਯੂਨੀਅਨ ਨੇ ਹੜਤਾਲ ਜਾਰੀ ਰੱਖਣ ਦਾ ਫੈਸਲਾ



ਕੀਤਾ। ਬੱਸ ਅੱਡਿਆਂ 'ਤੇ ਸਵਾਰੀਆਂ ਦੀਆਂ ਲੰਬੀਆਂ ਲਾਈਨਾਂ ਦੇਖਣ ਨੂੰ ਮਿਲ ਰਹੀਆਂ ਹਨ ਅਤੇ ਲੋਕ ਮਜਬੂਰਨ ਪ੍ਰਾਈਵੇਟ ਬੱਸਾਂ ਜਾਂ ਹੋਰ ਸਾਧਨਾਂ ਦੀ ਵਰਤੋਂ ਕਰ ਰਹੇ ਹਨ।

ਯੂਨੀਅਨ ਆਗੂ ਹਰਕੇਸ਼ ਵਿੱਕੀ ਨੇ ਦੱਸਿਆ ਕਿ ਉਨ੍ਹਾਂ ਦੀ ਮੁੱਖ ਮੰਗ ਪਿਛਲੇ ਅੰਦੋਲਨਾਂ ਦੌਰਾਨ ਜੇਲ੍ਹ ਭੇਜੇ ਗਏ ਸਾਥੀਆਂ ਦੀ ਤੁਰੰਤ ਰਿਹਾਈ ਅਤੇ ਕਿਲੋਮੀਟਰ ਸਕੀਮ ਤਹਿਤ ਹੋ ਰਹੇ ਨਿੱਜੀਕਰਨ ਨੂੰ ਰੋਕਣਾ ਹੈ।

ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਵਾਅਦੇ ਕਰਕੇ ਮੁਕਰ ਰਹੀ ਹੈ ਅਤੇ ਮੁਲਾਜ਼ਮਾਂ 'ਤੇ ਇਰਾਦਾ ਕਤਲ ਵਰਗੀਆਂ ਸੰਗੀਨ ਧਾਰਾਵਾਂ ਤਹਿਤ ਪਰਚੇ ਦਰਜ ਕੀਤੇ ਗਏ ਹਨ।

ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਵੀ ਇਸ ਹੜਤਾਲ ਨੂੰ ਆਪਣਾ ਸਮਰਥਨ ਦਿੰਦਿਆਂ ਕਿਹਾ ਕਿ ਇਹ ਲੜਾਈ ਸਰਕਾਰੀ ਅਦਾਰਿਆਂ ਨੂੰ ਬਚਾਉਣ ਲਈ ਹੈ। ਸਥਿਤੀ ਨੂੰ ਕਾਬੂ ਹੇਠ ਰੱਖਣ ਲਈ ਸੂਬੇ ਭਰ ਵਿੱਚ ਪੁਲੀਸ ਤੈਨਾਤ ਕੀਤੀ ਗਈ ਹੈ, ਜਦ▲ਕਿ ਯੂਨੀਅਨ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਮੰਗਾਂ ਨਾ ਮੰਨੀਆਂ ਗਈਆਂ ਤਾਂ ਉਹ ਮੁੱਖ ਮੰਤਰੀ ਭਗਵੰਤ ਮਾਨ ਦੀ ਸੰਗਰੂਰ ਸਥਿਤ ਰਿਹਾਇਸ਼ ਦਾ ਘਿਰਾਓ ਕਰਨਗੇ।

# ਚੰਗੇ ਕੰਮ ਲਈ ਇਨਾਮ ਅਤੇ ਕੁਤਾਹੀ ਲਈ ਹੋਵੇਗੀ ਜਵਾਬਦੇਹੀ- ਮੁੱਖ ਮੰਤਰੀ ਮਾਨ

**ਚੰਡੀਗੜ੍ਹ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਮੁੱਚੀ ਸੀਨੀਅਰ ਪੁਲੀਸ ਲੀਡਰਸ਼ਿਪ ਨੂੰ ਇਨਫੋਰਸਮੈਂਟ (ਲਾਗੂਕਰਨ) ਨੂੰ ਤੇਜ਼ ਕਰਨ ਅਤੇ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ ਕਿ ਪੂਰੇ ਸੂਬੇ ਵਿੱਚ ਕਾਨੂੰਨ ਦਾ ਸ਼ਾਸਨ ਕਾਇਮ ਰਹੇ। ਮੁੱਖ ਮੰਤਰੀ ਭਗਵੰਤ ਮਾਨ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਪੁਲੀਸ ਕਮਿਸ਼ਨਰਾਂ, ਇੰਸਪੈਕਟਰ ਜਨਰਲਾਂ (97), ਡਿਪਟੀ ਇੰਸਪੈਕਟਰ ਜਨਰਲਾਂ (497) ਅਤੇ ਸੀਨੀਅਰ ਸੁਪਰਡੈਂਟਾਂ (SP) ਨਾਲ ਇੱਕ ਉੱਚ ਪੱਧਰੀ ਸਮੀਖਿਆ ਮੀਟਿੰਗ ਕੀਤੀ। ਮੁੱਖ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ 'ਨਸ਼ਿਆਂ ਵਿਰੁੱਧ ਯੁੱਧ' ਅਤੇ 'ਗੈਂਗਸਟਰਾਂ 'ਤੇ ਵਾਰ' ਪੰਜਾਬ ਸਰਕਾਰ ਦੀਆਂ ਸਭ ਤੋਂ ਪ੍ਰਮੁੱਖ ਤਰਜੀਹਾਂ ਹਨ ਅਤੇ ਇਨ੍ਹਾਂ ਦਾ ਅੰਤ ਨਸ਼ਿਆਂ ਦੀ ਲਾਹਨਤ ਅਤੇ ਗੈਂਗਸਟਰ ਨੈੱਟਵਰਕਾਂ ਦੇ ਜੜ੍ਹੋਂ ਮੁਕੰਮਲ ਸਫਾਏ ਨਾਲ ਹੋਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਆਮ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜਿੱਥੇ ਸਖ਼ਤ ਕਾਰਵਾਈ ਜਾਰੀ ਰਹੇਗੀ, ਉੱਥੇ ਹੀ ਪੰਜਾਬ ਦੀ ਜਵਾਨੀ ਦੀ ਲੰਬੇ ਸਮੇਂ ਦੀ ਸੁਰੱਖਿਆ, ਰੁਜ਼ਗਾਰ ਦੇ ਮੌਕੇ ਵਧਾਉਣ, ਸਿੱਖਿਆ ਨੂੰ ਮਜ਼ਬੂਤ ? ?ਕਰਨ ਅਤੇ ਕੈਰੀਅਰ ਕਾਉਂਸਲਿੰਗ ਨੂੰ ਵਧੀਆ ਬਣਾਉਣ 'ਤੇ ਵੀ ਨਿਰਭਰ ਕਰਦੀ ਹੈ। ਇਸ ਨਾਲ ਨੌਜਵਾਨਾਂ ਨੂੰ ਨਸ਼ਿਆਂ ਅਤੇ ਅਪਰਾਧ ਦੀ ਦਲਦਲ ਵਿੱਚ ਫਸਣ ਤੋਂ ਬਚਾਇਆ ਜਾ ਸਕਦਾ ਹੈ।

ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਮਾਨ ਨੇ ਕਿਹਾ, ਪੰਜਾਬ ਪੁਲੀਸ ਦਾ ਅਜਿਹੀਆਂ ਚੁਣੌਤੀਆਂ ਦਾ ਟਾਕਰਾ ਕਰਨ ਦਾ ਸ਼ਾਨਦਾਰ ਇਤਿਹਾਸ ਰਿਹਾ ਹੈ ਅਤੇ ਸਮੇਂ ਦੀ ਲੋੜ ਹੈ ਕਿ ਸੂਬੇ ਵਿੱਚੋਂ ਨਸ਼ਿਆਂ ਦੀ ਲਾਹਨਤ ਅਤੇ ਗੈਂਗਸਟਰਾਂ ਦਾ ਖਾਤਮਾ ਕਰਕੇ ਇਸ ਵਿਰਾਸਤ ਨੂੰ ਬਰਕਰਾਰ ਰੱਖਿਆ ਜਾਵੇ, ਜਿਸ ਵਿੱਚ ਤੁਹਾਡਾ ਸਭ ਦਾ ਅਹਿਮ ਰੋਲ ਹੈ।

ਸੀਐੱਮ ਮਾਨ ਨੇ ਕਿਹਾ, ਮੈਂ ਨਿੱਜੀ ਤੌਰ 'ਤੇ ਰੋਜ਼ਾਨਾ ਅਧਾਰ 'ਤੇ ਇਨ੍ਹਾਂ ਮੁਹਿੰਮਾਂ ਦੀ ਪ੍ਰਗਤੀ ਦੀ ਨਿਗਰਾਨੀ ਕਰਾਂਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸੂਬਾ ਨਸ਼ਿਆਂ ਅਤੇ ਗੈਂਗਸਟਰਾਂ ਤੋਂ ਮੁਕਤ ਹੋਵੇ। ਉਨ੍ਹਾਂ ਅੱਗੇ ਕਿਹਾ, ਹਰ ਅਧਿਕਾਰੀ ਅਤੇ ਕਰਮਚਾਰੀ ਦਾ ਕੰਮ ਨਿਗਰਾਨੀ ਹੇਠ ਹੈ ਅਤੇ ਉਨ੍ਹਾਂ ਨੂੰ ਚੰਗੇ ਕੰਮ ਲਈ ਬਣਦਾ ਇਨਾਮ ਦਿੱਤਾ ਜਾਵੇਗਾ ਅਤੇ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਲਈ ਜਵਾਬਦੇਹ ਠਹਿਰਾਇਆ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ, ਪੰਜਾਬ ਪੁਲੀਸ ਨੂੰ ਆਧੁਨਿਕ ਤਕਨੀਕ ਨਾਲ ਲੈਸ ਕਰਨ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ। ਉਨ੍ਹਾਂ ਇਹ ਵੀ ਕਿਹਾ ਕਿ ਵਿਭਾਗ ਦੀਆਂ ਲੋੜਾਂ ਅਨੁਸਾਰ ਮਨੁੱਖੀ ਸਰੋਤਾਂ, ਗੱਡੀਆਂ ਦੇ ਫਲੀਟ ਅਤੇ ਹੋਰ ਬੁਨਿਆਦੀ ਢਾਂਚੇ ਨੂੰ ਅਪਗਰੇਡ ਕੀਤਾ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਸਿਵਲ ਅਤੇ ਪੁਲੀਸ ਪ੍ਰਸ਼ਾਸਨ ਨੂੰ ਦੁਰਵਰਤੋਂ ਰੋਕਣ ਲਈ ਸੂਬੇ ਭਰ ਵਿੱਚ ਅਸਲਾ ਲਾਇਸੈਂਸਾਂ ਦੀ ਸਮੀਖਿਆ ਕਰਨ ਲਈ ਇੱਕ ਵਿਸ਼ਾਲ ਮੁਹਿੰਮ ਸ਼ੁਰੂ ਕਰਨ ਲਈ ਵੀ ਕਿਹਾ।

ਕੌਮੀ ਪੱਤ੍ਰਿਕਾ

# ਜਿਊਲਰ ਦੀ ਦੁਕਾਨ ’ਤੇ ਚੋਰੀ ਮਾਮਲੇ ’ਚ ਪੁਲਿਸ ਨੇ ਦਬੋਚੇ ਅੰਤਰਰਾਜੀ ਚੋਰ ਗਿਰੋਹ ਦੇ 4 ਮੈਂਬਰ; 7 ਕਿੱਲੋ ਚਾਂਦੀ ਬਰਾਮਦ- ਇੱਕ ਜੁਗਾੜੂ ਵਾਹਨ ਕਬਜੇ ’ਚ ਲਿਆ

**ਬਠਿੰਡਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਬਠਿੰਡਾ ਪੁਲਿਸ ਨੇ ਪਿਛਲੇ ਦਿਨੀ ਇੱਕ ਜਵੈਲਰਜ ਦੀ ਦੁਕਾਨ ਤੇ ਹੋਈ ਚੋਰੀ ਦਾ ਮਾਮਲਾ ਹੱਲ ਕਰ ਲਿਆ ਹੈ। ਪੁਲਿਸ ਨੇ ਇਸ ਸਬੰਧ ’ਚ ਮੱਧ ਪ੍ਰਦੇਸ਼ ਦੇ ਇੱਕ ਗਿਰੋਹ ਨਾਲ ਸਬੰਧਤ 4 ਜਣਿਆਂ ਨੂੰ ਕਾਬੂ ਕਰਕੇ ਉਨ੍ਹਾਂ ਦੇ ਕਬਜੇ ਚੋਂ ਚੋਰੀ ਕੀਤੀ 7 ਕਿੱਲੋ ਚਾਂਦੀ ਅਤੇ ਇੱਕ ਜੁਗਾੜੂ ਗੱਡੀ ਵੀ ਬਰਾਮਦ ਕੀਤੀ ਹੈ। ਗ੍ਰਿਫਤਾਰ ਮੁਲਜਮਾਂ ’ਚ ਮਲੇਰਕੋਟਲਾ ਜਿਲ੍ਹੇ ਦੀ ਅਹਿਮਦਗੜ੍ਹ ਮੰਡੀ ਦਾ ਇੱਕ ਸੁਨਿਆਰਾ ਵੀ ਸ਼ਾਮਲ ਹੈ ਜੋ ਚੋਰੀ ਦਾ ਮਾਲ ਅਸਬਾਬ ਖਰੀਦਦਾ ਸੀ। ਜਿਲ੍ਹਾ ਪੁਲਿਸ ਮੁਖੀ ਜਯੋਤੀ ਯਾਦਵ ਨੇ ਐਸਪੀ ਸਿਟੀ ਨਰਿੰਦਰ ਸਿੰਘ ਅਤੇ ਹੋਰ ਪੁਲਿਸ ਅਧਿਕਾਰੀਆਂ ਦੀ ਹਾਜ਼ਰੀ ’ਚ ਇਹ ਖੁਲਾਸਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪ੍ਰਤਾਪ ਨਗਰ ਵਿਖੇ ਹੋਈ ਇਸ ਚੋਰੀ ਦੇ ਸਬੰਧ ਵਿੱਚ 15 ਜਨਵਰੀ ਨੂੰ ਥਾਣਾ ਕੈਨਾਲ ਕਲੋਨੀ ਵਿਖੇ ਮੁੱਕਦਮਾ ਦਰਜ ਕੀਤਾ ਗਿਆ ਸੀ।

ਉਨ੍ਹਾਂ ਦੱਸਿਆ ਕਿ ਥਾਣਾ ਕੈਨਾਲ ਕਲੋਨੀ ਬਠਿੰਡਾ ਅਤੇ ਸੀ.ਆਈ.ਏ ਸਟਾਫ-2 ਦੀ ਪੁਲਿਸ ਪਾਰਟੀ ਨੂੰ ਇਹ ਸਫਲਤਾ ਮਿਲੀ ਹੈ। ਮੁਦੱਈ ਮੁਕੱਦਮਾ ਨੇ ਬਿਆਨ ਦਰਜ ਕਰਵਾਇਆ ਕਿ ਮਿਤੀ 14 ਅਤੇ 15 ਜਨਵਰੀ ਦੀ ਦਰਮਿਆਨੀ ਰਾਤ ਨੂੰ ਮੇਨ ਰੋਡ ਗਲੀ ਨੰਬਰ 5 ਪ੍ਰਤਾਪ ਨਗਰ ਬਠਿੰਡਾ ਵਿਖੇ ਪਾਰਸ ਜਵੈਲਰਜ ਨਾਮ ਦੀ ਦੁਕਾਨ ਤੇ ਕਰੀਬ 16-17 ਕੁਝ ਅਣਪਛਾਤੇ ਵਿਅਕਤੀਆਂ ਨੇ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਸੀ, ਜਿਸ ਵਿੱਚ 6-7 ਕਿੱਲੋ ਦੇ ਕਰੀਬ ਚਾਂਦੀ ਅਤੇ ਕੁੱਝ ਨਗਦੀ ਸ਼ਾਮਲ ਸੀ। ਇਸ ਚੋਰੀ ਦੀ ਵਾਰਦਾਤ ਨੂੰ ਹੱਲ ਕਰਨ ਲਈ ਬਠਿੰਡਾ ਪੁਲਿਸ ਦੀਆਂ ਵੱਖ-ਵੱਖ ਟੀਮਾਂ ਨੇ ਟੈਕਨੀਕਲ ਸੋਰਸਾਂ, ਹਿਊਮਨ ਇੰਟੈਲੀਜੈਂਸ ਅਤੇ ਸੀ.ਸੀ.ਟੀ.ਵੀ ਕੈਮਰਿਆਂ ਦੀ ਮੱਦਦ ਨਾਲ ਪੰਜਾਬ ਅਤੇ ਹਰਿਆਣਾ ਦੇ ਹੁਸ਼ਿਆਰਪੁਰ, ਗੁਰਦਾਸਪੁਰ, ਜਲੰਧਰ, ਫਿਰੋਜਪੁਰ, ਜੀਂਦ ਕਰਨਾਲ, ਮੇਵਾਤ ਅਤੇ ਰਿਵਾੜੀ ਜਿਲ੍ਹਿਆਂ ’ਚ ਵੱਖ-ਵੱਖ ਪਹਿਲੂਆਂ ਤੋਂ ਜਾਂਚ ਕੀਤੀ ਸੀ।

ਐਸਐਸਪੀ ਨੇ ਦੱਸਿਆ ਕਿ ਤਫਤੀਸ਼ ਦੌਰਾਨ ਥਾਣਾ ਕੈਨਾਲ ਕਲੋਨੀ ਬਠਿੰਡਾ ਅਤੇ ਸੀ.ਆਈ.ਏ ਸਟਾਫ-2 ਦੀਆਂ ਪੁਲਿਸ ਪਾਰਟੀਆਂ ਨੇ ਅਨਿੱਲ ਉਰਫ ਅਮਪੁੜੀ ਪੁੱਤਰ ਅਸ਼ੋਕ ਕੁਮਾਰ ਸਹਾਰੀਆ ਵਾਸੀ ਨਿਆਪੁਰਾ ਜਿਲ੍ਹਾ ਕੋਟਾ ਰਾਜਸਥਾਨ, ਗੋਵਿੰਦਾ ਪੁੱਤਰ ਬਾਦਲ ਵਾਸੀ ਨਵੀ ਸਬਜੀ ਮੰਡੀ ਬਾਜਾਖਾਨਾ ਰੋਡ ਬਰਨਾਲਾ, ਓਮੀ ਉਰਫ ਟਾਈਗਰ ਪੁੱਤਰ ਬਾਦਲ ਵਾਸੀ ਨਵੀ ਸਬਜੀ ਮੰਡੀ ਬਾਜਾਖਾਨਾ ਰੋਡ ਬਰਨਾਲਾ ਅਤੇ ਬਿਕਰਮ ਵਰਮਾ ਪੁੱਤਰ ਰਾਜਵਿੰਦਰ ਵਰਮਾ ਵਾਸੀ ਅਹਿਮਦਗੜ੍ਹ ਨੂੰ ਗ੍ਰਿਫਤਾਰ ਕਰ ਲਿਆ।

ਉਨ੍ਹਾਂ ਦੱਸਿਆ ਕਿ ਇੰਨ੍ਹਾਂ ਨੇ ਇੱਕ ਗਿਰੋਹ ਬਣਾਇਆ ਹੋਇਆ ਹੈ ਜਿਸ ਦੇ ਮੈਂਬਰ ਵੱਖ-ਵੱਖ ਰਾਜਾਂ ਵਿੱਚੋਂ ਚੋਰੀਆਂ ਕਰਦੇ ਹਨ। ਉਨ੍ਹਾਂ ਦੱਸਿਆ ਕਿ ਇੰਨ੍ਹਾਂ ਚੌਹਾਂ ਮੁਲਜਮਾਂ ਨੂੰ ਕਾਬੂ ਕਰਕੇ ਉਹਨਾਂ ਦੇ ਕਬਜੇ ਵਿੱਚੋਂ ਚੋਰੀ ਕੀਤੀ 7 ਕਿੱਲੋ ਚਾਂਦੀ ਅਤੇ ਇੱਕ ਜੁਗਾੜੂ ਫੀਟਰ ਰੇਹੜਾ ਬਰਾਮਦ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਹ ਦੋਸ਼ੀ ਮੇਲਿਆਂ ਦੀ ਆੜ ਲੈਕੇ ਵੱਖ-ਵੱਖ ਜਿਲ੍ਹਿਆਂ ’ਚ ਆਪਣੀ ਠਹਿਰ ਬਣਾ ਲੈਂਦੇ ਸਨ। ਉਨ੍ਹਾਂ ਦੱਸਿਆ ਕਿ ਇੰਨ੍ਹਾਂ ਦੀਆਂ ਔਰਤਾਂ ਮੇਲੇ ਅਤੇ ਗਲੀਆਂ ਵਿੱਚ ਗੁਬਾਰੇ ਵੇਚਣ ਦਾ ਕੰਮ ਕਰਦੀਆਂ ਅਤੇ ਜਦੋਂਕਿ ਵਾਰਦਾਤ ਕਰਨ ਤੋਂ ਪਹਿਲਾਂ ਆਪਣੇ ਸ਼ਿਕਾਰ ਦੀ ਸੂਹ ਲਾ ਲੈਂਦੀਆਂ ਸਨ। ਇਸ ਤੋਂ ਬਾਅਦ ਗਿਰੋਹ ਦੇ ਮੈਂਬਰ ਵਾਰਦਾਤਾਂ ਨੂੰ ਅੰਜਾਮ ਦਿੰਦੇ ਸਨ। ਜਦੋਂ ਮੇਲਾ ਖਤਮ ਹੋ ਜਾਂਦਾ ਸੀ ਤਾਂ ਇਹ ਉਹ ਰੇਲਗੱਡੀ ਰਾਹੀ ਅਗਲੀ ਚੋਰੀ ਦੀ ਵਾਰਦਾਤ ਲਈ ਕਿਸੇ ਹੋਰ ਏਰੀਏ ਵਿੱਚ ਲੱਗੇ ਮੇਲੇ ’ਤੇ ਚਲੇ ਜਾਂਦੇ ਸੀ। ਇਸ ਗੈਂਗ ਦੇ ਮੈਂਬਰਾਂ ਨੇ ਪੰਜਾਬ ਦੇ ਪਿੰਡ ਮੁਕੇਰੀਆਂ ਜਿਲ੍ਹਾ ਹੁਸ਼ਿਆਰਪੁਰ, ਜਲੰਧਰ, ਕੁਰਾਲੀ ਅਤੇ ਬਲਾਚੌਰ ਵਿਖੇ ਚੋਰੀਆਂ ਕੀਤੀਆਂ ਹਨ। ਉਨ੍ਹਾਂ ਦੱਸਿਆ ਕਿ ਪੁਲਿਸ ਨੇ ਬਾਕੀ ਦੋਸ਼ੀਆਂ ਦੀ ਪਛਾਣ ਵੀ ਕਰ ਲਈ ਹੈ ਜਿਹਨਾਂ ਨੂੰ ਦਬੋਚਣ ਲਈ ਛਾਪੇਮਾਰੀ ਜਾਰੀ ਹੈ। ਉਨ੍ਹਾਂ ਦੱਸਿਆ ਕਿ ਰਿਮਾਂਡ ਹਾਸਲ ਕਰਨ ਤੋਂ ਬਾਅਦ ਡੂੰਘਾਈ ਨਾਲ ਪੁੱਛ ਪੜਤਾਲ ਕੀਤੀ ਜਾਏਗੀ ਜਿਸ ਦੌਰਾਨ ਅਹਿਮ ਖੁਲਾਸਿਆਂ ਦੀ ਸੰਭਾਵਨਾ ਹੈ।

# ਜਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵਿਖੇ ਰੋਜ਼ਗਾਰ ਕੈਂਪ ਲੱਗੇਗਾ

**ਬਟਾਲਾ, 10 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਗੁਰਦਾਸਪੁਰ ਵੱਲੋਂ ਅੱਜ11 ਫਰਵਰੀ ਦਿਨ ਬੁੱਧਵਾਰ ਨੂੰ ਇੱਕ ਰੋਜ਼ਗਾਰ ਕੈਂਪ ਦਾ ਲਗਾਇਆ ਜਾ ਰਿਹਾ ਹੈ।ਇਹ ਕੈਂਪ ਜਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਡੀ.ਸੀ ਦਫਤਰ ਕੰਪਲੈਕਸ ਗੁਰਦਾਸਪੁਰ ਦੇ ਕਮਰਾ ਨੰ: 217 ਬਲਾਕ-ਬੀ ਵਿੱਚ ਸਵੇਰੇ 10 ਵਜੇ ਤੋਂ ਲੈ ਕੇ ਦੁਪਹਿਰ ਦੇ 2:30 ਵਜੇ ਤੱਕ ਲੱਗੇਗਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਸ਼ੋਤਮ ਸਿੰਘ, ਜ਼ਿਲ੍ਹਾ ਰੋਜ਼ਗਾਰ ਅਫਸਰ ਨੇ ਦੱਸਿਆਂ ਕਿ ਇਸ ਕੈਂਪ ਵਿਚ ਜ਼ਿਲ੍ਹਾ ਸੇਵਾ ਕੇਂਦਰ ਗੁਰਦਾਸਪੁਰ ਵਲੋਂ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਵਿਚ ਕੰਪਿਊਟਰ ਅਪਰੇਟਰ ਰੱਖੇ ਜਾਣੇ ਹਨ, ਜਿਸ ਦੀ ਲਾਜ਼ਮੀ ਯੋਗਤਾ ਬਾਰਵੀ ਹੈ। ਮਾਰੂਤੀ ਸਜ਼ੂਕੀ ਬਟਾਲਾ ਅਤੇ ਗੁਰਦਾਸਪੁਰ ਲਈ ਵੱਖ-ਵੱਖ ਆਸਾਮੀਆਂ ਮੈਨੇਜਰ, ਇਲੈਕਟ੍ਰੀਸ਼ਨ, ਗੰਨਮੈਨ, ਸਕਿਊਰਟੀ ਗਾਰਡ, ਮਕੈਨਿਕ, ਸਪੇਅਰ ਪਾਰਟ ਮਕੈਨਿਕ, ਸਰਵਿਸ ਐਡਵਾਇਜਰ ਟੈਕਨੀਕਲ ਐਡਵਾਇਜਰ ਅਤ ਵਾਸ਼ਰਮੈਂਨ ਆਦਿ ਦੀ ਭਰਤੀ ਕੀਤੀ ਜਾਵੇਗੀ ਜਿਸ ਲਈ ਯੋਗਤਾ ਬਾਰਵੀਂ, ਰਜੂਏਸ਼ਨ, ਆਈ.ਟੀ.ਆਈ, ਡਿਪਲੋਮਾ ਮਕੈਨਿਕਲ ਯੋਗਤਾ ਲੋੜੀਦੀ ਹੈ ।

ਇਸੇ ਤਰ੍ਹਾਂ ਐਕਸਿਸ ਬੈਂਕ ਵਲੋਂ ਅਸਿਸਟੈਂਟ ਮੈਨੇਜਰ ਦੀ ਭਰਤੀ ਕੀਤੀ ਜਾਵੇਗੀ, ਜਿਸ ਦੀ ਲੋੜੀਦੀ ਯੋਗਤਾ ਰਜੂਏਸਨ ਹੋਵੇਗੀ। ਸ੍ਰੀਰਾਮ ਫਾਇਨਾਸ ਵਲੋਂ ਸੈਲਜ ਮੇਨੇਜਰ ਵਾਸਤੇ ਅਪਲਾਈ ਕਰਨ ਲਈ ਯੋਗਤਾ ਗਰੇਜੂਏਸ਼ਨ ਹੋਵੇਗੀ।

ਉਨ੍ਹਾਂ ਵੱਲੋਂ ਨੌਜਵਾਨਾਂ ਨੂੰ ਅਪੀਲ ਕੀਤੀ ਗਈ ਕਿ ਵਧ ਚੜ੍ਹ ਕੇ ਰੋਜ਼ਗਾਰ ਕੈਂਪ ਵਿੱਚ ਹਿੱਸਾ ਲੈਣ ਅਤੇ ਆਪਣਾ ਰੋਜ਼ਗਾਰ ਸੁਨਿਸ਼ਚਿਤ ਕਰਨ ਲਈ ਆਪਣੇ ਸਾਰੇ ਅਸਲੀ ਦਸਤਾਵੇਜ਼ (ਸਰਟੀਫਿਕੇਟ, ਆਧਾਰ ਕਾਰਡ, ਰੈਜ਼ਿਊਮ ਆਦਿ) ਨਾਲ ਸਮੇਂ ਸਿਰ ਪਹੁੰਚਣ

# ਆਈਸ ਡਰੱਗ ਅਤੇ ਦੋ ਆਧੁਨਿਕ ਪਿਸਟਲ ਦੀ ਬਰਾਮਦ ; ਪੰਜ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ

**ਅੰਮ੍ਰਿਤਸਰ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਇੱਕ ਕੇਂਦ੍ਰਿਤ ਅਤੇ ਖੁਫੀਆ ਜਾਣਕਾਰੀ ਦੀ ਅਗਵਾਈ ਵਾਲੀ ਕਾਰਵਾਈ ਤਹਿਤ, ਕਮਿਸ਼ਨਰੇਟ ਪੁਲਿਸ ਅੰਮ੍ਰਿਤਸਰ ਨੇ ਸਰਹੱਦ ਪਾਰ ਸਬੰਧਾਂ ਵਾਲੇ ਇੱਕ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਸਪਲਾਈ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ, ਜਿਸ ਦੇ ਨਤੀਜੇ ਵਜੋਂ ਪੰਜ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਆਈਸ ਡਰੱਗ ਅਤੇ ਗੈਰ-ਕਾਨੂੰਨੀ ਹਥਿਆਰ ਬਰਾਮਦ ਕੀਤੇ ਗਏ ਹਨ।

ਐਫਆਈਆਰ ਨੰਬਰ 32 ਮਿਤੀ 22.01.2026 U/S 22-3, 29/ 61/85 NDPS ਐਕਟ ਅਤੇ 25/ 54/59 ਅਸਲਾ ਐਕਟ ਪੀਐਸ ਗੇਟ ਹਕੀਮਾ, ਅੰਮ੍ਰਿਤਸਰ।

ਅਪਰਾਧਿਕ ਤੱਤਾਂ ਦਾ ਪਤਾ ਲਗਾਉਣ ਦੇ ਉਦੇਸ਼ ਨਾਲ ਗਸ਼ਤ ਅਤੇ ਤਲਾਸ਼ੀ ਮੁਹਿੰਮਾਂ ਦੌਰਾਨ, ਪੁਲਿਸ ਟੀਮਾਂ ਨੇ ਸਤਨਾਮ ਸਿੰਘ ਉਰਫ ਬਿੰਦੀ ਨੂੰ ਗ੍ਰਿਫ਼ਤਾਰ ਕੀਤਾ। ਉਸਦੀ ਨਿੱਜੀ ਤਲਾਸ਼ੀ ’ਤੇ, 523 ਗ੍ਰਾਮ ਆਈਸ (ਮੈਥਾਮਫੇਟਾਮਾਈਨ) ਅਤੇ ਦੋ ਗਲੋਕ 9✡✡ ਪਿਸਤੌਲ ਬਰਾਮਦ ਕੀਤੇ ਗਏ।

ਲੰਬੀ ਪੁੱਛਗਿੱਛ ’ਤੇ, ਦੋਸ਼ੀ ਸਤਨਾਮ ਸਿੰਘ ਉਰਫ ਬਿੰਦੀ ਨੇ ਖੁਲਾਸਾ ਕੀਤਾ ਕਿ ਉਹ ਬਰਾਮਦ ਕੀਤੀ ਗਈ 935 ਡਰੱਗ ਰਮਨ, ਚਿਰਾਗ, ਰਿਸ਼ਭ ਅਤੇ ਵੈਭਵ ਨੂੰ ਸਪਲਾਈ ਕਰ ਰਿਹਾ ਸੀ। ਇਸ ਖੁਲਾਸੇ ’ਤੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ, ਪੁਲਿਸ ਟੀਮਾਂ ਨੇ ਚਾਰਾਂ ਦੋਸ਼ੀਆਂ ਨੂੰ ਨਾਮਜ਼ਦ ਕੀਤਾ ਅਤੇ ਗ੍ਰਿਫਤਾਰ ਕਰ ਲਿਆ।

ਹੋਰ ਜਾਂਚ ਤੋਂ ਪਤਾ ਲੱਗਾ ਕਿ ਦੋਸ਼ੀ ਸਤਨਾਮ ਸਿੰਘ ਉਰਫ ਬਿੰਦੀ ਸਿਗਨਲ ਐਪ ਰਾਹੀਂ ਆਸਟ੍ਰੇਲੀਆ ਸਥਿਤ ਢਿੱਲੋਂ ਨਾਮਕ ਇੱਕ ਹੈਂਡਲਰ ਦੇ ਸਿੱਧੇ ਸੰਪਰਕ ਵਿੱਚ ਸੀ। ਹੈਂਡਲਰ ਡਰੋਨ ਰਾਹੀਂ ਪਾਕਿਸਤਾਨ ਤੋਂ ਤਸਕਰੀ ਕੀਤੇ ਜਾਣ ਵਾਲੇ 935 ਡਰੱਗ ਅਤੇ ਗੈਰ-ਕਾਨੂੰਨੀ ਹਥਿਆਰਾਂ ਦੀ ਸਪਲਾਈ ਦਾ ਤਾਲਮੇਲ ਕਰਦਾ ਸੀ। ਆਸਟ੍ਰੇਲੀਆਈ ਹੈਂਡਲਰ ਸਿਰਫ ਪਛਾਣ ਵੇਰਵੇ ਜਿਵੇਂ ਕਿ ਕੱਪੜੇ ਜਾਂ ਪ੍ਰਾਪਤਕਰਤਾਵਾਂ ਦੇ ਭੌਤਿਕ ਮਾਰਕਰ ਸਾਂਝੇ ਕਰਦਾ ਸੀ, ਇਹ ਯਕੀਨੀ ਬਣਾਉਂਦਾ ਸੀ ਕਿ ਸਪਲਾਇਰ ਅਤੇ ਪ੍ਰਾਪਤਕਰਤਾ ਇੱਕ ਦੂਜੇ ਨੂੰ ਨਾ ਜਾਣਦੇ ਹੋਣ, ਜੋ ਕਿ ਇੱਕ ਸੰਗਠਿਤ ਅਤੇ ਇੰਸੂਲੇਟਡ ਤਸਕਰੀ ਨੈੱਟਵਰਕ ਨੂੰ ਦਰਸਾਉਂਦਾ ਹੈ।

935 ਡਰੱਗ (ਮੇਥਾਮਫੇਟਾਮਾਈਨ) ਹੈਰੋਇਨ ਨਾਲੋਂ ਲਗਭਗ ਪੰਜ ਗੁਣਾ ਜ਼ਿਆਦਾ ਮਹਿੰਗਾ ਹੈ, ਜੋ ਕਿ ਇਸ ਨਸ਼ੀਲੇ ਪਦਾਰਥ ਦੁਆਰਾ ਪੈਦਾ ਹੋਏ ਉੱਚ ਵਪਾਰਕ ਮੁੱਲ ਅਤੇ ਗੰਭੀਰ ਖ਼ਤਰੇ ਨੂੰ ਦਰਸਾਉਂਦਾ ਹੈ।

ਬਰਾਮਦਗੀ :

* 523 ਗ੍ਰਾਮ ਆਈ.ਸੀ.ਈ. (ਮੈਥਾਮਫੇਟਾਮਾਈਨ)

* 02 ਪਿਸਤੌਲ ਗਲੋਕ 9 ਐਮ.ਐਮ.

**ਗ੍ਰਿਫ਼ਤਾਰ ਦੋਸ਼ੀ**

1. ਸਤਨਾਮ ਸਿੰਘ ਉਰਫ਼ ਬਿੰਦੀ ਵਾਸੀ ਪਿੰਡ ਕੱਕੜ, ਥਾਣਾ ਲੋਪੋਕੇ, ਅੰਮ੍ਰਿਤਸਰ ਦਿਹਾਤੀ ਉਮਰ: 32 ਸਾਲ, ਸਿੱਖਿਆ: ਅਨਪੜ੍ਹ, ਪੇਸ਼ਾ: ਮਜ਼ਦੂਰੀ, ਪਿਛਲਾ ਮਾਮਲਾ: ਕੋਈ ਨਹੀਂ ਗ੍ਰਿਫ਼ਤਾਰੀ ਦੀ ਮਿਤੀ ਅਤੇ ਸਥਾਨ: 06-02-2026, ਥਾਣਾ ਗੇਟ ਹਕੀਮਾ ਖੇਤਰ
2. ਰਮਨ ਵਾਸੀ ਇੰਦਰਾ ਕਲੋਨੀ, ਚੱਬਲ ਰੋਡ, ਅੰਮ੍ਰਿਤਸਰ ਉਮਰ: 33 ਸਾਲ, ਸਿੱਖਿਆ: 8ਵਾਂ, ਪੇਸ਼ਾ: ਈ-ਰਿਕਸ਼ਾ ਡਰਾਈਵਰ, ਪਿਛਲਾ ਮਾਮਲਾ: ਕੋਈ ਨਹੀਂ ਗ੍ਰਿਫ਼ਤਾਰੀ ਦੀ ਮਿਤੀ ਅਤੇ ਸਥਾਨ: 09-02-2026, ਥਾਣਾ ਗੇਟ ਹਕੀਮਾ ਖੇਤਰ
3. ਚਿਰਾਗ ਵਾਸੀ ਖਜ਼ਾਨਾ ਗੇਟ, ਅੰਮ੍ਰਿਤਸਰ ਉਮਰ: 20 ਸਾਲ, ਸਿੱਖਿਆ: 8ਵਾਂ, ਪੇਸ਼ਾ: ਢਾਬੇ ’ਤੇ ਕੰਮ ਕਰਨਾ, ਪਿਛਲਾ ਮਾਮਲਾ: ਕੋਈ ਨਹੀਂ ਗ੍ਰਿਫ਼ਤਾਰੀ ਦੀ ਮਿਤੀ ਅਤੇ ਸਥਾਨ: 10ਵਾਂ ਗ੍ਰਿਫ਼ਤਾਰੀ: 09-02-2026, ਥਾਣਾ ਗੇਟ ਹਕੀਮਾ ਖੇਤਰ
4. ਰਿਸ਼ਭ ਵਾਸੀ ਖਜ਼ਾਨਾ ਗੇਟ, ਅੰਮ੍ਰਿਤਸਰ. ਉਮਰ: 18 ਸਾਲ, ਸਿੱਖਿਆ: 12ਵੀਂ, ਪੇਸ਼ਾ: ਵਿਦਿਆਰਥੀ, ਪਿਛਲਾ ਮਾਮਲਾ: ਕੋਈ ਨਹੀਂ ਗ੍ਰਿਫ਼ਤਾਰੀ ਦੀ ਮਿਤੀ ਅਤੇ ਸਥਾਨ: 09-02-2026, ਥਾਣਾ ਗੇਟ ਹਕੀਮਾ ਖੇਤਰ
5. ਵੈਭਵ ਵਾਸੀ ਬਾਬਾ ਦੀਪ ਸਿੰਘ ਐਨਕਲੇਵ, ਅੰਮ੍ਰਿਤਸਰ ਉਮਰ: 18 ਸਾਲ, ਸਿੱਖਿਆ: 12ਵੀਂ, ਪੇਸ਼ਾ: ਐਲਆਈਸੀ ਵਿੱਚ ਕੰਮ ਕਰਨਾ, ਪਿਛਲਾ ਮਾਮਲਾ: ਕੋਈ ਨਹੀਂ, ਗ੍ਰਿਫ਼ਤਾਰੀ ਦੀ ਮਿਤੀ ਅਤੇ ਸਥਾਨ: 09-02-2026, ਥਾਣਾ ਗੇਟ ਹਕੀਮਾ ਖੇਤਰ

ਟੀਮ: ਸ਼੍ਰੀ ਰਵਿੰਦਰਪਾਲ ਸਿੰਘ, ਡੀਸੀਪੀ/ਜਾਸੂਸ, ਸ਼੍ਰੀ ਵਿਸ਼ਾਲਜੀਤ ਸਿੰਘ, ਏਡੀਸੀਪੀ-1, ਸ਼੍ਰੀ ਜਸਪਾਲ ਸਿੰਘ, ਏਸੀਪੀ ਸੈਂਟਰਲ ਅਤੇ ਇੰਸਪੈਕਟਰ ਮਨਜੀਤ ਕੌਰ, ਐਸਐਚਓ ਥਾਣਾ ਗੇਟ ਹਕੀਮਾ

# ਦੂਜਾ ਦਿਨ ਜ਼ਿਲ੍ਹੇ ’ਚ ‘ਆਪ੍ਰੇਸ਼ਨ ਪ੍ਰਹਾਰ-2’ ਤਹਿਤ ਵਿਸ਼ੇਸ਼ ਕਾਰਡਨ ਐਂਡ ਸਰਚ ਮੁਹਿੰਮ ਮੁਹਿੰਮ ਦਾ ਆਗਾਜ



**ਮਲੇਰਕੋਟਲਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਨੀਅਰ ਕਪਤਾਨ ਪੁਲਿਸ ਗਗਨ ਅਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਈ.ਜੀ. (ਜੀ.ਆਰ.ਪੀ.) ਬਲਜੋਤ ਸਿੰਘ ਰਾਠੌਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਨਸ਼ਾ ਤਸਕਰਾਂ ਅਤੇ ਗੈਂਗਸਟਰਾਂ ਦਾ ਨੈਟਵਰਕ ਤੋੜਨ ਲਈ ਪੰਜਾਬ ਪੁਲਿਸ ਵੱਲੋਂ ਵਿਸ਼ੇਸ਼ ਮੁਹਿੰਮ ਆਰੰਭੀ ਗਈ ਹੈ।

ਉਨ੍ਹਾਂ ਦੱਸਿਆ ਕਿ ਇਸ ਆਪ੍ਰੇਸ਼ਨ ਅਧੀਨ 72 ਘੰਟਿਆਂ ਲਈ ਵਿਸ਼ੇਸ਼ ਕਾਰਡਨ ਐਂਡ ਸਰਚ ਆਪ੍ਰੇਸ਼ਨ ਚਲਾਇਆ ਗਿਆ ਹੈ। ਇਸ ਕਾਰਵਾਈ ਤਹਿਤ ਐੱਸ.ਪੀ. (ਪੀ.ਬੀ.ਆਈ.) ਰਾਜਵਿੰਦਰ ਸਿੰਘ ਅਤੇ ਐੱਸ.ਪੀ. (ਡੀ) ਸੱਤਪਾਲ ਸ਼ਰਮਾ ਅਤੇ ਡੀ ਐੱਸ ਪੀਜ਼ ਦੀ ਅਗਵਾਈ ਹੇਠ 48 ਘੰਟਿਆਂ ਦੇ ਅੰਦਰ-ਅੰਦਰ ਜ਼ਿਲ੍ਹੇ ਦੀਆਂ ਵੱਖ-ਵੱਖ ਸੰਵੇਦਨਸ਼ੀਲ ਥਾਵਾਂ ’ਤੇ ਛਾਪੇਮਾਰੀ ਕਰਦਿਆਂ 61 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਦਕਿ 1 ਭਗੌੜੇ ਨੂੰ ਵੀ ਹਿਰਾਸਤ ਵਿੱਚ ਲਿਆ ਗਿਆ ਹੈ।

ਐੱਸ.ਐੱਸ.ਪੀ ਨੇ ਦੱਸਿਆ ਕਿ ਕਾਰਡਨ ਐਂਡ ਸਰਚ ਆਪ੍ਰੇਸ਼ਨ ਦੌਰਾਨ ਸ਼ੱਕੀ ਵਿਅਕਤੀਆਂ ਦੀ ਸਖ਼ਤੀ ਨਾਲ ਜਾਂਚ ਕੀਤੀ ਗਈ ਅਤੇ ਤਲਾਸ਼ੀ ਕਰਦੇ ਹੋਏ 29 ਗ੍ਰਾਮ ਚਿੱਟਾ, 50 ਬੋਤਲਾਂ ਨਾਜਾਇਜ ਸ਼ਰਾਬ, 35 ਨਸ਼ੀਲੀ ਗੋਲੀਆਂ ਅਤੇ ਚੋਰੀ ਦੇ ਮਾਮਲੇ ਵਿੱਚ 2000 ਰੁਪਏ ਬਰਾਮਦ ਕੀਤੇ ਗਏ ਹਨ। ਉਨ੍ਹਾਂ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਇਸ ਸਰਚ ਓਪਰੇਸ਼ਨ ਦਾ ਮਕਸਦ ਇਲਾਕੇ ਵਿੱਚ ਨਸ਼ਾ ਤਸਕਰੀ, ਅਪਰਾਧਿਕ ਤੱਤਾਂ ਅਤੇ ਗੈਰਕਾਨੂੰਨੀ ਸਰਗਰਮੀਆਂ ’ਤੇ ਨਕੇਲ ਕੱਸਣਾ ਹੈ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੁਲਿਸ ਵੱਲੋਂ ਨਸ਼ਿਆਂ ਖ਼ਿਲਾਫ਼ ਜ਼ੀਰੋ ਟੋਲਰੈਂਸ ਨੀਤੀ ਅਪਣਾਈ ਗਈ ਹੈ ਅਤੇ ਅਜਿਹੀਆਂ ਕਾਰਵਾਈਆਂ ਆਉਣ ਵਾਲੇ ਸਮੇਂ ਵਿੱਚ ਵੀ ਨਿਰੰਤਰ ਤੌਰ ’ਤੇ ਜਾਰੀ ਰਹਿਣਗੀਆਂ, ਤਾਂ ਜੋ ਜ਼ਿਲ੍ਹੇ ਨੂੰ ਨਸ਼ਾ ਮੁਕਤ ਬਣਾਉਣ ਦੇ ਉਦੇਸ਼ ਨੂੰ ਸਫਲਤਾ ਨਾਲ ਹਾਸਲ ਕੀਤਾ ਜਾ ਸਕੇ ਅਤੇ ਕਾਨੂੰਨ-ਵਿਵਸਥਾ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ।

ਐੱਸ.ਐੱਸ.ਪੀ ਵੱਲੋਂ ਆਮ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਨਸ਼ਾ ਤਸਕਰੀ ਜਾਂ ਕਿਸੇ ਵੀ ਗੈਰਕਾਨੂੰਨੀ ਸਰਗਰਮੀ ਸਬੰਧੀ ਜਾਣਕਾਰੀ ਪੁਲਿਸ ਨਾਲ ਸਾਂਝੀ ਕਰਨ, ਤਾਂ ਜੋ ਦੋਸ਼ੀਆਂ ਖ਼ਿਲਾਫ਼ ਸਮੇਂ ਸਿਰ ਕਾਰਵਾਈ ਕੀਤੀ ਜਾ ਸਕੇ।

ਇਸ ਮੌਕੇ ਡੀ.ਐੱਸ.ਪੀ (ਸਥਾਨਕ) ਬਿਕਮਰਜੀਤ ਸਿੰਘ ਘੁੰਮਣ, ਡੀ.ਐੱਸ.ਪੀ ਸਬ ਡਵੀਜਲ ਮਾਲੇਰਕੋਟਲਾ ਮਾਨਵਜੀਤ ਸਿੰਘ ਸਿੱਧੂ,ਡੀ.ਐੱਸ.ਪੀ ਯਾਦਵਿੰਦਰ ਸਿੰਘ, ਡੀ.ਐੱਸ.ਪੀ ਅਹਿਮਦਗੜ੍ਹ ਸੁਖਦੇਵ ਸਿੰਘ ਬਰਾੜ, ਡੀ.ਐੱਸ.ਪੀ ਅਮਰਗੜ੍ਹ ਸੰਜੀਵ ਕਪੂਰ ਅਤੇ ਥਾਣਾ ਮੁਖੀਆਂ ਵੱਲੋਂ ਆਪਣੇ ਅਧੀਨ ਆਉਂਦੇ ਪਿੰਡਾਂ/ਮੁਹੱਲਿਆਂ ਵਿੱਚ ਭਾਰੀ ਪੁਲਿਸ ਫੋਰਸ ਸਮੇਤ ਸਰਚ ਅਭਿਆਨ ਚਲਾਏ ਜਾ ਰਹੇ ਹਨ।

# ਮੁੱਖ ਮੰਤਰੀ ਸਿਹਤ ਯੋਜਨਾ ਬਾਰੇ ਪੰਜਾਬ ਵਿਰੋਧੀ ਤਾਕਤਾਂ ਦੇ ਕੂੜ ਪ੍ਰਚਾਰ ’ਤੇ ਭਰੋਸਾ ਨਾ ਕਰੋ : ਮੁੱਖ ਮੰਤਰੀ ਵੱਲੋਂ ਸਮੂਹ ਪੰਜਾਬੀਆਂ ਨੂੰ ਅਪੀਲ

**➢ ‘ਮੁੱਖ ਮੰਤਰੀ ਸਿਹਤ ਯੋਜਨਾ’ ਤਹਿਤ ਸਾਰਾ ਇਲਾਜ ਕੈਸ਼ਲੈੱਸ-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਫ਼ਵਾਹਾਂ ਤੋਂ ਬਚਣ ਲਈ ਕਿਹਾ ➢ ‘ਮੁੱਖ ਮੰਤਰੀ ਸਿਹਤ ਯੋਜਨਾ’ ਬਾਰੇ ਝੂਠ ਫੈਲਾ ਰਹੀਆਂ ਪੰਜਾਬ ਵਿਰੋਧੀ ਤਾਕਤਾਂ: ਮੁੱਖ ਮੰਤਰੀ ਭਗਵੰਤ ਸਿੰਘ ਮਾਨ**

**ਚੰਡੀਗੜ੍ਹ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਸੂਬਾ ਸਰਕਾਰ ਵੱਲੋਂ ਹਰੇਕ ਪਰਿਵਾਰ ਲਈ ਸ਼ੁਰੂ ਕੀਤੀ ‘ਮੁੱਖ ਮੰਤਰੀ ਸਿਹਤ ਯੋਜਨਾ’ ਬਾਰੇ ਪੰਜਾਬ ਵਿਰੋਧੀ ਤਾਕਤਾਂ ਦੁਆਰਾ ਕੀਤੇ ਜਾ ਰਹੇ ਕੂੜ ਪ੍ਰਚਾਰ ਤੋਂ ਗੁੰਮਰਾਹ ਨਾ ਹੋਣ।

ਇਕ ਵੀਡੀਓ ਸੰਦੇਸ਼ ਰਾਹੀਂ ਲੋਕਾਂ ਨੂੰ ਮੁਖਾਤਬ ਹੁੰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਸਰਕਾਰ ਨੇ ਲੋਕ ਭਲਾਈ ਵਾਲੀ ਇਸ ਪ੍ਰਮੁੱਖ ਸਕੀਮ ਦੀ ਸ਼ੁਰੂਆਤ ਕੀਤੀ ਹੈ ਤਾਂ ਕਿ ਪੰਜਾਬ ਦੇ ਹਰੇਕ ਨਾਗਰਿਕ ਖਾਸ ਤੌਰ ਉਤੇ ਸਮਾਜ ਦੇ ਕਮਜ਼ੋਰ ਵਰਗਾਂ ਦੀ ਕੈਸ਼ਲੈੱਸ ਇਲਾਜ ਕਰਵਾਉਣ ਤੱਕ ਸਿੱਧੀ ਪਹੁੰਚ ਹੋ ਸਕੇ।

ਇਸ ਪਹਿਲਕਦਮੀ ਬਾਰੇ ਦੱਸਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ, ਲੋਕਾਂ ਨੂੰ ਵਿਆਪਕ ਸਿਹਤ ਸੰਭਾਲ ਪ੍ਰਦਾਨ ਕਰਨ ਲਈ ਸੂਬਾ ਸਰਕਾਰ ਨੇ ‘ਮੁੱਖ ਮੰਤਰੀ ਸਿਹਤ ਯੋਜਨਾ’ ਸ਼ੁਰੂ ਕੀਤੀ ਹੈ, ਜੋ ਕਿ ਦੇਸ਼ ਵਿੱਚ ਆਪਣੀ ਕਿਸਮ ਦੀ ਪਹਿਲੀ ਯੋਜਨਾ ਹੈ, ਜਿਸ ਦੇ ਤਹਿਤ ਪੰਜਾਬ ਦਾ ਹਰ ਪਰਿਵਾਰ 10 ਲੱਖ ਰੁਪਏ ਤੱਕ ਦਾ ਕੈਸ਼ਲੈੱਸ ਇਲਾਜ ਕਰਵਾਉਣ ਦਾ ਹੱਕਦਾਰ ਹੈ।

ਇਸ ਨੂੰ ਇਤਿਹਾਸਕ ਪ੍ਰਾਪਤੀ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ, ÷ਇਹ ਬਹੁਤ ਮਾਣ ਤੇ ਤਸੱਲੀ ਵਾਲੀ ਗੱਲ ਹੈ ਕਿ ਪੰਜਾਬ ਵਿਆਪਕ ਪੱਧਰ ’ਤੇ ਮੁਫ਼ਤ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨ ਵਾਲਾ ਪਹਿਲਾ ਭਾਰਤੀ ਸੂਬਾ ਬਣ ਗਿਆ ਹੈ। ਇਹ ਸਕੀਮ ਲੋਕਾਂ ’ਤੇ ਵਿੱਤੀ ਬੋਝ ਨੂੰ ਕਾਫ਼ੀ ਘਟਾਏਗੀ ਅਤੇ ਨਾਲ ਹੀ ਮਿਆਰੀ ਸਿਹਤ ਸੇਵਾਵਾਂ ਤੱਕ ਪਹੁੰਚ ਨੂੰ ਯਕੀਨੀ ਬਣਾਏਗੀ।÷

ਇਸ ਸਕੀਮ ਤਹਿਤ ਰਜਿਸਟਰ ਹੋਣ ਬਾਰੇ ਜਾਣਕਾਰੀ ਦਿੰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ, ÷ਇਸ ਇਤਿਹਾਸਕ ਕਦਮ ਦਾ ਉਦੇਸ਼ ਸੂਬੇ ਦੇ ਸਾਰੇ ਪਰਿਵਾਰਾਂ ਨੂੰ ਕੈਸ਼ਲੈੱਸ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਹੈ। ਸਾਰੇ ਸਰਕਾਰੀ ਕਰਮਚਾਰੀ, ਪੈਨਸ਼ਨਰ ਅਤੇ ਹੋਰ ਨਾਗਰਿਕ ਸਿਹਤ ਕਾਰਡ ਲਈ ਯੋਗ ਹਨ ਅਤੇ ਇਹ ਸਿਹਤ ਕਾਰਡ ਸੁਵਿਧਾ ਕੇਂਦਰਾਂ ਅਤੇ ਕਾਮਨ ਸਰਵਿਸ ਸੈਂਟਰਾਂ ਤੋਂ ਜਾਂ ਆਧਾਰ ਕਾਰਡ ਜਾਂ ਵੋਟਰ ਕਾਰਡ ਦੀ ਵਰਤੋਂ ਕਰਕੇ ਆਨਲਾਈਨ ਰਜਿਸਟ੍ਰੇਸ਼ਨ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ।

ਲੋਕਾਂ ਵੱਲੋਂ ਮਿਲ ਰਹੇ ਹੁੰਗਾਰੇ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਯੋਜਨਾ ਦਾ ਪੰਜਾਬ ਦੇ ਲੋਕਾਂ ਨੇ ਭਰਵਾਂ ਸਵਾਗਤ ਕੀਤਾ ਹੈ ਅਤੇ ਲੋਕ ਇਸ ਸਕੀਮ ਦਾ ਲਾਭ ਲੈਣ ਲਈ ਵੱਡੀ ਗਿਣਤੀ ਵਿੱਚ ਅੱਗੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਪਹਿਲਕਦਮੀ ਨੇ ਉਨ੍ਹਾਂ ਪਰਿਵਾਰਾਂ ਨੂੰ ਵੱਡੀ ਰਾਹਤ ਪਹੁੰਚਾਈ ਹੈ, ਜਿਨ੍ਹਾਂ ਨੂੰ ਪਹਿਲਾਂ ਬਿਮਾਰੀ ਦੇ ਇਲਾਜ ਦਾ ਭਾਰੀ ਖ਼ਰਚਾ ਆਪਣੀਆਂ ਜੇਬਾਂ ਵਿੱਚੋਂ ਅਦਾ ਕਰਨਾ ਪੈਂਦਾ ਸੀ।



ਮੁੱਖ ਮੰਤਰੀ ਨੇ ਗੁੰਮਰਾਹਕੁੰਨ ਜਾਣਕਾਰੀ ਫੈਲਾਉਣ ਵਿਰੁੱਧ ਚੇਤਾਵਨੀ ਦਿੰਦਿਆਂ ਕਿਹਾ ਕਿ ਕੁਝ ਪੰਜਾਬ ਵਿਰੋਧੀ ਤਾਕਤਾਂ, ਜੋ ਨਹੀਂ ਚਾਹੁੰਦੀਆਂ ਕਿ ਸੂਬੇ ਦੇ ਲੋਕਾਂ ਨੂੰ ਅਜਿਹੀਆਂ ਸਹੂਲਤਾਂ ਦਾ ਲਾਭ ਮਿਲੇ, ਜਾਣ-ਬੁੱਝ ਕੇ ਇਸ ਪ੍ਰਮੁੱਖ ਯੋਜਨਾ ਬਾਰੇ ਝੂਠ ਫੈਲਾ ਰਹੀਆਂ ਹਨ।

ਉਨ੍ਹਾਂ ਅੱਗੇ ਕਿਹਾ ਕਿ ਵਿਰੋਧੀਆਂ ਵੱਲੋਂ ਯੋਜਨਾ ਨੂੰ ਲੈ ਕੇ ਕੀਤੀ ਜਾ ਰਹੀ ਬੇਹੂਦਾ ਬਿਆਨਬਾਜ਼ੀ ਲੋਕਾਂ ਨੂੰ ਇਸ ਯੋਜਨਾ ਪ੍ਰਤੀ ਸਿਰਫ਼ ਨਿਰਾਸ਼ ਕਰਨ ਦੇ ਇਰਾਦੇ ਨਾਲ ਹੈ, ਜੋ ਕਿ ਪੂਰੀ ਤਰ੍ਹਾਂ ਗੈਰ-ਵਾਜਬ ਅਤੇ ਅਣਉਚਿਤ ਹੈ।

ਹਸਪਤਾਲਾਂ ਨੂੰ ਪੈਨਲ ਵਿੱਚ ਸ਼ਾਮਲ ਕਰਨ ਦੀ ਪ੍ਰਕਿਰਿਆ ਨੂੰ ਸਪੱਸ਼ਟ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਸੂਬਾ ਸਰਕਾਰ ਨੇ ਇਸ ਯੋਜਨਾ ਤਹਿਤ ਵੱਧ ਤੋਂ ਵੱਧ ਨਿੱਜੀ ਹਸਪਤਾਲਾਂ ਨੂੰ ਸੂਚੀਬੱਧ ਕੀਤਾ ਹੈ ਅਤੇ ਇਸ ਯੋਜਨਾ ਤਹਿਤ ਸਰਕਾਰ ਵੱਲੋਂ ਲਗਭਗ 2,600 ਬਿਮਾਰੀਆਂ ਅਤੇ ਇਲਾਜ ਸੇਵਾਵਾਂ ਲਈ ਦਰਾਂ ਨਿਰਧਾਰਤ ਕੀਤੀਆਂ ਗਈਆਂ ਹਨ।

ਭੁਗਤਾਨ ਵਿਧੀ ਬਾਰੇ ਦੱਸਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਹਸਪਤਾਲਾਂ ਨੂੰ ਆਪਸੀ ਸਹਿਮਤੀ ਨਾਲ ਤੈਅ ਦਰਾਂ ਅਨੁਸਾਰ ਭੁਗਤਾਨ ਕਰੇਗੀ, ਫਿਰ ਚਾਹੇ ਇਹ ਹਸਪਤਾਲ ਕਿਸੇ ਬਿਮਾਰੀ ਜਾਂ ਇਲਾਜ ਸੇਵਾ ਲਈ ਬਾਹਰਲੇ ਵਿਅਕਤੀਆਂ ਤੋਂ ਜ਼ਿਆਦਾ ਰਕਮ ਹੀ ਕਿਉਂ ਨਾ ਵਸੂਲ ਰਹੇ ਹੋਣ।

ਹਸਪਤਾਲਾਂ ਦੀ ਜਵਾਬਦੇਹੀ ਬਾਰੇ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਯੋਜਨਾ ਤਹਿਤ ਸੂਚੀਬੱਧ ਸਾਰੇ ਹਸਪਤਾਲ ਸਰਕਾਰ ਦੁਆਰਾ ਨਿਰਧਾਰਤ ਦਰਾਂ ’ਤੇ ਇਲਾਜ ਦੇਣ ਲਈ ਪਾਬੰਦ ਹਨ ਅਤੇ ਉਨ੍ਹਾਂ ਨੂੰ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ ਕਿ ਲਾਭਪਾਤਰੀਆਂ ਨੂੰ ਕੈਸ਼ਲੈੱਸ ਇਲਾਜ ਮਿਲੇ। ਯੋਜਨਾ ਬਾਰੇ ਕਿਸੇ ਵੀ ਤਰ੍ਹਾਂ ਦੀ ਗਲਤ ਜਾਣਕਾਰੀ ਨੂੰ ਸਿੱਧੇ ਤੌਰ ’ਤੇ ਰੱਦ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹਸਪਤਾਲਾਂ ਨੂੰ ਸਰਕਾਰ ਦੁਆਰਾ ਸਿੱਧਾ ਭੁਗਤਾਨ ਕੀਤਾ ਜਾਵੇਗਾ ਅਤੇ ਲਾਭਪਾਤਰੀਆਂ ਤੋਂ ਇੱਕ ਪੈਸਾ ਵੀ ਨਹੀਂ ਲਿਆ ਜਾਵੇਗਾ। ਉਨ੍ਹਾਂ ਨੇ ਪੰਜਾਬ ਵਿਰੋਧੀ ਤਾਕਤਾਂ ਵੱਲੋਂ ਇਸ ਯੋਜਨਾ ਸਬੰਧੀ ਗੁੰਮਰਾਕੁੰਨ ਅਤੇ ਗਲਤ ਤਸਵੀਰ ਪੇਸ਼ ਕਰਨ ਦੀਆਂ ਕੋਸ਼ਿਸ਼ਾਂ ਨੂੰ ਸਿਰੇ ਤੋਂ ਨਕਾਰਦਿਆਂ ਲੋਕਾਂ ਨੂੰ ਅਫ਼ਵਾਹਾਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ। ਯੋਜਨਾ ਦੇ ਲਾਭ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਨੇ ਸਪੱਸ਼ਟ ਤੌਰ ’ਤੇ ਕਿਹਾ ਕਿ ‘ਮੁੱਖ ਮੰਤਰੀ ਸਿਹਤ ਯੋਜਨਾ’ ਤਹਿਤ ਲਾਭਪਾਤਰੀਆਂ ਲਈ ਇਲਾਜ ਸੇਵਾਵਾਂ ਕੈਸ਼ਲੈੱਸ ਹਨ ਅਤੇ ਹਸਪਤਾਲਾਂ ਦੁਆਰਾ ਮਰੀਜ਼ਾਂ ਤੋਂ ਕੋਈ ਫੀਸ ਨਹੀਂ ਲਈ ਜਾਵੇਗੀ।

ਲੋਕਾਂ ਨੂੰ ਚੌਕਸ ਰਹਿਣ ਦੀ ਅਪੀਲ ਕਰਦਿਆਂ ਉਨ੍ਹਾਂ ਕਿਹਾ ਕਿ ਲੋਕ ਅਜਿਹੀਆਂ ਤਾਕਤਾਂ ਤੋਂ ਸੁਚੇਤ ਰਹਿਣ ਜੋ ਬੇਬੁਨਿਆਦ ਅਫ਼ਵਾਹਾਂ ਫੈਲਾ ਕੇ ਜਨਤਕ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ’ਤੇ ਤੁਲੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਮੈਂ ਸਮੂਹ ਪੰਜਾਬੀਆਂ ਨੂੰ ਅਪੀਲ ਕਰਦਾ ਹਾਂ ਕਿ ਉਹ ਕਿਸੇ ਵੀ ਤਰ੍ਹਾਂ ਦੀਆਂ ਅਫ਼ਵਾਹਾਂ ਵੱਲ ਧਿਆਨ ਨਾ ਦੇਣ। ਯੋਜਨਾ ਤਹਿਤ ਇਲਾਜ ਸੇਵਾਵਾਂ ਬਾਰੇ ਵੇਰਵੇ ਦਿੰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਠੋਸ ਵਿਧੀ ਉਲੀਕੀ ਹੈ ਜਿਸ ਤਹਿਤ ਹਸਪਤਾਲ ਵਿੱਚ ਦਾਖਲੇ ਤੋਂ ਲੈ ਕੇ ਜਾਂਚ ਜਾਂ ਟੈਸਟ, ਇਲਾਜ ਅਤੇ ਹਸਪਤਾਲ ਤੋਂ ਛੁੱਟੀ ਤੱਕ ਦੀ ਸਾਰੀ ਇਲਾਜ ਪ੍ਰਕਿਰਿਆ ਕੈਸ਼ਲੈੱਸ ਰਹੇਗੀ।

ਉਲੰਘਣਾ ਸਬੰਧੀ ਸਪੱਸ਼ਟ ਚੇਤਾਵਨੀ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜੇਕਰ ਕੋਈ ਹਸਪਤਾਲ ਇਸ ਯੋਜਨਾ ਤਹਿਤ ਕਿਸੇ ਮਰੀਜ਼ ਤੋਂ ਪੈਸੇ ਦੀ ਮੰਗ ਕਰਦਾ ਹੈ ਤਾਂ ਤੁਰੰਤ ਸਰਕਾਰ ਕੋਲ ਸ਼ਿਕਾਇਤ ਦਰਜ ਕਰਵਾਈ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਅਜਿਹੇ ਗਲਤ ਕੰਮਾਂ ਵਿੱਚ ਸ਼ਾਮਲ ਪਾਏ ਜਾਣ ਵਾਲੇ ਕਿਸੇ ਵੀ ਹਸਪਤਾਲ ਵਿਰੁੱਧ ਸਖ਼ਤ, ਦੰਡਕਾਰੀ ਅਤੇ ਮਿਸਾਲੀ ਕਾਰਵਾਈ ਕਰੇਗੀ। ਅਖੀਰ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਮੈਂ ਪੰਜਾਬ ਦੇ ਲੋਕਾਂ ਨੂੰ ਇਸ ਯੋਜਨਾ, ਜਿਸ ਨੂੰ ਦੁਨੀਆਂ ਭਰ ਵਿੱਚ ਸਲਾਹਿਆ ਜਾ ਰਿਹਾ ਹੈ, ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕਰਦਾ ਹਾਂ।

# ਡੋਨਾਲਡ ਟਰੰਪ ਅਪਰੈਲ ’ਚ ਕਰਨਗੇ ਚੀਨ ਦਾ ਦੌਰਾ: ਰਿਪੋਰਟ



**ਵਾਸ਼ਿੰਗਟਨ ਡੀਸੀ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਪਰੈਲ ਵਿੱਚ ਬੀਜਿੰਗ ਜਾਣ ਦੀ ਯੋਜਨਾ ਬਣਾ ਰਹੇ ਹਨ, ਜਿੱਥੇ ਉਹ ਆਪਣੇ ਚੀਨੀ ਹਮਰੁਤਬਾ ਸ਼ੀ ਜਿਨਪਿੰਗ ਨਾਲ ਮੁਲਾਕਾਤ ਕਰਨਗੇ। ’ਪੋਲੀਟਿਕੋ’ ਦੀ ਰਿਪੋਰਟ ਅਨੁਸਾਰ, ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਇਹ ਉਨ੍ਹਾਂ ਦੀ ਪਹਿਲੀ ਚੀਨ ਯਾਤਰਾ ਹੋਵੇਗੀ।

ਹਾਲ ਹੀ ਵਿੱਚ ਇੱਕ ਇੰਟਰਵਿਊ ਦੌਰਾਨ ਟਰੰਪ ਨੇ ਖੁਦ ਇਸ ਦੀ ਪੁਸ਼ਟੀ ਕਰਦਿਆਂ ਕਿਹਾ, ÷ਮੈਂ ਅਪਰੈਲ ਵਿੱਚ ਚੀਨ ਜਾ ਰਿਹਾ ਹਾਂ ਅਤੇ ਸ਼ੀ ਜਿਨਪਿੰਗ ਸਾਲ ਦੇ ਅੰਤ ਤੱਕ ਇੱਥੇ ਆਉਣਗੇ।

ਦਰਅਸਲ ਦੋਵਾਂ ਆਗੂਆਅ ਵਿਚਾਲੇ ਬੀਤੇ ਦਿਨੀਂ 90 ਮਿੰਟ ਤੱਕ ਫੋਨ ’ਤੇ ਗੱਲਬਾਤ ਹੋਈ। ਟਰੰਪ ਮੁਤਾਬਕ ਇਹ ਗੱਲਬਾਤ ਮੁੱਖ ਤੌਰ ’ਤੇ ਵਪਾਰ ’ਤੇ ਕੇਂਦਰਿਤ ਸੀ। ਟਰੰਪ ਨੇ ’ਟਰੂਥ ਸੋਸ਼ਲ’ ’ਤੇ ਲਿਖਿਆ ਕਿ ਰਾਸ਼ਟਰਪਤੀ ਸ਼ੀ ਨੇ ਉਨ੍ਹਾਂ ਨੂੰ ਅਤੇ ਫਰਸਟ ਲੇਡੀ ਨੂੰ ਚੀਨ ਆਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਦੁਨੀਆ ਦੇ ਦੋ ਸਭ ਤੋਂ ਸ਼ਕਤੀਸ਼ਾਲੀ ਦੇਸ਼ਾਂ ਦੇ ਆਗੂਆਂ ਵਿਚਾਲੇ ਚੰਗੇ ਸਬੰਧ ਹੋਣਾ ਬਹੁਤ ਜ਼ਰੂਰੀ ਹੈ।

ਚੀਨੀ ਮੀਡੀਆ ਮੁਤਾਬਕ ਸ਼ੀ ਜਿਨਪਿੰਗ ਨੇ ਅਮਰੀਕਾ ਨੂੰ ਅਪੀਲ ਕੀਤੀ ਹੈ ਕਿ ਉਹ ਚੀਨ ਵਿਰੁੱਧ ਲਏ ਗਏ ਨਕਾਰਾਤਮਕ ਫੈਸਲਿਆਂ ਨੂੰ ਵਾਪਸ ਲਵੇ ਅਤੇ ਬਰਾਬਰੀ ਤੇ ਸਤਿਕਾਰ ਦੇ ਨਾਲ ਮਿਲ ਕੇ ਕੰਮ ਕਰੇ। ਭਾਵੇਂ ਦੋਵੇਂ ਆਗੂ ਮਿਲਣ ਦੀ ਤਿਆਰੀ ਕਰ ਰਹੇ ਹਨ, ਪਰ ਦੋਵਾਂ ਦੇਸ਼ਾਂ ਵਿਚਾਲੇ ਕਈ ਮੁੱਦਿਆਂ ’ਤੇ ਤਣਾਅ ਬਰਕਰਾਰ ਹੈ।

# ਏਅਰ ਇੰਡੀਆ ਨੇ ਦਿੱਲੀ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ਪਹਿਲਾ ਫਲੈਗਸ਼ਿਪ ਮਹਾਰਾਜਾ ਲਾਉਂਜ ਖੋਲ੍ਹਿਆ

**ਅੰਮ੍ਰਿਤਸਰ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੀ ਮੋਹਰੀ ਗਲੋਬਲ ਏਅਰਲਾਈਨ, ਏਅਰ ਇੰਡੀਆ ਨੇ ਅੱਜ ਨਵੀਂ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਟਰਮੀਨਲ 3 ’ਤੇ ਆਪਣੇ ਪਹਿਲੇ ਫਲੈਗਸ਼ਿਪ ਲਾਉਂਜ, ’ਦ ਮਹਾਰਾਜਾ ਲਾਉਂਜ’ ਦਾ ਉਦਘਾਟਨ ਕੀਤਾ। ਇਸ ਦੇ ਨਾਲ, ਏਅਰਲਾਈਨ ਨੇ ਯਾਤਰੀਆਂ ਨੂੰ ਪ੍ਰੀਮੀਅਮ ਆਰਾਮ ਅਤੇ ਇੱਕ ਨਿੱਘਾ ਭਾਰਤੀ ਪਰਾਹੁਣਚਾਰੀ ਅਨੁਭਵ ਪ੍ਰਦਾਨ ਕਰਨ ਵਿੱਚ ਨਵੇਂ ਮਾਪਦੰਡ ਸਥਾਪਤ ਕੀਤੇ ਹਨ। ਇਸ ਮੌਕੇ ’ਤੇ ਬੋਲਦੇ ਹੋਏ, ਏਅਰ ਇੰਡੀਆ ਦੇ ਮੁੱਖ ਕਾਰਜਕਾਰੀ ਅਧਿਕਾਰੀ ਅਤੇ ਪ੍ਰਬੰਧ ਨਿਰਦੇਸ਼ਕ ਕੈਂਪਬੈਲ ਵਿਲਸਨ ਨੇ ਕਿਹਾ, ÷ਦਿੱਲੀ ਹਵਾਈ ਅੱਡੇ ’ਤੇ ਮਹਾਰਾਜਾ ਲਾਉਂਜ ਸਾਡੀ ਤਬਦੀਲੀ ਦੀ ਯਾਤਰਾ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ। ਇਹ ’ਨਿਊ ਏਅਰ ਇੰਡੀਆ ਅਨੁਭਵ’ ਦਾ ਸੰਪੂਰਨ ਪ੍ਰਗਟਾਵਾ ਹੈ। ਅਸੀਂ ਹਵਾਬਾਜ਼ੀ ਪਰਾਹੁਣਚਾਰੀ ਵਿੱਚ ਨਵੇਂ ਮਾਪਦੰਡ ਸਥਾਪਤ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਅਤੇ ਇਹ ਸਿਰਫ਼ ਸ਼ੁਰੂਆਤ ਹੈ।÷ ਸਾਡੀਆਂ ਵਿਸਥਾਰ ਯੋਜਨਾਵਾਂ ਦੇ ਹਿੱਸੇ ਵਜੋਂ, ਅਸੀਂ ਉਨ੍ਹਾਂ ਬਹੁਤ ਸਾਰੇ ਦੇਸ਼ਾਂ ਵਿੱਚ ਮਹੱਤਵਪੂਰਨ ਨਿਵੇਸ਼ ਕਰਾਂਗੇ ਜਿੱਥੇ ਅਸੀਂ ਉਡਾਣ ਭਰਦੇ ਹਾਂ, ਅਜਿਹੇ ਪਲੇਟਫਾਰਮ ਬਣਾਉਣ ਲਈ ਜੋ ਸਾਡੇ ਮਹਿਮਾਨਾਂ ਲਈ ਲਗਜ਼ਰੀ ਅਤੇ ਆਰਾਮ ਦੇ ਅਰਥ ਨੂੰ ਪੂਰੀ ਤਰ੍ਹਾਂ ਬਦਲ ਦੇਣਗੇ।÷

ਸ਼ਾਨਦਾਰ ਵੇਰਵੇ ਨਾਲ ਤਿਆਰ ਕੀਤਾ ਗਿਆ, ਮਹਾਰਾਜਾ ਲਾਉਂਜ ਏਅਰ ਇੰਡੀਆ ਦੇ ਨਵੇਂ ਬ੍ਰਾਂਡਿੰਗ ਅਤੇ ਡਿਜ਼ਾਈਨ ਫਲਸਫੇ ਦੇ ਅਨੁਸਾਰ ਹੈ, ਜੋ ਵਿਰਾਸਤ ਤੋਂ ਪ੍ਰੇਰਿਤ ਮਾਹੌਲ ਨੂੰ ਆਧੁਨਿਕ ਲਗਜ਼ਰੀ ਨਾਲ ਪੂਰੀ ਤਰ੍ਹਾਂ ਮਿਲਾਉਂਦਾ ਹੈ। ਏਅਰਲਾਈਨ ਭਾਰਤ ਅਤੇ ਦੁਨੀਆ ਭਰ ਦੇ ਹਵਾਈ ਅੱਡਿਆਂ ’ਤੇ ਅਜਿਹੇ ਆਧੁਨਿਕ ਲਾਉਂਜ ਲਾਂਚ ਕਰਨ ਦੀ ਯੋਜਨਾ ਬਣਾ ਰਹੀ ਹੈ। ਪਹਿਲਾ ਲਾਉਂਜ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ਖੋਲ੍ਹਿਆ ਗਿਆ ਹੈ, ਜੋ ਇੱਕ ਉੱਤਮ ਮਹਿਮਾਨ ਅਨੁਭਵ ਪ੍ਰਦਾਨ ਕਰਨ ਲਈ ਤਿਆਰ ਹੈ। ਲਾਉਂਜ ਹੌਲੀ-ਹੌਲੀ 16 ਫਰਵਰੀ, 2026 ਤੋਂ ਕਾਰੋਬਾਰੀ ਅਤੇ ਪਹਿਲੀ ਸ਼੍ਰੇਣੀ ਦੇ ਮਹਿਮਾਨਾਂ, ਗੋਲਡ ਅਤੇ ਪਲੈਟੀਨਮ ਮਹਾਰਾਜਾ ਕਲੱਬ ਦੇ ਮੈਂਬਰਾਂ ਅਤੇ ਯੋਗ ਸਟਾਰ ਅਲਾਇੰਸ ਮੈਂਬਰਾਂ ਲਈ ਖੋਲ੍ਹਿਆ ਜਾਵੇਗਾ।

ਮਹਾਰਾਜਾ ਲਾਉਂਜ, ਜੋ ਕਿ ਗਲੋਬਲ ਡਿਜ਼ਾਈਨ ਸਟੂਡੀਓ ਹਰਸ਼ ਬੈਡਨਰ ਐਸੋਸੀਏਟਸ ਦੁਆਰਾ ਸੰਕਲਪਿਤ ਹੈ, ਵਿੱਚ ਪ੍ਰੀਮੀਅਮ ਇੰਟੀਰੀਅਰ ਹਨ ਜਿਨ੍ਹਾਂ ਵਿੱਚ ਸੁਧਾਰੀ ਫਰਨੀਚਰ, ਅੰਬੀਨਟ ਲਾਈਟਿੰਗ ਅਤੇ ਏਅਰ ਇੰਡੀਆ ਦੀ ਨਵੀਂ ਬ੍ਰਾਂਡਿੰਗ ਹੈ। ਲਾਉਂਜ ਵਿੱਚ ਕਲਾ ਦੇ ਟੁਕੜੇ ਭਾਰਤ ਨਾਲ ਇਸਦੇ ਡੂੰਘੇ ਸਬੰਧ ਨੂੰ ਦਰਸਾਉਂਦੇ ਹਨ ਅਤੇ ਭਾਰਤ ਦੇ ਅਮੀਰ ਸੱਭਿਆਚਾਰ ਅਤੇ ਵਿਰਾਸਤ ਦਾ ਜਸ਼ਨ ਮਨਾਉਣ ਵਾਲੀ ਇੱਕ ਵਿਲੱਖਣ ਕਹਾਣੀ ਦੱਸਦੇ ਹਨ। ਮਹਾਰਾਜਾ ਲਾਉਂਜ ਵਿੱਚ ਵੱਖ-ਵੱਖ ਜ਼ਰੂਰਤਾਂ ਦੇ ਅਨੁਸਾਰ ਵੱਖਰੇ ਜ਼ੋਨ ਹਨ, ਜੋ ਸਮਾਜਿਕ ਸ਼ਮੂਲੀਅਤ ਦੇ ਨਾਲ-ਨਾਲ ਆਰਾਮ ਅਤੇ ਕੰਮ ਲਈ ਇੱਕ ਸ਼ਾਂਤ ਮਾਹੌਲ ਪ੍ਰਦਾਨ ਕਰਦੇ ਹਨ। ਮਹਿਮਾਨ ਆਪਣੀਆਂ ਪਸੰਦਾਂ ਅਤੇ ਮੂਡਾਂ ਦੇ ਅਨੁਕੂਲ ਮਾਹੌਲ ਚੁਣ ਸਕਦੇ ਹਨ, ਆਰਾਮ ਕਰਨ ਜਾਂ ਕੰਮ ਕਰਨ ਲਈ ਆਪਣੀ ਪਸੰਦ ਦਾ ਇੱਕ ਕੋਨਾ ਚੁਣ ਸਕਦੇ ਹਨ। ਲਾਉਂਜ ਦੀਆਂ ਮੁੱਖ ਥਾਵਾਂ ਵਿੱਚ ਸ਼ਾਮਲ ਹਨ: ਐਵੀਏਟਰਜ਼ ਬਾਰ: ਇਸ ਬਾਰ ਵਿੱਚ ਵਾਈਨ ਅਤੇ ਵਿਸਕੀ ਦਾ ਇੱਕ ਸ਼ਾਨਦਾਰ ਸੰਗ੍ਰਹਿ ਹੈ, ਜੋ ਵਿਸ਼ੇਸ਼ ਤੌਰ ’ਤੇ ਸਮਝਦਾਰ ਯਾਤਰੀਆਂ ਲਈ ਚੁਣਿਆ ਗਿਆ ਹੈ। ਇਸਦਾ ਡਿਜ਼ਾਈਨ ਸ਼੍ਰੀ ਜੇਆਰਡੀ ਟਾਟਾ ਦੀ 1932 ਵਿੱਚ ਕਰਾਚੀ ਤੋਂ ਬੰਬਈ ਦੀ ਇਤਿਹਾਸਕ ਉਡਾਣ ਤੋਂ ਪ੍ਰੇਰਿਤ ਹੈ, ਜਿਸਦੀ ਛੱਤ ਪਹਿਲੇ ਪੁਸ ਮੋਥ ਜਹਾਜ਼ ਦੇ ਪ੍ਰੋਪੈਲਰ ਵਰਗੀ ਡਿਜ਼ਾਈਨ ਕੀਤੀ ਗਈ ਹੈ। ਗਲੋਬਟ੍ਰੋਟਰਜ਼ ਸਟੱਡੀ: ਪੜ੍ਹਨ ਦੇ ਉਤਸ਼ਾਹੀਆਂ ਅਤੇ ਕੰਮ ਕਰਨ ਵਾਲੇ ਪੇਸ਼ੇਵਰਾਂ ਲਈ, ਗਲੋਬਟ੍ਰੋਟਰਜ਼ ਸਟੱਡੀ ਇੱਕ ਸੰਪੂਰਨ ਕੰਮ ਕਰਨ ਵਾਲੀ ਜਗ੍ਹਾ ਹੈ। ਇਸ ਸ਼ਾਂਤ ਅਤੇ ਆਰਾਮਦਾਇਕ ਕੋਨੇ ਵਿੱਚ ਗਲਪ ਅਤੇ ਗੈਰ-ਗਲਪ ਕਿਤਾਬਾਂ ਦਾ ਇੱਕ ਕਿਊਰੇਟਿਡ ਸੰਗ੍ਰਹਿ ਹੈ। ਕਈ ਪਾਵਰ ਆਊਟਲੇਟਾਂ ਅਤੇ ਹਾਈ-ਸਪੀਡ ਕਨੈਕਟੀਵਿਟੀ ਦੇ ਨਾਲ, ਇਹ ਪੜ੍ਹਨ ਅਤੇ ਕੰਮ ਕਰਨ ਲਈ ਇੱਕ ਆਰਾਮਦਾਇਕ ਜਗ੍ਹਾ ਹੈ। ਸੈਰੇਨਿਟੀ ਏਰੀਆ: ਇੱਕ ਸ਼ਾਂਤ, ਬੰਦ ਜਗ੍ਹਾ ਇੱਕ ਸ਼ਾਂਤ ਮਾਹੌਲ ਦੇ ਨਾਲ, ਸੈਰੇਨਿਟੀ ਏਰੀਆ ਵਿੱਚ ਮਹਿਮਾਨਾਂ ਨੂੰ ਆਰਾਮ ਕਰਨ ਅਤੇ ਮੁੜ ਸੁਰਜੀਤ ਕਰਨ ਲਈ ਵਿਅਕਤੀਗਤ ਰੀਕਲਾਈਨਰ ਹਨ। ਸ਼ੈਂਪੇਨ ਬਾਰ: ਇਹ ਆਧੁਨਿਕ-ਲਗਜ਼ਰੀ ਬਾਰ, ਰਵਾਇਤੀ ਭਾਰਤੀ ਰੂਪਾਂ ਦੇ ਨਾਲ, ’ਫਸਟ ਕਲਾਸ’ ਲਾਉਂਜ ਦੀ ਇੱਕ ਵਿਸ਼ੇਸ਼ ਵਿਸ਼ੇਸ਼ਤਾ ਹੈ। ਸ਼ੈਂਪੇਨ ਦੇ ਨਾਲ, ਕਲਾਸਿਕ ਅਤੇ ਸਿਗਨੇਚਰ ਕਾਕਟੇਲਾਂ ਦੀ ਸੇਵਾ ਕਰਦੇ ਹੋਏ, ਇਸਦੇ ਕ੍ਰਿਸਟਲ ਇੱਕ ਚਮਕਦਾਰ ਪ੍ਰਭਾਵ ਬਣਾਉਂਦੇ ਹਨ, ਇਸਨੂੰ ਇੱਕ ਤਸਵੀਰ-ਸੰਪੂਰਨ ਸਥਾਨ ਬਣਾਉਂਦੇ ਹਨ ਜੋ ਲਗਜ਼ਰੀ ਵਿੱਚ ਨਵੇਂ ਮਿਆਰ ਨਿਰਧਾਰਤ ਕਰਦਾ ਹੈ। ਟਾਰਮੈਕ ਵਿਊ: ’ਫਸਟ ਕਲਾਸ’ ਲਾਉਂਜ ਪੇਸ਼ਕਸ਼ ਦੇ ਬੈਠਣ ਅਤੇ ਖਾਣ-ਪੀਣ ਵਾਲੇ ਭਾਗ ਟਾਰਮੈਕ ਦੇ ਦ੍ਰਿਸ਼, ਜਹਾਜ਼ ਦੇ ਉਡਾਣ ਭਰਨ ਅਤੇ ਉਤਰਨ ਦੇ ਮਨਮੋਹਕ ਦ੍ਰਿਸ਼ ਪੇਸ਼ ਕਰਦੇ ਹਨ। ÷ਵਾਈਨ ਐਂਡ ਡਾਇਨ ਵਿਦ ਇਨਸ ਸ਼ਾਨਦਾਰ ਦ੍ਰਿਸ਼ਾਂ÷ ਦਾ ਇਹ ਆਲੀਸ਼ਾਨ ਅਨੁਭਵ ਯਾਤਰੀਆਂ ਲਈ ਸੰਪੂਰਨ ਹੈ। ਸਲੀਪ ਸੂਟ: ਫਸਟ ਕਲਾਸ ਵਿੱਚ ਯਾਤਰਾ ਕਰਨ ਵਾਲੇ ਮਹਿਮਾਨ ਆਪਣੀ ਉਡਾਣ ਤੋਂ ਪਹਿਲਾਂ ਸਾਡੇ ਸਲੀਪ ਸੂਟ ਵਿੱਚ ਆਰਾਮ ਕਰ ਸਕਦੇ ਹਨ। ਕਲਪਨਾ ਕਰੋ ਕਿ ਟੇਕਆਫ ਤੋਂ ਪਹਿਲਾਂ ਤਾਜ਼ੇ ਜੂਸ ਜਾਂ ਗਰਮ ਪੀਣ ਨਾਲ ਆਰਾਮ ਕਰਨਾ ਕਿੰਨਾ ਸ਼ਾਨਦਾਰ ਹੋਵੇਗਾ।

ਸ਼ਾਨਦਾਰ ਡਾਇਨਿੰਗ - ਮਹਾਰਾਜਾ ਲਾਉਂਜ ਸਾਰੇ ਮਹਿਮਾਨਾਂ ਲਈ ਇੱਕ ਆਲੀਸ਼ਾਨ ਡਾਇਨਿੰਗ ਅਨੁਭਵ ਪ੍ਰਦਾਨ ਕਰਦਾ ਹੈ, ਜਿੱਥੇ ਉਹ ਲਾਈਵ ਕੁਕਿੰਗ ਸਟੇਸ਼ਨ ਸਮੇਤ ਕਈ ਤਰ੍ਹਾਂ ਦੇ ਭਾਰਤੀ ਅਤੇ ਅੰਤਰਰਾਸ਼ਟਰੀ ਪਕਵਾਨਾਂ ਦਾ ਆਨੰਦ ਲੈ ਸਕਦੇ ਹਨ।

ਰਵਾਇਤੀ ਗੇਰੀਡਨ ਸੇਵਾ ਤੋਂ ਪ੍ਰੇਰਿਤ ਵਿਲੱਖਣ ਬੇਵਰੇਜ ਔਨ ਵ੍ਹੀਲਜ਼ ਸੇਵਾ ਦੇ ਨਾਲ, ਮਹਿਮਾਨ ਆਪਣੀ ਸੀਟ ਦੇ ਆਰਾਮ ਤੋਂ ਸਿਗਨੇਚਰ ਕਾਕਟੇਲ ਦਾ ਆਨੰਦ ਲੈ ਸਕਦੇ ਹਨ। ਉਹ ਮਿਕਸੋਲੋਜਿਸਟਾਂ ਦੁਆਰਾ ਤਿਆਰ ਕੀਤੇ ਗਏ ਕਈ ਤਰ੍ਹਾਂ ਦੇ ਕਾਕਟੇਲਾਂ ਵਿੱਚੋਂ ਚੋਣ ਕਰ ਸਕਦੇ ਹਨ। ਹਰੇਕ ਕਾਕਟੇਲ ਦੀ ਇੱਕ ਵਿਲੱਖਣ ਕਹਾਣੀ ਹੈ, ਜੋ ਭਾਰਤੀ ਸੱਭਿਆਚਾਰ, ਸਮੱਗਰੀ, ਜਾਂ ਏਅਰ ਇੰਡੀਆ ਦੀ ਵਿਰਾਸਤ ਨਾਲ ਜੁੜੀ ਹੋਈ ਹੈ, ਅਤੇ ਪਰੰਪਰਾ ਅਤੇ ਆਧੁਨਿਕ ਮਿਕਸੋਲੋਜੀ ਦਾ ਮਿਸ਼ਰਣ ਪੇਸ਼ ਕਰਦੀ ਹੈ। ਏਅਰ ਇੰਡੀਆ ਨੇ ਸਭ ਤੋਂ ਮਸ਼ਹੂਰ ਭਾਰਤੀ ਪੀਣ ਵਾਲੇ ਪਦਾਰਥ ਦਾ ਸਨਮਾਨ ਕਰਨ ਲਈ ਇੱਕ ਨਵੀਨਤਾਕਾਰੀ ’ਟੀ ਪ੍ਰੋਗਰਾਮ’ ਵੀ ਪੇਸ਼ ਕੀਤਾ ਹੈ, ਜਿੱਥੇ ਯਾਤਰੀ ਆਪਣੀ ਪਸੰਦ ਦੀ ਤਾਜ਼ੀ ਬਣਾਈ ਹੋਈ ਚਾਹ ਦਾ ਆਨੰਦ ਲੈ ਸਕਦੇ ਹਨ, ਨਾਲ ਹੀ ਕਈ ਤਰ੍ਹਾਂ ਦੇ ਸਨੈਕਸ ਅਤੇ ਪਕਵਾਨ ਵੀ। ਇੱਕ ਆਕਰਸ਼ਕ ਚਾਹ ਟਰਾਲੀ ’ਤੇ ਪਰੋਸਿਆ ਜਾਂਦਾ ਹੈ। ਡਾਕ ਸੇਵਾ - ਮਹਿਮਾਨਾਂ ਨੂੰ ਇੱਕ ਯਾਦਗਾਰੀ ਅਨੁਭਵ ਪ੍ਰਦਾਨ ਕਰਨ ਦੀ ਕੋਸ਼ਿਸ਼ ਵਿੱਚ, ਮਹਾਰਾਜਾ ਦੁਆਰਾ ਡਿਜ਼ਾਈਨ ਕੀਤੇ ਪੋਸਟਕਾਰਡ ਪੇਸ਼ ਕੀਤੇ ਗਏ ਹਨ, ਜਿਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਵਜੋਂ ਰੱਖਿਆ ਜਾ ਸਕਦਾ ਹੈ।

# ਨਾਜਾਇਜ਼ ਕਬਜ਼ਿਆਂ ਅਤੇ ਟ੍ਰੈਫਿਕ ਜਾਮ ਦੀ ਸਥਿਤੀ ਬਾਰੇ ਜਾਣਕਾਰੀ ਸਾਂਝੀ ਕੀਤੀ

**ਫਗਵਾੜਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੰਟਰਨੈਸ਼ਨਲ ਹਿਊਮਨ ਰਾਈਟ ਨਿਆਂ ਪਰਿਸ਼ਦ ਸੰਸਥਾ ਵੱਲੋਂ ਅਧਿਆਕਸ਼ ਅਨਿਲ ਭੱਲਾ ਦੀ ਅਗਵਾਈ ਹੇਠ ਸੀਨੀਅਰ ਸੁਪਰਿੰਟੈਂਡੈਂਟ ਮਾਧਵੀ ਸ਼ਰਮਾ ਨਾਲ ਸ਼ਹਿਰ ਵਿੱਚ ਹੋਏ ਨਾਜਾਇਜ਼ ਕਬਜ਼ਿਆਂ ਅਤੇ ਟ੍ਰੈਫਿਕ ਜਾਮ ਦੀ ਸਥਿਤੀ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ।

ਇਸ ਮੌਕੇ ਸੰਸਥਾ ਦੇ ਮੈਂਬਰਾਂ ਨੇ ਬੰਗਾ ਰੋਡ, ਹਰਗੋਵਿੰਦ ਨਗਰ, ਸਰਾਏ ਰੋਡ, ਸਿਨੇਮਾ ਰੋਡ ਅਤੇ ਸ਼ਹਿਰ ਦੇ ਵੱਖ-ਵੱਖ ਖੇਤਰਾਂ ਦੀ ਸਥਿਤੀ ਬਾਰੇ ਵੀ ਵਿਸਥਾਰ ਨਾਲ ਦੱਸਿਆ।

ਇਸ ਦੌਰਾਨ ਮੈਡਮ ਐਸਪੀ ਮਾਧਵੀ ਸ਼ਰਮਾ ਨੇ ਸੰਸਥਾ ਵੱਲੋਂ ਰੱਖੀ ਹਰ ਗੱਲ ਨੂੰ ਬੜੀ ਧਿਆਨ ਨਾਲ ਸੁਣਿਆ ਅਤੇ ਇਸ ਨੂੰ ਜਲਦੀ ਤੋਂ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ। ਵਾਅਦੇ ਅਨੁਸਾਰ ਐਸਪੀ ਮੈਡਮ ਮਾਧਵੀ ਸ਼ਰਮਾ ਨੇ ਤੁਰੰਤ ਕਾਰਵਾਈ ਕਰਦੇ ਹੋਏ ਐਕਸ਼ਨ ਲੈਣਾ ਸ਼ੁਰੂ ਕਰ ਦਿੱਤਾ।

ਮੈਡਮ ਐਸਪੀ ਮਾਧਵੀ ਸ਼ਰਮਾ ਨੇ ਸਾਰੇ ਸ਼ਹਿਰ ਵਾਸੀਆਂ ਨੂੰ ਟ੍ਰੈਫਿਕ ਜਾਮ ਤੋਂ ਨਿਜਾਤ ਪਾਉਣ ਲਈ ਪੁਲਿਸ ਦਾ ਸਹਿਯੋਗ ਕਰਨ ਦੀ ਅਪੀਲ ਵੀ ਕੀਤੀ।

# ਭਾਈ ਘਨੱਈਆ ਜੀ



**(ਭਾਈ ਘਨ੍ਹੱਈਆ ਜੀ ਦੇ ਜਨਮ ਅਸਥਾਨ ਦਾ ਨਾਂ-ਸੌਦਰ ਸੋਹਦਰਾ ਅਤੇ ਹੁਣ ਸੋਧਰਾ (ਪਾਕਿਸਤਾਨ)**

• ਫ਼ਕੀਰ ਚੰਦ ਤੁਲੀ

ਬਣੇ ਬਿਗਾਰੀ ਆਪਹੀ, ਸਿਰ ਚੁੱਕੇ ਸੰਤਾਪ
ਚੁੱਕਣ ਪਰਾਏ ਬੋਝ ਨੂੰ, ਕਰੇ ਬਿਗਾਰਾਂ ਆਪ।
ਕਹੇ ਸ਼ਰੀਕਾ ਸੋਚ ਤੂੰ, ਤੇਰੇ ਕੈਸੇ ਕਾਰ,
ਇੰਝ ਤੇਰੇ ਪਰਿਵਾਰ ਦਾ, ਘਟਦਾ ਹੈ ਸਤਿਕਾਰ।
ਆਪਣੀ ਕੁੱਲ ਵੱਲ ਵੇਖ ਤੂੰ, ਕੁੱਲ ਦਾ ਕਰੀਂ ਧਿਆਨ,
ਤੇਰੇ ਹੱਥਾਂ ਵਿਚ ਹੈ, ਇਸ ਦਾ ਕੁਲ ਸਨਮਾਨ।
ਭਾਈ ਘਨੱਈਆ ਪਿਤਾ ਨੂੰ, ਬੋਲੇ ਮਿੱਠੜੇ ਬੋਲ,
ਮਿੱਠੜੇ ਮਿੱਠੜੇ ਬੋਲ ਨੇ, ਪਿਤਾ ਜੈ ਲੈ ਲਏ ਮੋਲ।
ਸੰਗ ਠਰ੍ਹੰਮੇਂ ਬੋਲਕੇ, ਬੋਲੇ ਸਹਿਜ ਸੁਭਾ,
ਬਓਰੇ ਵੀ ਪੁੱਤ ਹੋਂਵਦੇ, ਬਓਰਾ ਲਓ ਸਮਾ।
ਮੈਂ ਬਓਰਾ ਪੁੱਤਰ ਸਹੀ, ਜੋ ਹਾਂ, ਤੁਸਾਂ ਦਾ ਹਾਂ
ਸਭ ਸਿਆਣੇ, ਬਾਂਵਲੇ, ਮਾਂ ਘਰ ਪਾਵਣ ਥਾਂ।
ਇਹ ਲੋਕੀ ਕੀ ਜਾਣਦੇ, ਬਓਲਾਪਣ ਹੈ ਕੀ?
ਬਓਲੇ ਪੁਰਖ ਜਹਾਨ ਤੇ, ਸੁੱਚੇ ਹੋਵਣ ਜੀ।
ਕਾਰਜ ਸ਼ੁੱਭ, ਅਸ਼ੁੱਭ ਤੇ, ਕਰੋ ਨਾ ਤੁਸੀਂ ਵਿਚਾਰ,
ਹਰਦਮ ਮੇਰੇ ਨਾਲ ਹੈ, ਕਰਨ-ਕਰਾਵਨਹਾਰ।
ਕਹੇ ਸੀ ਜਗ ਨੇ ਗੁਰਾਂ ਨੂੰ, ਬੇਤਾਲੇ ਜਏ ਬੋਲ,
ਸਮਝਣ ਜੋ ਦੁੱਖ ਗੈਰ ਦੇ, ਮਿਲਣ ਨਾ ਬਓਲੇ ਟੋਲ।

ਮੋਬਾਈਲ : 90419-19908

ਚਲਦਾ...

**ਅਧਿਆਤਮਿਕ ਖੇਤਰ ਵਿਚ ਰੱਬੀ ਏਕਤਾ ਦਾ ਹੋਕਾ ਦੇਣ ਵਾਲੇ ਭਗਤ ਆਪਣੇ ਸਮੇਂ ਦੇ ਸਮਾਜ ਨੂੰ ਸੁਧਾਰਨ ਅਤੇ ਨਿਖਾਰਨ ਵਿਚ ਵੀ ਆਪਣਾ ਬਣਦਾ-ਸਰਦਾ ਯੋਗਦਾਨ ਪਾਉਂਦੇ ਰਹੇ ਹਨ। ਇਸ ਬਦਲੇ ਉਨ੍ਹਾਂ ਦਾ ਵਿਰੋਧ ਹੁੰਦਾ ਰਿਹਾ...**

# ਗੁਰੂ ਗ੍ਰੰਥ ਸਾਹਿਬ ਦੇ ਭਗਤ ਬਾਣੀਕਾਰ

# ਭਗਤ ਰਾਮਾਨੰਦ ਜੀ

ਮੱਧ ਕਾਲ ਦੌਰਾਨ ਭਾਰਤ ਵਿਚ ਚੱਲੀ ਭਗਤੀ ਲਹਿਰ ਰੂਹਾਨੀਅਤ ਦੀ ਅਮੀਰੀ ਦੇ ਨਾਲ-ਨਾਲ ਇਕ ਧਾਰਮਿਕ ਅਤੇ ਸਮਾਜਿਕ ਚੇਤਨਾ ਦੀ ਲਹਿਰ ਵੀ ਸੀ। ਮਨੁੱਖਤਾ ਨੂੰ ਰੂਹਾਨੀ ਰੰਗ ਵਿਚ ਰੰਗਣ ਵਾਲੀ ਇਸ ਭਗਤੀ ਲਹਿਰ ਦਾ ਧਾਰਮਿਕ ਖੇਤਰ ਵਿਚ ਇਕ ਅਹਿਮਤਰੀਨ ਯੋਗਦਾਨ ਰਿਹਾ ਹੈ। ਇਸ ਲਹਿਰ ਨਾਲ ਜੁੜੇ ਭਗਤਾਂ ਵੱਲੋਂ ਜਿਹੜੀ ਬਾਣੀ ਉਚਾਰਣ ਕੀਤੀ ਗਈ ਹੈ,ਉਸ ਵਿਚ ਧਰਮ ਦੇ ਕਰਮਕਾਂਡੀ ਰੂਪ ਨੂੰ ਰੱਦ ਕਰ ਕੇ ਸੱਚੇ ਅਚਾਰ ਅਤੇ ਸੁਚੱਜੇ ਵਿਹਾਰ ਨੂੰ ਧਰਮ ਦਾ ਬੁਨਿਆਦੀ ਤੱਤ ਮੰਨਿਆ ਗਿਆ ਹੈ। ਇਹ ਮਾਨਤਾ ਕੇਵਲ ਗੱਲੀਂ-ਬਾਤੀਂ ਹੀ ਨਹੀਂ ਦਿੱਤੀ ਗਈ ਸਗੋਂ ਭਗਤ-ਜਨਾ ਦਾ ਆਪਣਾ ਸਮੁੱਚਾ ਜੀਵਨ ਵੀ ਇਸ ਮਾਨਤਾ ਦੇ ਅਨੁਸਾਰੀ ਹੀ ਰਿਹਾ ਹੈ। ਅਧਿਆਤਮਿਕ ਖੇਤਰ ਵਿਚ ਰੱਬੀ ਏਕਤਾ ਦਾ ਹੋਕਾ ਦੇਣ ਵਾਲੇ ਇਹ ਭਗਤ ਆਪਣੇ ਸਮੇਂ ਦੇ ਸਮਾਜ ਨੂੰ ਸੁਧਾਰਨ ਅਤੇ ਨਿਖ਼ਾਰਨ ਵਿਚ ਵੀ ਆਪਣਾ ਬਣਦਾ-ਸਰਦਾ ਯੋਗਦਾਨ ਪਾਉਂਦੇ ਰਹੇ ਹਨ। ਇਸ ਯੋਗਦਾਨ ਦੇ ਬਦਲੇ ਇਨ੍ਹਾਂ ਮਹਾਂਪੁਰਖਾਂ ਨੂੰ ਕਈ ਵਾਰ ਕੱਟੜਵਾਦੀਆਂ ਦੀ ਨਫ਼ਰਤ ਅਤੇ ਗੁੱਸੇ ਦਾ ਸ਼ਿਕਾਰ ਵੀ ਹੋਣਾ ਪੈਂਦਾ ਰਿਹਾ ਹੈ।

ਆਪਣੀ ਵਿਸ਼ੇਸ਼ ਤੇ ਵਿਲੱਖਣ ਵਿਚਾਰਧਾਰਾ ਨਾਲ ਜਿਥੇ ਇਨ੍ਹਾਂ ਪ੍ਰਭੂ-ਪਿਆਰਿਆਂ ਨੇ ਗ਼ੈਰ-ਮਨੁੱਖੀ ਵਰਤਾਰਿਆਂ ਨੂੰ ਖ਼ਾਰਜ ਕੀਤਾ ਹੈ,ਉਥੇ ਨਵੀਨ ਮੁਹਾਂਦਰੇ ਵਾਲੇ ਸਮਾਜ ਦੀ ਸਿਰਜਣਾ ਹਿੱਤ ਵੀ ਅਣਥੱਕ ਜਤਨ ਕੀਤੇ ਹਨ। ਇਨ੍ਹਾਂ ਜਤਨਾਂ ਸਦਕਾ ਹੀ ਭਗਤਾਂ ਦੀ ਇਕ ਅੱਡਰੀ ਪਛਾਣ ਸਥਾਪਤ ਹੁੰਦੀ ਰਹੀ ਹੈ, ਜਿਹੜੀ ਉਨ੍ਹਾਂ ਨੂੰ ਇਲਾਕਾਈ ਅਤੇ ਭਾਸ਼ਾਈ ਹੱਦਾਂ-ਬੰਨਿਆਂ ਤੋਂ ਪਾਰ ਲਿਜਾ ਕੇ ਲੋਕਾਈ ਦੇ ਸਤਿਕਾਰ ਦਾ ਪਾਤਰ ਬਣਾਉਂਦੀ ਰਹੀ ਹੈ। ਇਨ੍ਹਾਂ ਲੋਕ ਸਤਿਕਾਰਤ ਪਾਤਰਾਂ ਵਿਚ ਹੀ ਸ਼ਾਮਲ ਹੈ ਉਤਰੀ ਭਾਰਤ ਦੀ ਭਗਤੀ ਲਹਿਰ ਦੇ ਮੋਢੀ ਭਗਤ ਰਾਮਾਨੰਦ ਜੀ ਦਾ ਨਾਮ।

ਭਗਤ ਰਾਮਾਨੰਦ ਜੀ (ਜਿਨ੍ਹਾਂ ਨੂੰ ਸਵਾਮੀ ਰਾਮਾਨੰਦ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ) ਦਾ ਜਨਮ 15 ਅਗਸਤ 1366 ਈ. (ਸੰਮਤ 1423) ਨੂੰ



ਇਕ ਗੌੜ ਬ੍ਰਾਹਮਣ ਸ੍ਰੀ ਭੂਰਿਕਰਮਾ ਅਤੇ ਮਾਤਾ ਸੁਸ਼ੀਲਾ ਦੇਵੀ ਦੇ ਗ੍ਰਹਿ ਵਿਖੇ ਪ੍ਰਯਾਗ ਰਾਜ (ਅਲਾਹਾਬਾਦ), ਉੱਤਰ ਪ੍ਰਦੇਸ਼ ਵਿਚ ਹੋਇਆ। ਕੁੱਝ ਕੁ ਲੇਖਕਾਂ ਦੀਆਂ ਲਿਖਤਾਂ ਵਿਚ ਭਗਤ ਜੀ ਦੇ ਪਿਤਾ ਦਾ ਨਾਮ ਸਦਨ ਸ਼ਰਮਾ ਅਤੇ ਜਨਮ ਸਥਾਨ ਕਾਂਸ਼ੀ ਵੀ ਲਿਖਿਆ ਗਿਆ ਹੈ। ਬਚਪਨ ਵਿਚ ਉਨ੍ਹਾਂ ਨੂੰ ਰਾਮਾਦੱਤ ਦੇ ਨਾਂ ਨਾਲ ਵੀ ਬੁਲਾਇਆ ਜਾਂਦਾ ਸੀ।

ਭਗਤ ਰਾਮਾਨੰਦ ਜੀ ਅਚਾਰੀਆ 'ਰਾਮਾਨੁਜ' ਜੀ ਦੁਆਰਾ ਚਲਾਈ ਗਈ ਸ੍ਰੀ ਸੰਪਰਦਾ ਦੇ ਇਕ ਉੱਘੇ ਪ੍ਰਚਾਰਕ ਸਵਾਮੀ ਰਾਘਵਨੰਦ ਦੇ ਚੇਲੇ ਸਨ, ਜਿਹੜੇ ਇਸ ਸੰਪਰਦਾ ਦੇ ਤੇਰਵੇਂ ਮੁਖੀ ਸਨ। ਭਗਤ ਜੀ ਦਾ ਜੀਵਨ-ਕਾਲ ਇਕ ਸਦੀ ਤੋਂ ਵੀ ਵਧੇਰੇ ਮੰਨਿਆ ਜਾਂਦਾ ਹੈ,ਜਿਸ ਦਾ ਬਹੁਤਾ ਹਿੱਸਾ ਉਨ੍ਹਾਂ ਨੇ ਪਰਮਾਤਮਾ ਦੀ ਭਗਤੀ ਵਿਚ ਲੀਨ ਰਹਿ ਕੇ ਹੀ ਗੁਜ਼ਾਰਿਆ। ਭਗਤ ਜੀ ਲੰਮੇ ਸਮੇਂ ਤਕ ਸ੍ਰੀ ਸੰਪਰਦਾ ਨਾਲ ਜੁੜ ਕੇ ਆਪਣੀਆਂ ਅਧਿਆਤਮਕ ਗਤੀਵਿਧੀਆਂ ਨੂੰ ਨੇਪਰੇ ਚੜ੍ਹਦੇ ਰਹੇ ਹਨ ਪਰ ਬਾਅਦ ਵਿਚ ਉਨ੍ਹਾਂ ਨੇ ਰਾਮਾਵਤ/ਰਾਮਾਦਤ ਸੰਪਰਦਾ ਦੀ ਸਥਾਪਨਾ ਕਰ ਲਈ। ਇਸ ਸੰਪਰਦਾ ਦੇ ਸਿਧਾਂਤ ਤਾਂ ਪਹਿਲਾਂ (ਸ੍ਰੀ ਸੰਪਰਦਾ) ਵਾਲੇ ਹੀ ਰਹੇ ਪਰ ਸਾਧਨਾ-ਪਧਤੀ ਵਿਚ ਕੁੱਝ ਉਦਾਰਤਾ ਜ਼ਰੂਰ ਕਾਇਮ ਹੋ ਗਈ। ਇਸ ਲਹਿਰ ਨਾਲ ਭਗਤੀ ਲਹਿਰ ਵਿਚ ਇਕ ਨਿਵੇਕਲਾ ਰੰਗ ਅਤੇ ਢੰਗ ਦਿਖਾਈ ਦੇਣ ਲੱਗ ਪਿਆ। ਇਸ ਰੰਗ ਅਤੇ ਢੰਗ ਕਾਰਨ ਹੀ ਉਸ ਵਕਤ ਦੀਆਂ ਕੁੱਝ ਛੁੱਟਿਆਈਆਂ ਜਾਂਦੀਆਂ ਜਾਤਾਂ ਦੇ ਲੋਕ ਵੀ ਇਸ ਕ੍ਰਾਂਤੀਕਾਰੀ ਲਹਿਰ ਨਾਲ ਜੁੜਨ ਲੱਗੇ ਅਤੇ ਪਰਮ ਪਿਤਾ ਦੀ ਭਗਤੀ ਦਾ ਹੱਕ ਹਾਸਲ ਕਰਨ ਲੱਗੇ। ਭਗਤ ਰਾਮਾਨੰਦ ਜੀ ਦੇ ਉਚੇਚੇ ਜਤਨਾਂ ਨਾਲ ਰਾਮ-ਨਾਮ ਦੀ ਗੰਗਾ ਝੁੱਗੀਆਂ ਝੌਂਪੜੀਆਂ ਦੇ ਬਸ਼ਿੰਦਿਆਂ ਤਕ ਵੀ ਪਹੁੰਚ ਗਈ ਅਤੇ ਉਨ੍ਹਾਂ ਦਾ ਆਤਮਿਕ ਜੀਵਨ ਵੀ ਆਨੰਦਿਤ ਹੋਣ ਲੱਗਾ। ਉਸ ਵਕਤ ਦੇ ਵਰਣ-ਵੰਡ ਵਾਲੇ ਸਮਾਜ ਵਿਚ ਭਗਤ ਜੀ ਦੁਆਰਾ ਕੀਤਾ ਗਿਆ ਬਰਾਬਰਤਾ ਦਾ ਇਹ ਉਪਰਾਲਾ ਕਿਸੇ ਕ੍ਰਾਂਤੀਕਾਰੀ ਕਦਮ ਤੋਂ ਘੱਟ ਨਹੀਂ ਕਿਹਾ ਜਾ ਸਕਦਾ ਕਿਉਂਕਿ ਉਸ ਵਕਤ ਪੂਜਾ-ਪਾਠ ਦਾ ਅਧਿਕਾਰ ਕੁੱਝ ਰਾਖਵੀਆਂ ਸ਼੍ਰੇਣੀਆਂ ਦੇ ਲੋਕਾਂ ਦੇ ਹੀ ਹਿੱਸੇ ਆਉਂਦਾ ਸੀ। ਭਗਤ ਜੀ ਦੀ ਇਸ ਫ਼ਰਾਖਦਿਲੀ ਵਾਲੀ ਸੋਚ-ਸਮਝ ਤੋਂ ਪ੍ਰਭਾਵਿਤ ਹੋ ਕੇ ਵੈਰਾਗੀ ਸੰਪਰਦਾ ਵਾਲੇ ਵੀ ਉਨ੍ਹਾਂ ਨੂੰ ਆਪਣਾ ਅਚਾਰੀਆ ਮੰਨਣ ਲੱਗ ਪਏ। ਸਮਾਂ ਪਾ ਕੇ ਭਗਤ ਰਾਮਾਨੰਦ ਜੀ ਨੇ ਵੈਸ਼ਨਵ ਮੱਤ ਨੂੰ ਤਿਆਗ ਦਿੱਤਾ ਅਤੇ ਅਕਾਲ-ਪੁਰਖ ਦੇ ਨਿਰਗੁਣ ਸਰੂਪ ਦੇ ਉਪਾਸ਼ਕ ਬਣ ਗਏ। ਭਗਤ ਜੀ ਦੀ ਇਸ ਉਪਾਸ਼ਨਾ ਕਾਰਨ ਹੀ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦਾ ਬਸੰਤ ਰਾਗ ਵਿਚ ਉਚਾਰਣ ਕੀਤਾ ਹੋਇਆ ਇਹ ਸ਼ਬਦ 'ਕਤ ਜਾਈਐ ਰੇ ਘਰ ਲਾਗੋ ਰੰਗੁ ਮੇਰਾ ਚਿੱਤੁ ਨਾ ਚਲੈ ਮਨੁ ਭਇਓ ਪੰਗੁ', ਗੁਰੂ ਗ੍ਰੰਥ ਸਾਹਿਬ ਦੇ ਅੰਗ 1195 ਉਪਰ ਦਰਜ ਕੀਤਾ ਹੈ। ਆਪਣੀ ਮਾਨਸਿਕ ਅਵਸਥਾ ਨੂੰ ਬਿਆਨਦੇ ਹੋਏ ਸਵਾਮੀ ਜੀ ਦੱਸਦੇ ਹਨ ਕਿ ਮੇਰਾ ਮਨ ਪਿੰਗਲਾ ਹੋ ਗਿਆ ਹੈ ਭਾਵ ਹੁਣ ਇਹ ਦਰ-ਦਰ 'ਤੇ ਨਹੀਂ ਭਟਕਦਾ ਸਗੋਂ ਆਪਣੇ ਪਿਆਰੇ ਨੂੰ ਪੂਰਨ ਰੂਪ ਵਿਚ ਸਮਰਪਿਤ ਹੋ ਗਿਆ ਹੈ।

ਭਗਤ ਰਾਮਾਨੰਦ ਜੀ ਦੇ ਕਈ ਹੋਰ ਵੀ ਪ੍ਰਸਿੱਧ ਚੇਲੇ ਹੋਏ ਹਨ ਜਿਨ੍ਹਾਂ ਨੇ ਆਪਣੇ-ਆਪਣੇ ਸਮੇਂ ਵਿਚ ਮਨੁੱਖਤਾ ਨੂੰ ਸੱਚ ਨਾਲ ਜੋੜਿਆ ਅਤੇ ਕੂੜ ਤੋਂ ਮੋੜਿਆ ਹੈ। ਭਗਤ ਜੀ ਦੇ ਇਨ੍ਹਾਂ ਚੇਲਿਆਂ ਵਿਚ ਸਤਿਗੁਰ ਕਬੀਰ ਜੀ, ਭਗਤ ਸੈਣ ਜੀ ਅਤੇ ਭਗਤ ਪੀਪਾ ਜੀ ਦਾ ਨਾਂ ਵਰਨਣ ਯੋਗ ਹੈ। ਭਗਤੀ ਲਹਿਰ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਇਨ੍ਹਾਂ ਸਾਰੇ ਭਗਤਾਂ ਨੇ ਕਾਬਲ-ਏ-ਤਰੀਫ਼ ਯੋਗਦਾਨ ਪਾਇਆ ਹੈ ਅਤੇ ਰੱਬੀ ਨੇੜਤਾ ਤੇ ਪਿਆਰ ਹਾਸਲ ਕਰਨ ਲਈ ਭਾਓ-ਭਗਤੀ ਦੇ ਮਾਰਗ ਨੂੰ ਇੱਕ ਉੱਤਮ ਮਾਰਗ ਦਰਸਾਇਆ ਹੈ।

ਆਪਣੀ ਹਯਾਤੀ ਦਾ ਲੰਮਾ ਸਮਾਂ ਗੰਗਾ ਦੇ ਕੰਢੇ (ਕਾਂਸ਼ੀ ਵਿਚ) 'ਤੇ ਬਤੀਤ ਕਰਕੇ ਭਗਤ ਰਾਮਾਨੰਦ ਜੀ 12 ਦਸੰਬਰ 1467 ਨੂੰ ਪ੍ਰਲੋਕ ਗਮਨ ਕਰ ਗਏ। ਬੇਸ਼ੱਕ ਭਗਤ ਜੀ ਇਕ ਬ੍ਰਾਹਮਣ ਪਰਿਵਾਰ ਵਿਚ ਪੈਦਾ ਹੋਏ ਪਰ ਉਹ ਬ੍ਰਾਹਮਣਵਾਦੀ (ਵਿਸ਼ੇਸ਼ ਕਰ ਕੇ ਭੁਲੇਖਾ ਪਾਊ) ਪਸਾਰੇ ਤੋਂ ਨਿਰਲੇਪ ਹੀ ਰਹੇ। ਉਨ੍ਹਾਂ ਦੇ ਮੁਤਾਬਿਕ ਪੂਰੇ ਗੁਰੂ ਦੀ ਸ਼ਰਨ ਹੀ ਜਨਮਾਂ-ਜਨਮਾਤਰਾਂ ਦੇ ਬੰਧਨਾਂ ਨੂੰ ਕੱਟਣ ਦੇ ਸਮਰੱਥ ਬਣਦੀ ਹੈ।

ਅੱਜ ਵੀ ਭਗਤ ਰਾਮਾਨੰਦ ਜੀ ਦੇ ਕਮਾਏ ਹੋਏ ਉਪਦੇਸ਼ਾਂ ਦੀ ਓਨੀ ਹੀ ਸਾਰਥਿਕਤਾ ਹੈ ਜਿੰਨੀ ਉਨ੍ਹਾਂ ਦੇ ਆਪਣੇ ਸਮਕਾਲ ਵਿਚ ਸੀ। ਲੋੜ ਸਿਰਫ਼ ਉਨ੍ਹਾਂ ਨੂੰ ਆਪਣੇ ਅੰਗ-ਸੰਗ ਲਗਾਉਣ ਦੀ ਹੈ। ਪਰ ਅਫ਼ਸੋਸ ਕਿ ਅਸੀਂ ਆਪਣੇ ਪੁਰਖਿਆਂ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿਚੋਂ ਦਿਨ-ਬ-ਦਿਨ ਮਨਫ਼ੀ ਕਰੀ ਜਾ ਰਹੇ ਹਾਂ ਅਤੇ ਕਈ ਤਰ੍ਹਾਂ ਦੇ ਸਰੀਰਕ ਤੇ ਮਾਨਸਿਕ ਸੰਤਾਪ ਭੋਗੀ ਜਾ ਰਹੇ ਹਾਂ।

• ਰਮੇਸ਼ ਬੱਗਾ ਚੋਹਲਾ
ਮੋਬਾਈਲ 9463132719

# ਸੇਵਾ ਭਾਵ ਵਾਲੇ ਭਗਤ ਸੈਣ ਜੀ



ਜਨਮ ਦਿਵਸ 'ਤੇ ਵਿਸ਼ੇਸ਼

ਭਗਤ ਸੈਣ ਜੀ ਜਨਮ ਸਮੇਂ ਤੋਂ ਹੀ ਪ੍ਰਭੂ ਭਗਤੀ ਵਿੱਚ ਲੀਨ ਰਹਿਣ ਵਾਲੇ, ਮਿੱਠਬੋਲੜੇ ਤੇ ਸੇਵਾ ਭਾਵ ਵਾਲੇ ਮਹਾਂਪੁਰਸ਼ ਸਨ। ਕਈ ਵਿਦਵਾਨ ਆਪ ਦਾ ਜਨਮ ਬੁਧੂ ਗੜ੍ਹ, ਯੂ.ਪੀ ਵਿੱਚ ਹੋਇਆ ਮੰਨਦੇ ਹਨ ਤੇ ਕਈ ਵਿਦਵਾਨ ਆਪ ਦਾ ਜਨਮ ਅੰਮ੍ਰਿਤਸਰ ਵਿੱਚ 1390 ਈ: ਨੂੰ ਹੋਇਆ ਦੱਸਦੇ ਹਨ। ਆਪ ਦੇ ਪਿਤਾ ਦਾ ਨਾਮ ਸ੍ਰੀ ਮੁਕੰਦ ਰਾਏ ਤੇ ਮਾਤਾ ਦਾ ਨਾਮ ਮਾਤਾ ਜੀਵਨੀ ਜੀ ਕਰ ਕੇ ਇਤਹਾਸ ਵਿੱਚ ਆਉਂਦਾ ਹੈ। ਆਪ ਦੀ ਪਤਨੀ ਦਾ ਨਾਮ ਸੁਲੱਖਣੀ ਸੀ।

ਆਪ ਬੁੰਦੇਲ ਖੰਡ (ਬਾਂਧਵ ਗੜ੍ਹ) ਦੇ ਰਾਜਾ 'ਰਾਜਾ ਰਾਮ' ਪਾਸ ਨੌਕਰੀ ਕਰਦੇ ਸਨ। ਭਾਈ ਕਾਹਨ ਸਿੰਘ ਨਾਭਾ ਮਹਾਨ ਕੋਸ਼ ਦੇ 229 ਪੰਨੇ 'ਤੇ ਭਗਤ ਜੀ ਬਾਰੇ ਜਾਣਕਾਰੀ ਦਿੰਦੇ ਲਿਖਦੇ ਹਨ ਕਿ ਭਗਤ ਸੈਣ ਜੀ ਬਾਂਧਵਗੜ੍ਹ ਦੇ ਰਾਜਾ 'ਰਾਜਾ ਰਾਮ' ਪਾਸ ਨੌਕਰੀ ਕਰਦੇ ਸਨ। ਇਹ ਭਗਤ ਰਾਮਾਨੰਦ ਦੇ ਸਿੱਖ ਹੋ ਕੇ ਸਾਧੂ ਸੇਵਾ ਪਰਾਇਣ ਹੋਏ ਅਤੇ ਉੱਚ ਸ਼੍ਰੇਣੀ ਦੇ ਭਗਤਾਂ ਵਿੱਚ ਗਿਣੇ ਗਏ। ਭਗਤ ਸੈਣ ਜੀ ਦੇ ਘਰਾਣੇ ਦੇ ਲੋਕ ਇਸ ਵੇਲੇ ਰੀਵਾ ਵਿੱਚ ਰਹਿੰਦੇ ਹਨ। ਇਸ ਮਹਾਤਮਾ ਦਾ ਇਕ ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ :

(ਧਨਾਸਰੀ) ਸ੍ਰੀ ਸੈਣੁ ਜੀ
ਧੂਪ ਦੀਪ ਘ੍ਰਿਤ ਸਾਜਿ ਆਰਤੀ।।
ਵਾਰਨੇ ਜਾਉ ਕਮਲਾਪਤੀ।।
ਮੰਗਲਾ ਹਰਿ ਮੰਗਲਾ।।
ਨਿਤ ਮੰਗਲ ਰਾਜਾ ਰਾਮ ਰਾਇ ਕੋ।। ਰਹਾਉ।।
ਊਤਮੁ ਦੀਅਰਾ ਨਿਰਮਲ ਬਾਤੀ।।
ਤੁਹੀ ਨਿਰੰਜਨੁ ਕਮਲਾਪਾਤੀ।।
ਰਾਮਾ ਭਗਤਿ ਰਾਮਾਨੰਦ ਜਾਨੈ।।
ਪੂਰਨ ਪਰਮਾਨੰਦ ਬਖਾਨੈ।।
ਮਦਨ ਮੂਰਤਿ ਭੈ ਤਾਰਿ ਗੋਬਿੰਦੇ।।
ਸੈਨੁ ਭਣੈ ਭਜੁ ਪਰਮਾਨੰਦੇ।। ਅੰਗ 695

ਭਗਤ ਸੈਣ ਜੀ ਬਾਂਧਵ ਗੜ੍ਹ ਦੇ ਰਾਜੇ ਪਾਸ ਸੇਵਾਦਾਰ ਸਨ। ਰਾਜੇ ਦੀ ਹਰ ਪ੍ਰਕਾਰ ਦੀ ਦੇਖਭਾਲ ਕਰਨੀ ਰੋਜ਼ਾਨਾ ਦੇ ਮੁੱਖ ਕੰਮ ਸਨ। ਕਬੀਰ ਜੀ ਦੀ ਮਹਿਮਾ ਸੁਣ ਕੇ ਆਪ ਭਗਤ ਕਬੀਰ ਜੀ ਨੂੰ ਮਿਲਣ ਬਨਾਰਸ ਚਲੇ ਗਏ। ਇਸ ਬਾਬਤ ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿੱਚ ਲਿਖਦੇ ਹਨ ਕਿ :

**ਬਨਾਰਸ 'ਚ ਆਪ ਦਾ ਮੇਲ ਭਗਤ ਰਾਮਾਨੰਦ ਜੀ ਨਾਲ ਹੋਇਆ। ਆਪ ਉਨ੍ਹਾਂ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਗੁਰੂ ਧਾਰਨਾ ਕਰ ਲਈ...**

ਸੁਣਿ ਪਰਤਾਪੁ ਕਬੀਰ ਦਾ
ਦੂਜਾ ਸਿਖ ਹੋਆ ਸੈਣੁ ਨਾਈ।
ਪ੍ਰੇਮਿ ਭਗਤਿ ਰਾਤੀ ਕਰੈ
ਭਲਕੈ ਰਾਜ ਦੁਆਰੈ ਜਾਈ।
ਆਏ ਸੰਤ ਪਰਾਹੁਣੇ
ਕੀਰਤਨੁ ਹੋਆ ਰੈਣਿ ਸਬਾਈ।
ਵਸਿ ਕੀਤਾ ਹਉਂ ਤੁਧੁ
ਅਜੁ ਬੋਲੈ ਰਾਜਾ ਸੁਣੈ ਲੁਕਾਈ।
ਪਰਗਟੁ ਕਰੈ ਭਗਤਿ ਵਡਿਆਈ।
(ਵਾਰ 10ਵੀਂ, ਪਉੜੀ 16ਵੀਂ)

ਉੱਥੇ ਆਪ ਦਾ ਮੇਲ ਭਗਤ ਰਾਮਾਨੰਦ ਜੀ ਨਾਲ ਹੋਇਆ। ਆਪ ਭਗਤ ਰਾਮਾਨੰਦ ਜਿਹੀ ਸ਼ਖ਼ਸੀਅਤ ਨੂੰ ਮਿਲ ਕੇ ਬਹੁਤ ਪ੍ਰਭਾਵਿਤ ਹੋਏ ਤੇ ਗੁਰੂ ਧਾਰਣਾ ਕਰ ਲਈ। ਕੁੱਝ ਸਮਾਂ ਸੈਣ ਜੀ ਭਗਤ ਰਾਮਾਨੰਦ ਜੀ ਕੋਲ ਰਹਿ ਕੇ ਵਾਪਸ ਆਪਣੇ ਘਰ ਆ ਗਏ। ਦੁਨਿਆਵੀ ਕੰਮਾਂ ਦੇ ਨਾਲ-ਨਾਲ ਪ੍ਰਭੂ ਭਗਤੀ ਵਿੱਚ ਲੀਨ ਰਹਿੰਦੇ ਤੇ ਘਰ ਆਏ ਸੰਤਾਂ ਮਹਾਤਮਾ ਦੀ ਸੇਵਾ ਵਿੱਚ ਵੀ ਕੋਈ ਕਸਰ ਬਾਕੀ ਨਾ ਛੱਡਦੇ। ਕਹਿੰਦੇ ਹਨ ਕਿ ਆਪ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਭੁੱਖ, ਨੀਂਦ ਤੇ ਲਾਲਚ ਆਦਿ ਤੋਂ ਮੁਕਤੀ ਪਾ ਚੁੱਕੇ ਸਨ। ਇਨ੍ਹਾਂ ਚੀਜ਼ਾਂ ਦਾ ਆਪ ਉੱਪਰ ਕੋਈ ਅਸਰ ਨਹੀਂ ਸੀ। ਕਹਿੰਦੇ ਹਨ ਕਿ ਇਕ ਵਾਰ ਆਪ ਦੇ ਘਰ ਕੁੱਝ ਸਾਧੂ ਸੰਤ ਆ ਗਏ ਤੇ ਆਪ ਉਨ੍ਹਾਂ ਦੀ ਸੇਵਾ ਵਿੱਚ ਐਸੇ ਰੁੱਝੇ ਕਿ ਰਾਜੇ ਦੇ ਦਰਬਾਰ ਦੋ ਦਿਨ ਤਕ ਨਹੀਂ ਗਏ। ਜਦ ਤੀਜੇ ਦਿਨ ਉਹ ਸਾਧੂ ਸੰਤ ਵਾਪਸ ਗਏ ਤਾਂ ਆਪ ਦੇ ਧਿਆਨ ਵਿੱਚ ਇਕ ਦਮ ਰਾਜੇ ਦਾ ਖ਼ਿਆਲ ਆਇਆ ਤੇ ਆਪ ਜਲਦੀ-ਜਲਦੀ ਰਾਜੇ ਦੇ ਮਹਿਲਾਂ ਵੱਲ ਚੱਲ ਪਏ ਤੇ ਮਨ ਵਿੱਚ ਸੋਚਦੇ ਗਏ ਕਿ ਮੈਂ ਦੋ ਦਿਨ ਰਾਜੇ ਦੇ ਦਰਬਾਰ ਵਿੱਚ ਹਾਜ਼ਰੀ ਨਹੀਂ ਭਰੀ, ਰਾਜਾ ਮੇਰੇ ਉੱਪਰ ਬਹੁਤ ਗੁੱਸਾ ਕਰੇਗਾ। ਜਦ ਆਪ ਰਾਜੇ ਦੇ ਸਾਹਮਣੇ ਗਏ ਤਾਂ ਰਾਜੇ ਨੇ ਆਪ ਨੂੰ ਦੇਖ ਕੇ ਇਕ ਦਮ ਆਪ ਦੇ ਚਰਨ ਪਕੜ ਲਏ ਤੇ ਆਪਣੇ ਸਿੰਘਾਸਨ 'ਤੇ ਬੈਠਾ ਦਿੱਤਾ। ਦਰਬਾਰ ਦੇ ਬਾਕੀ ਮੰਤਰੀ ਇਹ ਸਭ ਕੁੱਝ ਦੇਖ ਕੇ ਬਹੁਤ ਹੈਰਾਨ ਹੋਏ। ਭਗਤ ਜੀ ਨੇ ਦੋ ਦਿਨ ਨਾ ਆਉਣ ਕਰਕੇ ਮਾਫ਼ੀ ਮੰਗੀ ਤਾਂ ਰਾਜਾ ਕਹਿਣ ਲੱਗਾ ਕਿ ਭਗਤ ਜੀ ਆਪ ਪ੍ਰਮੇਸ਼ਰ ਰੂਪ ਹੋ। ਦੋ ਦਿਨ ਤੁਸੀਂ ਮੇਰੀ ਇੰਨੀ ਸੇਵਾ ਕੀਤੀ ਕਿ ਮੇਰੀ ਪਿੱਠ 'ਤੇ ਹੋਇਆ ਜ਼ਖ਼ਮ ਵੀ ਠੀਕ ਹੋ ਗਿਆ ਹੈ ਤਾਂ ਭਗਤ ਜੀ ਨੂੰ ਸਮਝਣ ਵਿੱਚ ਦੇਰ ਨਾ ਲੱਗੀ। ਕਹਿਣ ਲੱਗੇ ਕਿ ' ਹੇ ਰਾਜਨ! ਉਹ ਮੈਂ ਨਹੀ ਸੀ। ਪ੍ਰਭੂ ਖ਼ੁਦ ਮੇਰੀ ਜਗ੍ਹਾ ਆ ਕੇ ਆਪ ਦੀ ਸੇਵਾ ਕਰਕੇ ਗਏ ਹਨ।' ਰਾਜਾ ਕਹਿਣ ਲੱਗਾ ਕਿ 'ਭਗਤ ਜੀ, ਆਪ ਕਰਕੇ ਹੀ ਮੈਨੂੰ ਭਗਵਾਨ ਦੇ ਦਰਸ਼ਨ ਹੋਏ ਹਨ।' ਉਸ ਸਮੇਂ ਤੋਂ ਲੈ ਕੇ ਅੱਗੇ ਜਿੰਨੇ ਵੀ ਉੱਥੋਂ ਦੇ ਰਾਜੇ ਹੋਏ ਹਨ, ਸਭ ਭਗਤ ਸੈਣ ਜੀ ਨੂੰ ਆਪਣਾ ਗੁਰੂ ਮੰਨਦੇ ਹਨ। ਭਗਤ ਸੈਣ ਜੀ ਦਾ ਦੇਹ ਤਿਆਗਨ ਦਾ ਸਮਾਂ ਇਤਿਹਾਸ ਵਿੱਚ 1440 ਈ: ਦਾ ਹੈ। ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 487 ਅੰਗ ਤੇ ਭਗਤ ਜੀ ਬਾਬਤ ਫ਼ੁਰਮਾਉਂਦੇ ਹਨ ਕਿ:

ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ।।
ਹਿਰਦੇ ਵਸਿਆ ਪਾਰਬ੍ਰਹਮ ਭਗਤਾ ਮਹਿ ਗਨਿਆ।।

• ਧਰਮਿੰਦਰ ਸਿੰਘ ਚੱਬਾ

# ਜਗਤ ਗੁਰੂ

# ਹਜ਼ਰਤ ਮੁਹੰਮਦ ਸਾਹਿਬ



ਪ੍ਰਿੰਸੀਪਲ ਯਾਸੀਨ ਅਲੀ

**ਥਾਮਸ ਕਾਰਲਾਇਲ ਇਹ ਸੋਚ ਕੇ ਹੈਰਾਨ ਰਹਿ ਜਾਂਦਾ ਹੈ ਕਿ ਇਕ ਵਿਅਕਤੀ ਨੇ ਹੀ ਲੜਦੇ-ਝਗੜਦੇ ਕਬੀਲੇ ਨੂੰ ਸ਼ਕਤੀਸ਼ਾਲੀ ਤੇ ਸੱਭਿਅਕ ਰਾਸ਼ਟਰ ਵਿੱਚ ਬਦਲ ਦਿੱਤਾ ...**

ਤੁਸੀਂ ਕਿਸੇ ਧਰਮ ਮੰਨਦੇ ਹੋ ਜਾਂ ਨਹੀਂ, ਆਸਤਿਕ ਹੋ ਨਾਸਤਿਕ, ਇਕ ਰੱਬ ਨੂੰ ਮੰਨਣ ਵਾਲੇ ਹੋ ਜਾਂ ਬਹੁਤ ਸਾਰੇ ਦੇਵੀ-ਦੇਵਤਿਆਂ ਨੂੰ ਮੰਨਦੇ ਹੋ, ਤੁਹਾਡੀ ਵਿਚਾਰਧਾਰਾ ਕੁੱਝ ਵੀ ਹੈ, ਤੁਹਾਡੇ ਰਾਜਨੀਤਿਕ, ਧਾਰਮਿਕ ਤੇ ਸਮਾਜਿਕ ਵਿਚਾਰ ਅਤੇ ਸਿਧਾਂਤ ਕੁੱਝ ਵੀ ਹੋਣ ਤੁਹਾਨੂੰ ਉਸ ਮਹਾਨ ਵਿਅਕਤੀ ਬਾਰੇ ਜਾਣਕਾਰੀ ਜ਼ਰੂਰ ਹੋਣੀ ਚਾਹੀਦੀ ਹੈ ਜੋ ਇਸ ਸੰਸਾਰ ਵਿੱਚ ਅਤਿਅੰਤ ਅਸਾਧਾਰਣ ਸ਼ਖ਼ਸੀਅਤ ਸੀ। ਸੰਸਾਰ ਉਸ ਨੂੰ ਹਜ਼ਰਤ ਮੁਹੰਮਦ ਸਾਹਿਬ ਦੇ ਨਾਂ ਨਾਲ ਜਾਣਦਾ ਹੈ। ਆਪ ਨੇ ਜ਼ਿੰਦਗੀ ਬਿਤਾਉਣ ਦਾ ਇਕ ਤਰੀਕਾ ਦੱਸਿਆ। ਧਰਮ ਵਿੱਚ ਸੁਧਾਰ ਕੀਤਾ। ਇਕ ਰਾਜ ਦੀ ਸਥਾਪਨਾ ਕੀਤੀ। ਇਕ ਸੰਯੁਕਤ ਨਿਯਮ ਤਿਆਰ ਕੀਤਾ, ਅਨੇਕ ਸਮਾਜਿਕ ਅਤੇ ਰਾਜਨੀਤਕ ਸੁਧਾਰ ਕੀਤੇ। ਇਕ ਅਜਿਹੇ ਸੰਯੁਕਤ ਸਮਾਜ ਦਾ ਸੰਗਠਨ ਕੀਤਾ ਜੋ ਸੰਸਾਰ ਵਾਸਤੇ ਸਿੱਖਿਆ ਦਾ ਦਰਪਣ ਬਣਿਆ। ਸੰਸਾਰਕ ਤੇ ਵਿਅਕਤੀਗਤ ਵਿਵਹਾਰਕ ਪਹਿਲੂਆਂ ਬਾਰੇ ਆਪ ਨੇ ਮਹਾਨ ਕ੍ਰਾਂਤੀ ਲਿਆਂਦੀ ।

ਆਪ ਦਾ ਜਨਮ ਅਰਬੀ ਮਹੀਨੇ ਰਬੀ-ਉਲ-ਅੱਵਲ ਦੀ 23 ਤਰੀਕ ਮੁਤਾਬਿਕ 20 ਅਗਸਤ 570 ਈਸਵੀ ਨੂੰ ਮੱਕਾ-ਮੁਕੱਰਮਾ (ਸਾਊਦੀ ਅਰਬ) ਵਿੱਚ ਹੋਇਆ। ਆਪ ਦਾ 63 ਸਾਲ ਦੀ ਉਮਰ ਵਿੱਚ 12 ਰਬੀ-ਉਲ-ਅੱਵਲ ਮੁਤਾਬਿਕ 8 ਜੂਨ 632 ਈਸਵੀ ਨੂੰ ਸਾਊਦੀ ਅਰਬ ਦੇ ਸ਼ਹਿਰ ਮਦੀਨਾ ਮੁਨੱਵਰਾ 'ਚ ਦਿਹਾਂਤ ਹੋਇਆ ਤਾਂ ਪੂਰਾ ਅਰਬ ਇੱਕ ਰੱਬ ਨੂੰ ਮੰਨਣ ਵਾਲਾ ਬਣ ਚੁੱਕਿਆ ਸੀ, ਹੁਣ ਉਹ ਨਾ ਅਨੇਕ-ਈਸ਼ਰਵਾਦੀ ਸਨ ਤੇ ਨਾ ਹੀ ਬਹੁ-ਦੇਵਵਾਦੀ। ਮਾਨਵ ਇਤਿਹਾਸ ਵਿੱਚ ਅਜਿਹੀ ਕ੍ਰਾਂਤੀ ਨਾ ਵੇਖੀ ਗਈ ਤੇ ਨਾ ਹੀ ਸੁਣੀ ਗਈ। ਇਨਸਾਇਕਲੋਪੀਡੀਆ ਇੰਗਲੈਂਡ ਵਿੱਚ ਇਹ ਸਵੀਕਾਰ ਕਰਦੇ ਹੋਏ ਮੰਨਿਆ ਗਿਆ ਹੈ ਕਿ ਆਪ ਸੰਸਾਰ ਦੇ ਧਰਮਾਂ ਦੀਆਂ ਸਾਰੀਆਂ ਮਹਾਨ ਸ਼ਖ਼ਸੀਅਤਾਂ ਵਿੱਚੋਂ ਸਭ ਤੋਂ ਵੱਧ ਸਫਲ ਕ੍ਰਾਂਤੀਕਾਰੀ ਸਨ। ਸੰਸਾਰ ਦੇ ਅਨੇਕ ਬੁੱਧੀਜੀਵੀਆਂ ਨੇ ਵੀ ਆਪ ਬਾਰੇ ਵਿਚਾਰ ਦਿੱਤੇ ਹਨ ਜਿਹੜੇ ਆਪ ਦੀ ਮਹਾਨਤਾ ਦਾ ਖੁੱਲ੍ਹਾ ਪ੍ਰਮਾਣ ਹਨ।

ਜਾਰਜ ਬਰਨਾਰਡ ਸ਼ਾਅ ਨੇ ਕਿਹਾ ਹੈ ਕਿ "ਅਗਰ ਹਜ਼ਰਤ ਮੁਹੰਮਦ ਸਲ. ਅੱਜ ਦੇ ਯੁੱਗ ਵਿੱਚ ਹੁੰਦੇ ਤਾਂ ਉਨ੍ਹਾਂ ਸਾਰੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਸਫਲ ਹੋ ਜਾਂਦੇ, ਜਿਹੜੀਆਂ ਅੱਜ ਮਨੁੱਖਤਾ ਦੀ ਬਰਬਾਦੀ ਲਈ ਖ਼ਤਰਾ ਬਣਦੀਆਂ ਜਾ ਰਹੀਆਂ ਹਨ"। ਥਾਮਸ ਕਾਰਲਾਇਲ ਇਹ ਸੋਚ ਕੇ ਹੈਰਾਨ ਰਹਿ ਜਾਂਦਾ ਹੈ ਕਿ ਕਿਸ ਤਰ੍ਹਾਂ ਇਕ ਵਿਅਕਤੀ ਨੇ ਇਕੱਲੇ ਹੀ ਲੜਦੇ-ਝਗੜਦੇ ਕਬੀਲੇ ਅਤੇ ਬੱਦੂਆਂ ਨੂੰ ਇਕ ਸ਼ਕਤੀਸ਼ਾਲੀ ਅਤੇ ਸੱਭਿਅਕ ਰਾਸ਼ਟਰ ਵਿੱਚ ਬਦਲ ਦਿੱਤਾ ਅਤੇ ਇਹ ਮਹਾਨ ਕਾਰਜ ਉਸ ਨੇ 23 ਸਾਲ ਦੀ ਛੋਟੀ ਜਿਹੀ ਮੁੱਦਤ ਵਿੱਚ ਪੂਰਾ ਕੀਤਾ। ਫਰਾਂਸ ਦਾ ਨੈਪੋਲੀਅਨ ਬੋਨਾਪਾਰਟ ਅਤੇ ਸਾਡੇ ਦੇਸ਼ ਦੇ ਮਹਾਨ ਰਾਜਸੀ ਨੇਤਾ ਮਹਾਤਮਾ ਗਾਂਧੀ ਜੀ ਹਮੇਸ਼ਾ ਇੱਕ ਅਜਿਹੇ ਸਮਾਜ ਦਾ ਸੁਪਨਾ ਦੇਖਦੇ ਰਹੇ ਜਿਸ ਨੇ ਚੌਦਾਂ ਸੌ ਸਾਲ ਪਹਿਲਾਂ ਲਿਆਂਦੀ ਗਈ ਕ੍ਰਾਂਤੀ ਦੇ ਨਤੀਜੇ ਵੱਜੋਂ ਜਨਮ ਲਿਆ ਹਜ਼ਰਤ ਮੁਹੰਮਦ ਸਲ. ਸ਼ਾਹਿਦ ਅਖਲਾਕ ਦੇ ਮਾਲਕ, ਹੁਕਮ ਮੰਨਣ ਵਾਲਿਆਂ ਨੂੰ ਖ਼ੁਸ਼ਖਬਰੀ ਸੁਣਾਉਣ ਵਾਲੇ ਅਤੇ ਹੁਕਮ ਨਾ ਮੰਨਣ ਵਾਲਿਆਂ ਨੂੰ ਡਰਾਉਣ ਵਾਲੇ ਸਨ।

ਆਪ ਸਲ. ਨਾ ਆਦਤ ਦੇ ਸਖ਼ਤ ਅਤੇ ਨਾ ਉਨ੍ਹਾਂ ਦੀ ਬੋਲ-ਚਾਲ ਵਿੱਚ ਕੌੜਾਪਨ ਸੀ। ਉਹ ਉੱਚੀ ਆਵਾਜ਼ ਵਿੱਚ ਨਹੀਂ ਬੋਲਦੇ, ਬੁਰਾਈ ਦਾ ਬਦਲਾ ਬੁਰਾਈ ਨਾਲ ਨਹੀਂ ਦਿੰਦੇ, ਉਨ੍ਹਾਂ ਦੀ ਸਿੱਖਿਆ ਅੰਨਿਆਂ ਨੂੰ ਅੱਖਾਂ, ਬੋਲਿਆਂ ਨੂੰ ਕੰਨ ਦੇਣ ਦੇ ਨਾਲ-ਨਾਲ ਗ਼ਾਫਿਲ (ਬੇਖ਼ਬਰ) ਦਿਲਾਂ ਤੋਂ ਪਰਦਾ ਉਠਾਉਂਦੀ ਹੈ। ਆਪ ਸਲ. ਦੀ ਆਦਤ ਸੀ ਕਿ ਕਦੇ ਕਿਸੇ ਇਕੱਠ ਵਿੱਚ ਪੈਰ ਫੈਲਾ ਕੇ ਨਾ ਬੈਠਦੇ। ਆਪਣੀ ਵਡਿਆਈ ਲਈ ਲੋਕਾਂ ਨੂੰ ਖੜ੍ਹੇ ਹੋਣ ਤੋਂ ਰੋਕਦੇ। ਜੇਕਰ ਕੋਈ ਹੱਥ ਪਕੜ ਲੈਂਦਾ ਤਾਂ ਉਸ ਤੋਂ ਹੱਥ ਨਾ ਛਡਾਉਂਦੇ। ਕਿਸੇ ਦੀ ਗੱਲ ਨਾ ਕੱਟਦੇ। ਨਫਲੀ ਇਬਾਦਤ ਲੁਕ-ਛਿਪ ਕੇ ਕਰਦੇ ਤਾਂ ਕਿ ਆਮ ਲੋਕਾਂ ਨੂੰ ਮੁਸ਼ਕਿਲ ਪੇਸ਼ ਨਾ ਆਵੇ। ਇਨਸਾਫ਼ ਅਤੇ ਇਨਸਾਫ਼ ਕਰਨ ਵਾਲੇ ਨੂੰ ਪਸੰਦ ਕਰਦੇ। ਹਰ ਕੰਮ ਨੂੰ ਅਸਲ ਅਤੇ ਬਿਹਤਰੀਨ ਢੰਗ ਨਾਲ ਕਰਨ ਦੀ ਕੋਸ਼ਿਸ਼ ਕਰਦੇ।

ਆਪ ਸਲ. ਫਰਮਾਉਂਦੇ ਕਿ ਮੇਰੇ ਸਾਹਮਣੇ ਕਿਸੇ ਦੀ ਚੁਗ਼ਲੀ ਨਾ ਕਰੋ ਕਿਉਂਕਿ ਮੈਂ ਨਹੀਂ ਚਾਹੁੰਦਾ ਕਿ ਕਿਸੇ ਬਾਰੇ ਵਿੱਚ ਮੇਰੀ ਚੰਗੀ ਸੋਚ ਵਿੱਚ ਫ਼ਰਕ ਆਵੇ। ਸਾਰੀ-ਸਾਰੀ ਰਾਤ ਲੋਕਾਂ ਲਈ ਰੱਬ ਅੱਗੇ ਰੋਂਦੇ ਅਤੇ ਦੁਆ ਮੰਗਦੇ ਰਹਿੰਦੇ। ਮੱਕਾ ਵਿੱਚ ਆਪ ਸਾਦਿਕ (ਸੱਚਾ) ਦੇ ਨਾਂ ਨਾਲ ਮਸ਼ਹੂਰ ਸਨ। ਲੋਕ ਆਪਣਾ ਰੁਪਇਆ ਅਤੇ ਕੀਮਤੀ ਚੀਜ਼ਾਂ ਇਨ੍ਹਾਂ ਕੋਲ ਰੱਖਦੇ। ਇੱਥੋਂ ਤਕ ਕਿ ਜਦੋਂ ਆਪ ਮੱਕਾ ਛੱਡ ਕੇ ਮਦੀਨੇ ਗਏ ਤਾਂ ਉਸ ਰਾਤ ਹਜ਼ਰਤ ਅਲੀ (ਚਚੇਰਾ ਭਰਾ) ਨੂੰ ਮੱਕੇ ਵਿੱਚ ਛੱਡ ਗਏ ਤਾਂ ਕਿ ਉਹ ਅਗਲੇ ਦਿਨ ਜਿਹੜੀਆਂ ਲੋਕਾਂ ਦੀਆਂ ਅਮਾਨਤਾਂ ਪਈਆਂ ਸਨ, ਉਨ੍ਹਾਂ ਨੂੰ ਵਾਪਿਸ ਕਰਕੇ ਆਉਣ।

ਆਪ ਦੀ ਇਮਾਨਦਾਰੀ ਨੂੰ ਦੇਖ ਕੇ ਹੀ ਅਬੂ-ਜ਼ਹਲ ਨੇ ਕਿਹਾ ਸੀ ਕਿ ਏ ਮੁਹੰਮਦ "ਮੈਂ ਤੈਨੂੰ ਝੂਠਾ ਨਹੀਂ ਸਮਝਦਾ ਪਰ ਤੇਰੇ ਪੈਗ਼ਾਮ ਨੂੰ ਮੰਨਣ ਨੂੰ ਮੇਰਾ ਦਿਲ ਨਹੀਂ ਕਰਦਾ, ਮੈਂ ਕੀ ਕਰਾਂ"। ਹਜ਼ਰਤ ਮੁਹੰਮਦ ਸਲ. ਹਮੇਸ਼ਾ ਰੱਬ ਅੱਗੇ ਦੂਆ ਕਰਦੇ ਕਿ ਮੈਨੂੰ ਇਕ ਦਿਨ ਭੁੱਖਾ ਰੱਖ ਅਤੇ ਇਕ ਦਿਨ ਖਾਣ ਲਈ ਦੇ, ਤਾਂ ਕਿ ਮੈਂ ਜਿਸ ਦਿਨ ਭੁੱਖਾ ਰਹਾਂ, ਉਸ ਦਿਨ ਤੇਰਾ ਧੰਨਵਾਦ ਕਰਾਂ। ਆਪ ਹਮੇਸ਼ਾ ਬੋਰੀ ਦੇ ਬਿਸਤਰ 'ਤੇ ਸੌਂਦੇ। ਬਿਨਾ ਕਿਸੇ ਫ਼ਰਕ ਤੋਂ ਗ਼ਰੀਬਾਂ, ਯਤੀਮਾਂ ਨਾਲ ਹੱਸ ਕੇ ਮਿਲਦੇ। ਜੇ ਕੋਈ ਦੁਸ਼ਮਣ ਵੀ ਬਿਮਾਰ ਹੋ ਜਾਂਦਾ ਤਾਂ ਉਸ ਦੀ ਖ਼ਬਰ ਲੈਣ ਜਾਂਦੇ।

ਸਮਾਂ ਗਵਾਹੀ ਦਿੰਦਾ ਹੈ ਕਿ ਅੱਜ ਵੀ ਆਪ ਦੀਆਂ ਸਿੱਖਿਆਵਾਂ ਕਿਸੇ ਪਰਿਵਰਤਨ ਤੋਂ ਬਿਨਾਂ ਮੂਲ ਰੂਪ ਵਿੱਚ ਮੌਜੂਦ ਹਨ ਅਤੇ ਅੱਜ ਮਨੁੱਖਤਾ ਦੇ ਮਾਰਗ ਦਰਸ਼ਨ ਵਾਸਤੇ ਆਸ਼ਾ ਦੀ ਕਿਰਨ ਹਨ ਜਿਸ ਨੂੰ ਸੰਸਾਰ ਦੇ ਅਨੇਕਾਂ ਨਿਰਪੱਖ, ਸੱਚੇ ਪ੍ਰੇਮੀ ਸਵੀਕਾਰ ਕਰਦੇ ਹਨ। •

ਮੋਬਾਈਲ 92565-57957

**ਤਪ ਦਾ ਅਰਥ ਹੈ ਮਨ ਅਤੇ ਬੁੱਧੀ ਦੀ ਊਰਜਾ ਨੂੰ ਆਪਣੇ ਉਦੇਸ਼ 'ਚ ਲਗਾਉਣਾ ਅਤੇ ਉਸ ਉਦੇਸ਼ ਦੇ ਰਸਤੇ 'ਚ ਜੋ ਵੀ ਲਾਲਚ ਆਉਣ ਉਨ੍ਹਾਂ ਦਾ ਤ੍ਰਿਸਕਾਰ ਕਰਨਾ। ਇਹ ਮਨੁੱਖ ਤੋਂ ਮਹਾਮਨੁੱਖ ਬਣਨ ਦੀ ਪ੍ਰਕਿਰਿਆ ਹੈ...**



# ਤਪ ਕਰੋ ਤੇ ਪਰਪੱਕ ਬਣੋ

ਮਿੱਟੀ ਨੇ ਘੜੇ ਨੂੰ ਪੁੱਛਿਆ,'ਮੈਂ ਵੀ ਮਿੱਟੀ ਹਾਂ ਅਤੇ ਤੂੰ ਵੀ, ਪਰ ਪਾਣੀ ਮੈਨੂੰ ਰੋੜ ਕੇ ਲੈ ਜਾਂਦਾ ਹੈ ਅਤੇ ਤੂੰ ਪਾਣੀ ਨੂੰ ਆਪਣੇ 'ਚ ਰੋਕ ਰੱਖਦਾ ਏਂ। ਘੜਾ ਬੋਲਿਆ, ਮੈਂ ਵੀ ਮਿੱਟੀ ਹਾਂ ਅਤੇ ਤੂੰ ਵੀ ਮਿੱਟੀ ਹੈਂ,ਪਰ ਪਹਿਲਾਂ ਮੈਂ ਪਾਣੀ 'ਚ ਗੁੜ੍ਹਿਆ, ਫਿਰ ਚੱਕ 'ਤੇ ਚੜ੍ਹਿਆ, ਪਿਛੋਂ ਵਾਰ ਸਹੇ, ਫਿਰ ਅੱਗ 'ਚ ਤਪਾਇਆ ਗਿਆ। ਇਨ੍ਹਾਂ ਸਭ ਰਾਹਾਂ 'ਤੇ ਚੱਲਣ ਪਿਛੋਂ ਅੱਜ ਮੇਰੇ 'ਚ ਇਹ ਸਮਰਥਾ ਆ ਗਈ ਹੈ ਕਿ ਪਾਣੀ ਮੇਰਾ ਕੁਝ ਵੀ ਵਿਗਾੜ ਨਹੀਂ ਸਕਦਾ। ਇਸ ਤਰ੍ਹਾਂ ਮੰਦਰ ਦੀਆਂ ਪੌੜੀਆਂ ਦੇ ਮਾਰਬਲ ਨੇ ਮੂਰਤੀ ਰੂਪੀ ਮਾਰਬਲ ਤੋਂ ਪੁੱਛਿਆ, ਤਾਂ ਵੀ ਮਾਰਬਲ ਹੈ ਅਤੇ ਮੈਂ ਵੀ ਮਾਰਬਲ ਹਾਂ ਪਰ ਲੋਕ ਤੇਰੀ ਪੂਜਾ ਕਰਦੇ ਹਨ ਅਤੇ ਮੈਂ ਮੈਨੂੰ ਪੈਰਾਂ ਥੱਲੇ ਮਿੱਧਦੇ ਹਨ।

ਅਜਿਹਾ ਕਿਉਂ? ਮੂਰਤੀ ਨੇ ਉੱਤਰ ਦਿੱਤਾ, ਤੂੰ ਨਹੀਂ ਜਾਣਦੀ ਮੈਂ ਕਿੰਨੀਆਂ ਛੈਣੀਆਂ ਦੇ ਵਾਰ ਝੱਲੇ ਹਨ। ਤੂੰ ਨਹੀਂ ਜਾਣਦੀ ਮੈਨੂੰ ਕਿੰਨਾ ਘਸਾਇਆ ਗਿਆ ਹੈ। ਉਸ ਪਿਛੋਂ ਹੀ ਅੱਜ ਮੈਂ ਇਸ ਯੋਗ ਹੋ ਸਕੀ ਹਾਂ ਕਿ ਲੋਕ ਮੈਨੂੰ ਦੇਵਤਾ ਮੰਨ ਬੈਠੇ ਹਨ।

ਇਨ੍ਹਾਂ ਦੋਹਾਂ ਕਾਲਪਨਿਕ ਕਥਾਵਾਂ 'ਚ ਇਕ ਅਹਿਮ ਸੰਦੇਸ਼ ਹੈ। ਸੰਦੇਸ਼ ਇਹ ਹੈ ਕਿ ਤਪ ਦਾ ਕੋਈ ਬਦਲ ਨਹੀਂ ਹੁੰਦਾ। ਕੋਈ ਵੀ ਵਿਅਕਤੀ ਤਪ ਰਾਹੀਂ ਹੀ ਉਚਾਈ 'ਤੇ ਪਹੁੰਚ ਸਕਦਾ ਹੈ। ਆਮ ਤੌਰ 'ਤੇ ਸਾਡ ਕੋਲ ਦੋ ਹੱਥ, ਦੋ ਪੈਰ, ਦੋ ਅੱਖਾਂ ਭਾਵ ਇਕ ਵਰਗਾ ਹੀ ਸਰੀਰ ਹੁੰਦਾ ਹੈ, ਪ੍ਰੰਤੂ ਕੀ ਵਜ੍ਹਾ ਹੈ ਕਿ ਇਕ ਵਿਅਕਤੀ ਸਮਾਜ 'ਚ ਸਨਮਾਨਯੋਗ ਬਣ ਜਾਂਦਾ ਹੈ ਤੇ ਦੂਜਾ ਨਿਕੰਮਾ? 'ਆਤਮਬੋਧ' ਗ੍ਰੰਥ ਦੇ ਪਹਿਲੇ ਸ਼ਲੋਕ 'ਚ ਆਦਿ ਸ਼ੰਕਰਾਚਾਰੀਆ ਨੇ 'ਤਪੋਭਿਸ਼ੀਣਪਾਪਾਨਾ' ਦਾ ਜ਼ਿਕਰ ਕੀਤਾ ਹੈ, ਜਿਸ ਦਾ ਅਰਥ ਹੈ ਜਿਸ ਦੀ ਜ਼ਿੰਦਗੀ ਤਪ ਨਾਲ ਪਵਿੱਤਰ ਹੋ ਗਈ ਹੈ। ਤਪ ਦਾ ਅਰਥ ਖੁਦ ਨੂੰ ਤਪਾਉਣਾ ਹੈ। ਅਸੀਂ ਮਿਹਨਤ ਨਾਲ ਹੀ ਖੁਦ ਨੂੰ ਤਪਾਉਂਦੇ ਹਾਂ। ਤਪ ਦਾ ਅਰਥ ਹੈ ਆਪਣੇ ਮਨ ਅਤੇ ਬੁੱਧੀ ਦੀ ਊਰਜਾ ਨੂੰ ਆਪਣੇ ਉਦੇਸ਼ ਲਈ ਲਾਉਣਾ ਅਤੇ ਉਸ ਉਦੇਸ਼ ਦਾ ਮਾਰਗ 'ਚ ਜੋ ਵੀ ਰੁਕਾਵਟ ਆਉਣ ਉਨ੍ਹਾਂ ਨੂੰ ਅਣਗੌਲਿਆਂ ਕਰਨਾ। ਕੁਲ ਮਿਲਾ ਕੇ ਇਹ ਮਨੁੱਖ ਤੋਂ ਮਹਾਂਮਨੁੱਖ ਬਣ ਦੀ ਪ੍ਰਕਿਰਿਆ ਹੈ। ਸਰਦੀ 'ਚ ਸਵੇਰੇ ਚਾਰ ਵਜੇ ਠੰਢੇ ਪਾਣੀ ਨਾਲ ਨਹਾਉਣਾ ਤਪ ਨਹੀਂ ਹੈ। ਘਰ-ਪਰਿਵਾਰ ਛੱਡ ਤੇ ਜੰਗਲਾਂ 'ਚ ਜਾਣਾ ਤਪ ਨਹੀਂ ਹੈ। ਤਪ ਹੈ ਤਪਣਾ, ਯਤਨ ਕਰਨਾ, ਮਿਹਨਤ ਕਰਨਾ। ਇਕ ਬੱਚਾ ਜੋ ਪ੍ਰੀਖਿਆ ਦੀ ਤਿਆਰੀ ਕਰ ਰਿਹਾ ਹੈ, ਉਹ ਵੀ ਉਸ ਲਈ ਤਪ ਹੈ। ਇਕ ਮਾਂ ਸਾਰੀ ਸਾਰੀ ਰਾਤ ਜਾਗ ਕੇ ਆਪਣੇ ਬਿਮਾਰ ਬੱਚੇ ਦੀ ਸੇਵਾ ਕਰ ਰਹੀ ਹੈ, ਉਹ ਵੀ ਤਪ ਹੈ। ਇਕ ਵਿਅਕਤੀ, ਜੋ ਆਪਣੇ ਹਰ ਕੰਮ ਨੂੰ ਬਿਨਾਂ ਕਿਸੇ ਲੋਭ ਦੇ ਮਨ ਲਾ ਕੇ ਕਰ ਰਿਹਾ ਹੈ, ਉਹ ਤਪ ਹੈ। ਇਕ ਰਾਜਾ ਦੀ ਕਥਾ ਹੈ, ਜਿਸ ਦੀ ਕੋਈ ਸੰਤਾਨ ਨਹੀਂ ਸੀ। ਜਦ ਉਹ ਬੁੱਢਾ ਹੋ ਗਿਆ ਤਾਂ ਉਸ ਨੂੰ ਅਗਲੇ ਯੋਗ ਰਾਜਾ ਦੀ ਖੋਜ ਲਈ ਇਕ ਉਪਾਅ ਸੁਝਿਆ। ਉਸ ਨੇ ਮੇਲੇ ਦਾ ਪ੍ਰਬੰਧ ਕੀਤਾ ਅਤੇ ਐਲਾਨ ਕਰਵਾਇਆ ਦਿੱਤਾ ਕਿ ਮੈਂ ਇਸ ਮੇਲੇ 'ਚ ਲੁਕ ਜਾਵਾਂਗਾ, ਜਿਹੜਾ ਮੈਨੂੰ ਲੱਭ ਲਵੇਗਾ, ਉਹੋ ਰਾਜਾ ਬਣੇਗਾ। ਰਾਜਾ ਨੇ ਇਸ ਮੇਲੇ 'ਚ ਲਾਲਚ ਪੈਦਾ ਕਰਨ ਲਈ ਥਾਂ ਥਾਂ ਸਾਰੇ ਇੰਤਜਾਮ ਕਰ ਦਿੱਤੇ। ਕਿਤੇ ਮੁਫ਼ਤ 'ਚ ਸੋਨੇ ਦੇ ਸਿੱਕੇ ਦਿੱਤੇ ਜਾ ਰਹੇ ਸਨ, ਤਾਂ ਕਿਤੇ ਹੋਰ ਲਾਲਚ।

ਸਭ ਲੋਕ ਆਏ ਸਨ ਰਾਜੇ ਨੂੰ ਲੱਭਣ ਲਈ ਪਰ ਸਭ ਦੇ ਸਭ ਲਾਲਚ 'ਚ ਭਟਕ ਗਏ। ਪਰ ਇਕ ਨੌਜਵਾਨ ਰਾਜਾ ਦੀ ਖੋਜ 'ਚ ਲੱਗਾ ਰਿਹਾ। ਉਸ ਨੇ ਆਖਰਕਾਰ ਰਾਜੇ ਨੂੰ ਮੇਲੇ ਦੇ ਸਭ ਤੋਂ ਆਖਰੀ ਪੜਾਅ 'ਤੇ ਲੱਭ ਹੀ ਲਿਆ। ਜਿਉਂ ਹੀ ਨੌਜਵਾਨ ਨੇ ਰਾਜਾ ਨੂੰ ਖੋਜਿਆ, ਜਿਨ੍ਹਾਂ ਜਿਨ੍ਹਾਂ ਲਾਲਚਾਂ ਨੂੰ ਉਸ ਨੇ ਪਿੱਛੇ ਛੱਡਿਆ ਸੀ,ਉਹ ਉਨ੍ਹਾਂ ਸਭ ਦਾ ਮਾਲਕ ਬਣ ਗਿਆ।

ਇਸ ਨੂੰ ਕਹਿੰਦੇ ਹਨ ਤਪ। ਜਦੋਂ ਵੀ ਤੁਸੀਂ ਆਪਣੇ ਉਦੇਸ਼ 'ਤੇ ਚੱਲਦੇ ਹੋ, ਤਾਂ ਰਸਤੇ 'ਚ ਰੁਕਾਵਟਾਂ ਲਾਲਚ ਆਉਂਦੇ ਹਨ। ਉਨ੍ਹਾਂ ਲਾਲਚਾਂ 'ਚ ਵੱਧ ਤੋਂ ਵਧ ਲੋਕ ਤਿਲਕ ਜਾਂਦੇ ਹਨ, ਪ੍ਰੰਤੂ ਜਿਹੜਾ ਵਿਅਕਤੀ ਉਨ੍ਹਾਂ ਲਾਲਚਾਂ ਦੇ ਹੁੰਦੇ ਹੋਏ ਵੀ ਉਨ੍ਹਾਂ ਨੂੰ ਬਿਨਾਂ ਛੂਹੇ ਲੰਘਦਾ ਹੈ ਉਹ ਆਪਣੇ ਆਪ ਨੂੰ ਸਥਿਰ ਰੱਖ ਕੇ ਆਪਣੇ ਉਦੇਸ਼ ਲਈ ਆਪਣੇ ਕਰਮ 'ਚ ਨਿਰੰਤਰ ਲੱਗਾ ਰਹਿੰਦਾ ਹੈ, ਉਹੋ ਹੈ ਸੱਚਾ ਤਪਸਵੀ, ਉਹੋ ਹੈ ਯੋਗੀ। ਤਨ,ਮਨ ਅਤੇ ਬੁੱਧੀ ਦਾ ਤਪ ਹੀ ਤੁਹਾਨੂੰ ਆਮ ਤੋਂ ਖ਼ਾਸ ਬਣਾ ਦਿੰਦਾ ਹੈ।

• ਸ਼ਿਵੇਂਦਰ ਨਾਗਰ

# ‘ਐਂਟੀਬਾਇਓਟਿਕ’ ਦਾ ਵਧਿਆ ਰੁਝਾਨ: ਅੰਬਰਸਰੀਏ ਰੋਜ਼ਾਨਾ ਡਕਾਰ ਰਹੇ 1 ਕਰੋੜ ਤੋਂ ਵੱਧ ਦੀਆਂ ਦਵਾਈਆਂ !

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 13 ਫਰਵਰੀ। ਸਿਹਤ ਵਿਭਾਗ ਦੀ ਅਣਦੇਖੀ ਕਾਰਨ ਜ਼ਿਲ੍ਹਾ ਦੇ ਵਧੇਰੇ ਡਾਕਟਰ ਬਿਨਾਂ ਲੋੜ ਤੋਂ ਮਰੀਜ਼ਾਂ ਨੂੰ ਹੈਵੀ ਐਂਟੀਬਾਇਓਟਿਕ ਦਵਾਈਆਂ ਦੇ ਰਹੇ ਹਨ। ਹੈਵੀ ਐਂਟੀਬਾਇਓਟਿਕ ਦਵਾਈਆਂ ਵਧੇਰੇ ਖਾਣ ਕਾਰਨ ਲੋਕਾਂ ਅੰਦਰ ਜਿੱਥੇ ਚੰਗੇ ਬੈਕਟੀਰੀਆ ਸਰੀਰ ’ਚੋਂ ਨਸ਼ਟ ਹੋ ਰਹੇ ਹਨ, ਉਥੇ ਹੀ ਕਈ ਗੰਭੀਰ ਬਿਮਾਰੀਆਂ ਲੋਕਾਂ ਨੂੰ ਜਕੜ ਰਹੀਆਂ ਹਨ। ਅੰਮ੍ਰਿਤਸਰ ’ਚ ਰੋਜ਼ਾਨਾ ਇਕ ਕਰੋੜ ਤੋਂ ਵਧੇਰੇ ਦੀ ਐਂਟੀਬਾਇਓਟਿਕ ਦਵਾਈਆਂ ਸਰਕਾਰੀ ਅਤੇ ਗੈਰ-ਸਰਕਾਰੀ ਅਦਾਰਿਆਂ ’ਚ ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਹਨ। ਇੱਥੇ ਹੀ ਬੱਸ ਨਹੀਂ, ਵਿਭਾਗ ਵੱਲੋਂ ਬਿਨਾਂ ਵਜ?ਹਾ ਐਂਟੀਬਾਇਓਟਿਕ ਦਵਾਈਆਂ ਦੇ ਚੱਲ ਰਹੇ ਚਲਣ ਨੂੰ ਰੋਕਣ ਦੇ ਲਈ ਠੋਸ ਨੀਤੀ ਨਾ ਲਿਆਉਣ ਕਾਰਨ ਇਹ ਸਿਲਸਿਲਾ ਲਗਾਤਾਰ ਜਾਰੀ ਹੈ। ਜਾਣਕਾਰੀ ਅਨੁਸਾਰ ਸ਼ਹਿਰ ਦੇ ਸਰਕਾਰੀ ਅਤੇ ਨਿੱਜੀ ਹਸਪਤਾਲਾਂ ’ਚ ਐਂਟੀਬਾਇਓਟਿਕ ਦਵਾਈਆਂ ਦੇ ਵਧਦੇ ਇਸਤੇਮਾਲ ਨੇ ਗੰਭੀਰ ਸਿਹਤ ਚਿੰਤਾ ਖੜ੍ਹੀ ਕਰ ਦਿੱਤੀ ਹੈ। ਆਮ ਬੁਖਾਰ, ਸਰਦੀ-ਖਾਂਸੀ ਅਤੇ ਹਲਕੇ ਇਨਫੈਕਸ਼ਨ ਆਦਿ ਮਾਮਲਿਆਂ ’ਚ ਵੀ ਮਰੀਜ਼ਾਂ ਨੂੰ ਹੈਵੀ ਡੋਜ਼ ਐਂਟੀਬਾਇਓਟਿਕ ਲਿਖੇ ਜਾਣ ਦੇ ਮਾਮਲੇ ਸਾਹਮਣੇ ਆ ਰਹੇ ਹਨ। ਜਾਂਚ ਦੌਰਾਨ ਕਈ ਮਾਮਲੇ ਅਜਿਹੇ ਸਾਹਮਣੇ ਆਏ ਜਿੱਥੇ ਬਿਨਾਂ ਢੁਕਵੀਂ ਜਾਂਚ ਦੇ ਹੀ ਦਵਾਈਆਂ ਸ਼ੁਰੂ ਕਰ ਦਿੱਤੀਆਂ ਗਈਆਂ। ਕਈ ਬਿਮਾਰੀਆਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ’ਚ ਤੁਰੰਤ ਐਂਟੀਬਾਇਓਟਿਕ ਦੀ ਜ਼ਰੂਰਤ ਪੈਂਦੀ ਹੈ ਪਰ ਕਈਆਂ ’ਚ ਇਸ ਤੋਂ ਬਿਨਾਂ ਵੀ ਮਰੀਜ਼ ਠੀਕ ਹੋ ਸਕਦਾ ਹੈ। ਜਗ ਬਾਣੀ ਦੀ ਟੀਮ ਵੱਲੋਂ ਜਦੋਂ ਜ਼ਿਲ੍ਹਾ ਦੇ ਕਈ ਸਰਕਾਰੀ ਤੇ ਪ੍ਰਾਈਵੇਟ ਹਸਪਤਾਲਾਂ ਦਾ ਨਿਰੀਖਣ ਕੀਤਾ ਗਿਆ ਤਾਂ ਵੇਖਿਆ ਗਿਆ ਕਿ ਬਿਨਾਂ ਲੋੜ ਤੋਂ ਐਂਟੀਬਾਇਓਟਿਕ ਦਵਾਈਆਂ ਲਿਖੀਆਂ ਜਾ ਰਹੀਆਂ ਸਨ। ਇੱਥੇ ਹੀ ਬੱਸ ਨਹੀਂ, ਕਈ ਮੈਡੀਕਲ ਸਟੋਰਾਂ ’ਤੇ ਖੁਦ ਡਾਕਟਰ ਬਣਦੇ ਹੋਏ ਮਰੀਜ਼ਾਂ ਨੂੰ ਇਹ ਦਵਾਈਆਂ ਧੜੱਲੇ ਨਾਲ ਦਿੱਤੀਆਂ ਜਾ ਰਹੀਆਂ ਸਨ। ਸਿਹਤ ਵਿਭਾਗ ਦੇ ਜ਼ੋਨਲ ਲਾਈਸੈਂਸ ਅਥਾਰਟੀ ਕੁਲਵਿੰਦਰ ਸਿੰਘ ਨੇ ਕਿਹਾ ਕਿ ਵਿਭਾਗ ਵੱਲੋਂ ਸਪੱਸ਼ਟ ਹੁਕਮ ਦਿੱਤੇ ਗਏ ਹਨ ਕਿ ਬਿਨਾਂ ਡਾਕਟਰ ਦੀ ਪਰਚੀ ਤੋਂ ਮਰੀਜ਼ ਨੂੰ ਐਂਟੀਬਾਇਓਟਿਕ ਦਵਾਈ ਦੇਣ ’ਤੇ ਸਖ਼ਤ ਮਨਾਹੀ ਹੈ। ਜੇਕਰ ਕੋਈ ਨਿਯਮਾਂ ਦੀ ਉਲੰਘਣਾ ਕਰਦਾ ਹੈ ਤਾਂ ਸਖ਼ਤ ਕਾਰਵਾਈ ਅਮਲ ’ਚ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕਿ ਵਿਭਾਗ ਦੇ ਹੁਕਮਾਂ ਨੂੰ ਹੇਠਲੇ ਪੱਧਰ ਤੱਕ ਲਾਗੂ ਕਰਵਾਉਣ ਲਈ ਟੀਮਾਂ ਪੂਰੀ ਸਰਗਰਮੀ ਨਾਲ ਕੰਮ ਕਰ ਰਹੀਆਂ ਹਨ। ਪੰਜਾਬ ਕੈਮਿਸਟ ਐਸੋਸੀਏਸ਼ਨ ਦੇ ਪੰਜਾਬ ਪ੍ਰਧਾਨ ਸੁਰਿੰਦਰ ਦੁੱਗਲ ਨੇ ਦੱਸਿਆ ਕਿ ਅੰਮ੍ਰਿਤਸਰ ’ਚ ਰੋਜ਼ਾਨਾ ਇਕ ਕਰੋੜ ਤੋਂ ਵਧੇਰੇ ਦੀ ਐਂਟੀਬਾਇਓਟਿਕ ਲੱਗ ਰਹੀ ਹੈ। ਉਨ੍ਹਾਂ ਦੱਸਿਆ ਕਿ ਸਹੀ ਇਸਤੇਮਾਲ ਲਈ ਮੈਡੀਕਲ ਸਟੋਰਾਂ ਨੂੰ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ ਅਤੇ ਬਿਨਾਂ ਪਰਚੀ ਦਵਾਈ ਦੇਣ ਤੋਂ ਗੁਰੇਜ਼ ਕੀਤਾ ਜਾ ਰਿਹਾ ਹੈ। ਪ੍ਰਸਿੱਧ ਮਾਹਰ ਡਾਕਟਰ ਨਰੇਸ਼ ਚਾਵਲਾ ਨੇ ਦੱਸਿਆ ਕਿ ਐਂਟੀਬਾਇਓਟਿਕ ਸਿਰਫ਼ ਬੈਕਟੀਰੀਅਲ ਇਨਫੈਕਸ਼ਨ ਲਈ ਹੀ ਲੋੜੀਂਦੇ ਹਨ। ਵਾਇਰਲ ਬਿਮਾਰੀਆਂ ’ਚ ਇਹ ਫਾਇਦਾ ਨਹੀਂ ਕਰਦੇ। ਉਨ੍ਹਾਂ ਕਿਹਾ ਕਿ ਬਿਨਾਂ ਡਾਕਟਰ ਦੀ ਸਲਾਹ ਤੋਂ ਦਵਾਈ ਦਾ ਸੇਵਨ ਨਹੀਂ ਕਰਨਾ ਚਾਹੀਦਾ ਕਿਉਂਕਿ ਇਹ ਜਿਗਰ ਅਤੇ ਗੁਰਦਿਆਂ ’ਤੇ ਮਾੜਾ ਅਸਰ ਪਾ ਸਕਦੀਆਂ ਹਨ।



### ਅਦਾਲਤ ਕੰਪਲੈਕਸ ’ਚ ਆਇਆ ਦੋਸ਼ੀ ਨਸ਼ੀਲੀਆਂ ਗੋਲੀਆਂ ਸਮੇਤ ਕਾਬੂ

ਗੁਰਦਾਸਪੁਰ 13 ਫਰਵਰੀ। ਅਦਾਲਤ ਕੰਪਲੈਕਸ ਗੁਰਦਾਸਪੁਰ ’ਚ ਆਏ ਇਕ ਦੋਸ਼ੀ ਨੂੰ ਪੁਲਸ ਨੇ 205 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕਰਕੇ ਉਸ ਦੇ ਖਿਲਾਫ਼ ਕੇਸ ਦਰਜ ਕੀਤਾ ਹੈ। ਇਸ ਸਬੰਧੀ ਏ.ਐੱਸ.ਆਈ ਅਰਜੁਨ ਸਿੰਘ ਨੇ ਦੱਸਿਆ ਕਿ ਉਹ ਅਦਾਲਤ ਕੰਪਲੈਕਸ ਵਿੱਚ ਸੁਰੱਖਿਆ ਇੰਚਾਰਜ ਵਜੋਂ ਤਾਇਨਾਤ ਹੈ। ਉਹ ਅਦਾਲਤ ਦੇ ਕੰਪਲੈਕਸ ਦੇ ਮੁੱਖ ਗੇਟ ’ਤੇ ਡਿਊਟੀ ’ਤੇ ਸੀ ਜਦੋਂ ਦੁਪਹਿਰ 3:30 ਵਜੇ ਦੇ ਕਰੀਬ ਜਨਤਕ ਚੈਕਿੰਗ ਦੌਰਾਨ ਇੱਕ ਨੌਜਵਾਨ ਨੂੰ ਰੋਕਿਆ ਗਿਆ ਤਾਂ ਉਸ ਨੇ ਆਪਣੀ ਜੁਰਾਬ ਵਿੱਚੋਂ ਇੱਕ ਪਲਾਸਟਿਕ ਦਾ ਲਿਫਾਫਾ ਕੱਢਿਆ ਅਤੇ ਪਾਰਕ ਵਿੱਚ ਸੁੱਟ ਦਿੱਤਾ ਅਤੇ ਭੱਜਣ ਦੀ ਕੋਸ਼ਿਸ਼ ਕੀਤੀ। ਜਦੋਂ ਉਸ ਨੂੰ ਫੜ ਕੇ ਪੁੱਛਗਿੱਛ ਕੀਤੀ ਗਈ ਤਾਂ ਦੋਸ਼ੀ ਨੇ ਆਪਣੀ ਪਛਾਣ ਨਰੇਸ਼ ਕੁਮਾਰ ਉਰਫ਼ ਬਾਬੂ ਪੁੱਤਰ ਰਮੇਸ਼ ਕੁਮਾਰ ਵਾਸੀ ਗਾਂਧੀ ਕੈਂਪ, ਬਟਾਲਾ ਵਜੋਂ ਦੱਸੀ। ਲਿਫਾਫੇ ਵਿੱਚ ਨਸ਼ੀਲੇ ਪਦਾਰਥ ਹੋਣ ਦੇ ਸ਼ੱਕ ਕਾਰਨ ਗੁਰਦਾਸਪੁਰ ਸਿਟੀ ਪੁਲਸ ਦੇ ਸਬ-ਇੰਸਪੈਕਟਰ ਕੁਲਦੀਪ ਸਿੰਘ ਨੂੰ ਮੌਕੇ ’ਤੇ ਬੁਲਾਇਆ ਗਿਆ। ਜਦੋਂ ਸੁੱਟੇ ਹੋਏ ਲਿਫਾਫੇ ਦੀ ਜਾਂਚ ਕੀਤੀ ਗਈ ਤਾਂ 205 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ।

## ਪੰਜਾਬ ਕੇਸਰੀ ਗਰੁੱਪ ਵਿਰੁੱਧ ਕੀਤੀ ਕਾਰਵਾਈ ’ਆਪ’ ਸਰਕਾਰ ਦੀ ਬੁਖਲਾਹਟ ਦੀ ਨਿਸ਼ਾਨੀ : ਡਾ. ਚੀਮਾ

ਜਲੰਧਰ 13 ਫਰਵਰੀ। ਕੇਜਰੀਵਾਲ ਤੇ ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਕੇਸਰੀ ਗਰੁੱਪ ਵਿਰੁੱਧ ਕੀਤੀ ਜਾ ਰਹੀ ਕਾਰਵਾਈ ਸਰਕਾਰ ਦੀ ਬੁਖਲਾਹਟ ਦੀ ਨਿਸ਼ਾਨੀ ਹੈ। ਸਰਕਾਰ ਆਜ਼ਾਦ ਮੀਡੀਆ ਨੂੰ ਦਬਾਉਣਾ ਚਾਹੁੰਦੀ ਹੈ ਪਰ ਇਹ ਉਸ ਦੀ ਗਲਤਫਹਿਮੀ ਹੈ। ਇਹ ਗੱਲ ਸ਼?ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ‘ਜਗ ਬਾਣੀ’ ਨਾਲ ਗੱਲਬਾਤ ਕਰਦਿਆਂ ਕਹੀ। ਡਾ. ਚੀਮਾ ਨੇ ਕਿਹਾ ਕਿ ਮਾਨ ਸਰਕਾਰ ਵਿਰੋਧੀ ਧਿਰਾਂ ਤੇ ਖਾਸ ਕਰ ਕੇ ਅਕਾਲੀ ਦਲ ਵਿਰੁੱਧ ਬਦਲਾਖੋਰੀ ਦੀ ਨੀਤੀ ਅਪਨਾ ਰਹੀ ਹੈ। ਕੇਜਰੀਵਾਲ ਤੇ ਮੁੱਖ ਮੰਤਰੀ ਨੂੰ ਪਤਾ ਲੱਗ ਚੁੱਕਾ ਹੈ ਕਿ ਜੇ ਕੋਈ ਸਾਨੂੰ ਚੋਣਾਂ ’ਚ ਵੱਟੋ-ਵੱਟ ਪਾ ਸਕਦਾ ਹੈ, ਉਹ ਅਕਾਲੀ ਦਲ ਹੀ ਹੈ ਤੇ ਇਸੇ ਕਰਕੇ ਪਾਰਟੀ ਦੀ ਲੀਡਰਸ਼ਿਪ ਵਿਰੁੱਧ ਸਰਕਾਰ ਕਾਰਵਾਈ ਕਰਨ ’ਚ ਲੱਗੀ ਹੈ। ਉਨ੍ਹਾਂ ਕਿਹਾ ਕਿ ਸ਼?ਰੋਮਣੀ ਅਕਾਲੀ ਦਲ ਸੱਤਾ ’ਚ ਆ ਕੇ ਕੇਜਰੀਵਾਲ ਤੇ ਭਗਵੰਤ ਮਾਨ ਦੀਆਂ ਚੀਕਾਂ ਕਢਵਾ ਦੇਵੇਗਾ ਅਤੇ ਮੁੜ ਕੇ ਇਹ ‘ਨਾਲਾਇਕ ਟੋਲੀ’ ਕਿਸੇ ਵੱਲ ਵੀ ਮੂੰਹ ਕਰਨ ਦੀ ਹਿੰਮਤ ਨਹੀਂ ਕਰੇਗੀ। ਸਾਬਕਾ ਮੰਤਰੀ ਨੇ ਕਿਹਾ ਕਿ ਪਿਛਲੇ ਚਾਰ ਸਾਲਾਂ ’ਚ ਸੂਬੇ ’ਚ ਵਿਕਾਸ ਕੰਮਾਂ ਲਈ ਇਕ ਵੀ ਇੱਟ ਨਹੀਂ ਲੱਗੀ ਜਦਕਿ ਸਰਕਾਰ ਝੂਠਾ ਪ੍ਰਚਾਰ ਕਰ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ ਕਿ ਸੂਬੇ ਨੂੰ ਰੰਗਲਾ ਪੰਜਾਬ ਬਣਾਇਆ ਜਾ ਰਿਹਾ ਹੈ। ਦਿੱਲੀ ਵਾਲੇ ਲੁਟੇਰਿਆਂ ਨੇ ਚਾਰ ਸਾਲਾਂ ’ਚ ਸੂਬੇ ਨੂੰ ਲੁੱਟ ਲਿਆ ਹੈ। ਸੂਬੇ ਨੂੰ ਪੈਰ ਸਿਰ ਕਰਨ ਲਈ ਸਖਤ ਕਦਮ ਚੁੱਕਣੇ ਪੈਣਗੇ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ’ਚ ਲੋਕ ਦਿੱਲੀ ਦੇ ਲੁਟੇਰਿਆਂ ਤੇ ਪੰਜਾਬ ਦੇ ਮੁੱਖ ਮੰਤਰੀ ਤੇ ਉਨ੍ਹਾਂ ਦੀ ਮੰਡਲੀ ਨੂੰ ਬੁਰੀ ਤਰ੍ਹਾਂ ਹਰਾਉਣਗੇ, ਕਿਉਂਕਿ ਇਨ੍ਹਾਂ ਨੇ ਕੋਈ ਵੀ ਕਦਮ ਸੂਬੇ ਦੀ ਭਲਾਈ ਲਈ ਨਹੀਂ ਚੁੱਕਿਆ। ਚੋਣਾਂ ’ਚ ਵੋਟਾਂ ਮੰਗਣ ਆਉਣ ’ਤੇ ਲੋਕ ‘ਆਪ’ ਵਾਲਿਆਂ ਨੂੰ ਪਿੰਡਾਂ ’ਚੋਂ ਭਜਾਉਣਗੇ ਅਤੇ ਇਹ ਪਿੰਡਾਂ ’ਚ ਵੜਨ ਦਾ ਜਿਗਰਾ ਨਹੀਂ ਕਰਨਗੇ।



## ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਵੱਲੋਂ ਬਣਾਈ ਗਈ ਏਆਈ ਮਾਹਿਰਾਂ ਦੀ ਕਮੇਟੀ ਦੀ ਹੋਈ ਇਕੱਤਰਤਾ

**ਕੌਮੀ ਪਤ੍ਰਿਕਾ**
**ਕ੍ਰਿਸ਼ਨ ਸਿੰਘ ਦੁਸਾਂਝ**

ਅੰਮ੍ਰਿਤਸਰ, 13 ਫਰਵਰੀ: ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਤਕਨਾਲੋਜੀ ਦੁਆਰਾ ਸਿੱਖੀ ਬਾਰੇ ਗਲਤ ਜਾਣਕਾਰੀ ਅੱਗੇ ਵਧਾਉਣ ਦੇ ਚਲਣ ਅਤੇ ਸੋਸ਼ਲ ਮੀਡੀਆ ‘ਤੇ ਸਿੱਖ ਧਰਮ ਦੀ ਮਾਣ ਮਰਿਆਦਾ ਵਿਰੁੱਧ ਸਮਗਰੀ ਨੂੰ ਰੋਕਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਇਸ ਖੇਤਰ ਵਿਚ ਕੰਮ ਕਰ ਰਹੇ ਤਕਨੀਕੀ ਮਾਹਿਰਾਂ ‘ਤੇ ਨਿਰਭਰ ਬਣਾਈ ਗਈ ਸਬ ਕਮੇਟੀ ਦੀ ਅੱਜ ਇਥੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਵਿਖੇ ਇਕੱਤਰਤਾ ਹੋਈ। ਇਸ ਇਕੱਤਰਤਾ ਵਿੱਚ ਡਾ. ਸਰਪ੍ਰੀਤ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ ਫ਼ਤਹਿਗੜ੍ਹ ਸਾਹਿਬ, ਡਾ. ਗੁਰਪਾਲ ਸਿੰਘ ਖਾਲਸਾ ਕਾਲਜ ਪਟਿਆਲਾ, ਡਾ. ਜਗਦੀਪ ਸਿੰਘ ਮੱਲ੍ਹੀ ਗੁਰੂ ਨਾਨਕ ਇੰਜੀਅਰਿੰਗ ਕਾਲਜ ਲੁਧਿਆਣਾ, ਡਾ. ਸਤਿੰਦਰਪਾਲ ਸਿੰਘ ਗੁਰੂ ਨਾਨਕ ਇੰਜੀਅਨਿੰਗ ਕਾਲਜ ਲੁਧਿਆਣਾ, ਸ. ਹਰਮੀਤ ਸ਼ਾਹ ਸਿੰਘ ਯੂਕੇ, ਡਾ. ਸਰਬਜੋਤ ਸਿੰਘ ਯੂਕੇ, ਸ਼੍ਰੋਮਣੀ ਕਮੇਟੀ ਦੇ ਸਿਸਟਮ ਐਡਮਿਨਸ੍ਰੇਟਰ ਸ. ਕਰਮਵੀਰ ਸਿੰਘ ਤੇ ਇੰਚਾਰਜ ਸ. ਸਿਵਰਾਜ ਸਿੰਘ ਹਾਜ਼ਰ ਹੋਏ, ਜਦਕਿ ਡਾ. ਹਰਜਿੰਦਰ ਸਿੰਘ ਸੰਧੂ ਅਮਰੀਕਾ ਤੋਂ ਆਨਲਾਈਨ ਤਰੀਕੇ ਨਾਲ ਸ਼ਮੂਲੀਅਤ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ ਨੇ ਦੱਸਿਆ ਕਿ ਆਰਟੀਫਿਸ਼ਲ ਇੰਟੈਲੀਜੈਂਸ ਰਾਹੀਂ ਸਿੱਖ ਧਰਮ ਬਾਰੇ ਗ਼ਲਤ ਜਾਣਕਾਰੀ ਅਤੇ ਇਤਰਾਜ਼ਯੋਗ ਸਮੱਗਰੀ ਸੋਸ਼ਲ ਮੀਡੀਏ ‘ਤੇ ਪ੍ਰਚਾਰੇ ਜਾਣ ਨੂੰ ਰੋਕਣ ਲਈ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਇਸ ਖੇਤਰ ਵਿੱਚ ਕੰਮ ਕਰਨ ਵਾਲੇ ਵਿਅਕਤੀਆਂ ਨਾਲ ਮੀਟਿੰਗ ਕੀਤੀ ਗਈ ਸੀ। ਇਸ ਮਗਰੋਂ ਅੰਤ੍ਰਿੰਗ ਕਮੇਟੀ ਵੱਲੋਂ ਹੋਏ ਫੈਸਲੇ ਅਨੁਸਾਰ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਏਆਈ ਖੇਤਰ ਦੇ ਮਾਹਿਰਾਂ ਦੀ ਸਬ ਕਮੇਟੀ ਬਣਾਈ ਸੀ ਜਿਸ ਦੀ ਅੱਜ ਹੋਈ ਇਕੱਤਰਤਾ ਵਿੱਚ ਹਾਜ਼ਰ ਸ਼ਖ਼ਸੀਅਤਾਂ ਨੇ ਆਪਣੇ ਮੁੱਲਵਾਨ ਸੁਝਾਅ ਦਿੱਤੇ ਹਨ। ਉਨ੍ਹਾਂ ਨੇ ਦੱਸਿਆ ਕਿ ਮੀਟਿੰਗ ਦੌਰਾਨ ਹੋਈਆਂ ਵਿਚਾਰਾਂ ਦੀ ਰਿਪੋਰਟ ਸ਼੍ਰੋਮਣੀ ਕਮੇਟੀ ਪ੍ਰਧਾਨ ਸਾਹਿਬ ਨੂੰ ਪੇਸ਼ ਕੀਤੀ ਜਾਵੇਗੀ, ਜਿਸ ’ਤੇ ਪ੍ਰਵਾਨਗੀ ਉਪਰੰਤ ਅਗਲੇਰੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਸਬ ਕਮੇਟੀ ਦੇ ਮੈਂਬਰਾਂ ਨੇ ਇਸ ਖੇਤਰ ਵਿੱਚ ਸ਼੍ਰੋਮਣੀ ਕਮੇਟੀ ਨੂੰ ਅਗੋਂ ਵੀ ਹਰ ਤਰ੍ਹਾਂ ਦਾ ਸਹਿਯੋਗ ਦੇਣ ਦੀ ਵਚਨਬੱਧਤਾ ਪ੍ਰਗਟਾਈ ਹੈ।



## ਸਿਹਤ ਕ੍ਰਾਂਤੀ ਦੇ ਦਾਅਵਿਆਂ ਦੀ ਨਿਕਲੀ ਫੂਕ ਮਾਹਿਰ ਡਾਕਟਰਾਂ ਦੀ ਘਾਟ ਕਾਰਨ ‘ਬੀਮਾਰ’ ਹੋਏ ਸਰਕਾਰੀ ਹਸਪਤਾਲ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 13 ਫਰਵਰੀ। ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ‘ਸਿਹਤ ਕ੍ਰਾਂਤੀ’ ਲਿਆਉਣ ਦੇ ਕੀਤੇ ਜਾ ਰਹੇ ਵੱਡੇ-ਵੱਡੇ ਦਾਅਵਿਆਂ ਨੂੰ ਜ਼ਿਲਾ ਅੰਮ੍ਰਿਤਸਰ ਦੇ ਸਰਕਾਰੀ ਹਸਪਤਾਲ ਮੂੰਹ ਚਿੜਾ ਰਹੇ ਹਨ। ਜ਼ਮੀਨੀ ਹਕੀਕਤ ਇਹ ਹੈ ਕਿ ਜ਼ਿਲੇ ਦੇ ਅੱਠ ਕਮਿਊਨਿਟੀ ਹੈਲਥ ਸੈਂਟਰਾਂ ਅਤੇ ਦੋ ਸਬ-ਡਿਵੀਜ਼ਨਲ ਹਸਪਤਾਲਾਂ ਵਿਚ ਮੈਡੀਸਨ ਸਪੈਸ਼ਲਿਸਟ (ਮਾਹਿਰ) ਡਾਕਟਰਾਂ ਦੀਆਂ ਪੋਸਟਾਂ ਲੰਬੇ ਸਮੇਂ ਤੋਂ ਖਾਲੀ ਪਈਆਂ ਹਨ। ਮਾਹਿਰ ਡਾਕਟਰਾਂ ਦੀ ਪੱਕੀ ਤਾਇਨਾਤੀ ਨਾ ਹੋਣ ਕਾਰਨ ਜਿੱਥੇ ਗਰੀਬ ਮਰੀਜ਼ ਇਲਾਜ ਲਈ ਖੱਜਲ-ਖੁਆਰ ਹੋ ਰਹੇ ਹਨ, ਉੱਥੇ ਹੀ ਸਰਕਾਰ ਦੇ ਸਿਹਤ ਸਹੂਲਤਾਂ ਵਾਲੇ ਦਾਅਵਿਆਂ ’ਤੇ ਵੱਡਾ ਪ੍ਰਸ਼ਨ ਚਿੰਨ੍ਹ ਲੱਗ ਰਿਹਾ ਹੈ। ਜਾਣਕਾਰੀ ਅਨੁਸਾਰ, ਨਿਯਮਾਂ ਮੁਤਾਬਕ ਲਗਭਗ 2 ਲੱਖ ਦੀ ਆਬਾਦੀ ਪਿੱਛੇ ਇਕ ਕਮਿਊਨਿਟੀ ਹਸਪਤਾਲ ਸੇਵਾਵਾਂ ਦਿੰਦਾ ਹੈ, ਜਦਕਿ ਸਬ-ਡਿਵੀਜ਼ਨਲ ਹਸਪਤਾਲ ਇਸ ਤੋਂ ਵੀ ਵੱਡੀ ਆਬਾਦੀ ਨੂੰ ਕਵਰ ਕਰਦੇ ਹਨ। ਕਿਸੇ ਵੀ ਹਸਪਤਾਲ ਵਿਚ ਮੈਡੀਸਨ ਮਾਹਿਰ ਦੀ ਭੂਮਿਕਾ ਸਭ ਤੋਂ ਅਹਿਮ ਹੁੰਦੀ ਹੈ, ਪਰ ਅੰਮ੍ਰਿਤਸਰ ਦੇ ਸਰਕਾਰੀ ਹਸਪਤਾਲ ਇਸ ਮੁਢਲੀ ਸਹੂਲਤ ਤੋਂ ਹੀ ਵਾਂਝੇ ਹਨ। ਜ਼ਿਲਾ ਅੰਮ੍ਰਿਤਸਰ ਦੇ ਸਰਕਾਰੀ ਕਮਿਊਨਿਟੀ ਹਸਪਤਾਲ ਥਰੀਏਵਾਲ, ਵੇਰਕਾ, ਜੰਡਿਆਲਾ, ਅਜਨਾਲਾ, ਬਾਬਾ ਬਕਾਲਾ, ਰਮਦਾਸ ਅਤੇ ਲੋਪੋਕੇ ਵਿਚ ਮੈਡੀਸਨ ਸਪੈਸ਼ਲਿਸਟ ਡਾਕਟਰਾਂ ਦੀ ਓ.ਪੀ.ਡੀ. ਵਿਚ ਕੋਈ ਪੱਕੀ ਤਾਇਨਾਤੀ ਨਹੀਂ ਹੈ। ਹਾਲਾਂਕਿ ਵੇਰਕਾ ਵਿਖੇ ਐੱਸ.ਐੱਮ.ਓ. ਡਾਕਟਰ ਰਾਜ ਕੁਮਾਰ ਪ੍ਰਸ਼ਾਸਨਿਕ ਕੰਮਾਂ ਦੇ ਨਾਲ-ਨਾਲ ਮਰੀਜ਼ਾਂ ਦੀ ਜਾਂਚ ਕਰ ਰਹੇ ਹਨ, ਪਰ ਬਾਕੀ ਹਸਪਤਾਲਾਂ ਦੀ ਹਾਲਤ ਤਰਸਯੋਗ ਹੈ। ਇਹੀ ਹਾਲ ਸਬ-ਡਿਵੀਜ਼ਨਲ ਹਸਪਤਾਲ ਬਾਬਾ ਬਕਾਲਾ ਅਤੇ ਅਜਨਾਲਾ ਦਾ ਹੈ, ਜਿੱਥੇ ਮਾਹਿਰ ਡਾਕਟਰ ਨਾ ਹੋਣ ਕਾਰਨ ਮਰੀਜ਼ਾਂ ਨੂੰ ਨਿੱਜੀ ਹਸਪਤਾਲਾਂ ਜਾਂ ਸ਼ਹਿਰ ਦੇ ਵੱਡੇ ਹਸਪਤਾਲਾਂ ਵੱਲ ਦੌੜਨਾ ਪੈਂਦਾ ਹੈ। ਜ਼ਿਲਾ ਪੱਧਰੀ ਸਭ ਤੋਂ ਵੱਡੇ ਸਿਵਲ ਹਸਪਤਾਲ ਦੀ ਹਾਲਤ ਵੀ ਬਹੁਤੀ ਚੰਗੀ ਨਹੀਂ ਹੈ। ਵਿਭਾਗ ਇੱਥੇ ਪੱਕੇ ਤੌਰ ’ਤੇ ਮੈਡੀਸਨ ਸਪੈਸ਼ਲਿਸਟ ਤਾਇਨਾਤ ਕਰਨ ਵਿਚ ਅਸਫਲ ਰਿਹਾ ਹੈ। ਫਿਲਹਾਲ, ਇਕ ‘ਇਮਪੈਨਲਡ’ ਡਾਕਟਰ ਰਾਹੀਂ ਕੰਮ ਚਲਾਇਆ ਜਾ ਰਿਹਾ ਹੈ, ਜੋ ਦਿਨ ਵਿਚ ਸਿਰਫ਼ ਤਿੰਨ ਘੰਟੇ ਹੀ ਸੇਵਾਵਾਂ ਦਿੰਦੇ ਹਨ। ਸਰਕਾਰ ਇਨ੍ਹਾਂ ਨੂੰ ਪ੍ਰਤੀ ਮਰੀਜ਼ ਦੇ ਹਿਸਾਬ ਨਾਲ ਅਦਾਇਗੀ ਕਰਦੀ ਹੈ। ਹਾਲਾਂਕਿ ਐੱਸ.ਐੱਮ.ਓ. ਡਾਕਟਰ ਰਜਨੀਸ਼ ਖ਼ੁਦ ਮੈਡੀਸਨ ਮਾਹਿਰ ਹਨ, ਪਰ ਉਨ੍ਹਾਂ ਕੋਲ ਦੋ ਐੱਸ.ਐੱਮ.ਓ. ਪੋਸਟਾਂ ਦਾ ਵਾਧੂ ਚਾਰਜ ਅਤੇ ਪ੍ਰਸ਼ਾਸਨਿਕ ਜ਼ਿੰਮੇਵਾਰੀਆਂ ਹੋਣ ਕਾਰਨ ਉਹ ਮਰੀਜ਼ਾਂ ਨੂੰ ਪੂਰਾ ਸਮਾਂ ਨਹੀਂ ਦੇ ਪਾਉਂਦੇ। ਜਦੋਂ ਇਸ ਸਬੰਧੀ ਸਿਵਲ ਸਰਜਨ ਡਾਕਟਰ ਸਤਿੰਦਰ ਸਿੰਘ ਬਜਾਜ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਮੰਨਿਆ ਕਿ ਕਮਿਊਨਿਟੀ ਹੈਲਥ ਸੈਂਟਰਾਂ ਵਿਚ ਮੈਡੀਸਨ ਡਾਕਟਰਾਂ ਦੀ ਘਾਟ ਹੈ। ਉਨ੍ਹਾਂ ਕਿਹਾ, ‘ਸਰਕਾਰ ਵੱਲੋਂ ਜਲਦ ਹੀ ਪੱਕੇ ਤੌਰ ’ਤੇ ਮੈਡੀਸਨ ਸਪੈਸ਼ਲਿਸਟ ਤੈਨਾਤ ਕੀਤੇ ਜਾ ਰਹੇ ਹਨ। ਫਿਲਹਾਲ ਸਿਵਲ ਹਸਪਤਾਲ ਵਿਚ ਇਮਪੈਨਲਡ ਡਾਕਟਰ ਸੇਵਾਵਾਂ ਦੇ ਰਹੇ ਹਨ ਅਤੇ ਹੁਣ ਸਬ-ਡਿਵੀਜ਼ਨਲ ਹਸਪਤਾਲਾਂ ਵਿਚ ਵੀ ਅਜਿਹੇ ਡਾਕਟਰ ਭੇਜੇ ਜਾ ਰਹੇ ਹਨ ਤਾਂ ਜੋ ਮਰੀਜ਼ਾਂ ਨੂੰ ਰਾਹਤ ਮਿਲ ਸਕੇ।



## ਪੰਜਾਬ ਦੇ ਪੰਚਾਇਤ ਮੰਤਰੀ ਦੇ ਹਲਕੇ ’ਚ ਪੰਚਾਇਤੀ ਜ਼ਮੀਨ ’ਤੇ ਕਬਜ਼ਾ ! ਕਾਂਗਰਸ ਨੇ ਦਿੱਤੀ ਅੰਦੋਲਨ ਦੀ ਚੇਤਾਵਨੀ

**ਕੌਮੀ ਪਤ੍ਰਿਕਾ**

ਖੰਨਾ 13 ਫਰਵਰੀ। ਪੰਜਾਬ ਦੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਦੇ ਹਲਕਾ ਖੰਨਾ ਅਧੀਨ ਪੈਂਦੇ ਪਿੰਡ ਭਾਦਲਾ ਉਚਾ ਵਿਖੇ ਪੰਚਾਇਤੀ ਜ਼ਮੀਨ ’ਤੇ ਨਾਜਾਇਜ਼ ਕਬਜ਼ੇ ਦਾ ਮਾਮਲਾ ਲਗਾਤਾਰ ਤੂਲ ਫੜਦਾ ਜਾ ਰਿਹਾ ਹੈ। ਇਕ ਪਾਸੇ ਪਿੰਡ ਦੀ ਪੰਚਾਇਤ ਅਤੇ ਲੋਕ ਇਸ ਕਬਜ਼ੇ ਦਾ ਵਿਰੋਧ ਕਰ ਰਹੇ ਹਨ, ਉੱਥੇ ਹੀ ਦੂਜੇ ਪਾਸੇ ਮੁੱਖ ਮੰਤਰੀ ਦਰਬਾਰ ਤੱਕ ਸ਼ਿਕਾਇਤ ਪਹੁੰਚਣ ਦੇ ਬਾਵਜੂਦ ਹੁਣ ਤੱਕ ਕੋਈ ਠੋਸ ਕਾਰਵਾਈ ਨਾ ਹੋਣ ਕਾਰਨ ਲੋਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਦੌਰਾਨ ਸਾਬਕਾ ਕਾਂਗਰਸੀ ਮੰਤਰੀ ਗੁਰਕੀਰਤ ਸਿੰਘ ਕੋਟਲੀ ਨੇ ਵੀ ਇਸ ਮਾਮਲੇ ਨੂੰ ਲੈ ਕੇ ਸਰਕਾਰ ਅਤੇ ਪ੍ਰਸ਼ਾਸਨ ’ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਗੁਰਕੀਰਤ ਸਿੰਘ ਕੋਟਲੀ ਨੇ ਕਿਹਾ ਕਿ ਪਿੰਡ ਭਾਦਲਾ ਉਚਾ ਵਿਖੇ ਸਰੇਆਮ ਪੰਚਾਇਤੀ ਜ਼ਮੀਨ ’ਤੇ ਪੱਕਾ ਕਬਜ਼ਾ ਕੀਤਾ ਜਾ ਰਿਹਾ ਹੈ, ਜੋ ਕਾਨੂੰਨ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਪਿੰਡ ਵਾਸੀ ਇਸ ਕਬਜ਼ੇ ਦੇ ਖ਼?ਲਾਫ਼ ਹਨ, ਪਰ ਇਸਦੇ ਬਾਵਜੂਦ ਕੋਈ ਵੀ ਅਧਿਕਾਰੀ ਕਾਰਵਾਈ ਕਰਨ ਨੂੰ ਤਿਆਰ ਨਹੀਂ ਹੈ। ਕੋਟਲੀ ਨੇ ਦੋਸ਼ ਲਗਾਇਆ ਕਿ ਰਾਜਨੀਤਕ ਦਬਾਅ ਕਾਰਨ ਪ੍ਰਸ਼ਾਸਨ ਅੱਖਾਂ ਮੀਚ ਕੇ ਬੈਠਾ ਹੈ, ਜਿਸ ਨਾਲ ਕਬਜ਼ਾਧਾਰੀਆਂ ਦੇ ਹੌਸਲੇ ਹੋਰ ਬੁਲੰਦ ਹੋ ਰਹੇ ਹਨ। ਉਨ੍ਹਾਂ ਸਪਸ਼ਟ ਕੀਤਾ ਕਿ ਕਾਂਗਰਸ ਪਾਰਟੀ ਪਿੰਡ ਵਾਸੀਆਂ ਦੇ ਨਾਲ ਖੜੀ ਹੈ ਅਤੇ ਜੇ ਜਲਦੀ ਹੀ ਗੈਰ-ਕਾਨੂੰਨੀ ਨਿਰਮਾਣ ਕੰਮ ਬੰਦ ਨਾ ਕਰਵਾਇਆ ਗਿਆ ਅਤੇ ਦੋਸ਼ੀਆਂ ਦੇ ਖ਼?ਲਾਫ਼ ਕਾਰਵਾਈ ਨਾ ਹੋਈ ਤਾਂ ਉਹ ਖੁਦ ਆਪਣੀ ਪਾਰਟੀ ਦੇ ਨੇਤਾਵਾਂ ਅਤੇ ਵਰਕਰਾਂ ਨਾਲ ਮੌਕੇ ’ਤੇ ਪਹੁੰਚ ਕੇ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਕਰਨਗੇ। ਕੋਟਲੀ ਨੇ ਕਿਹਾ ਕਿ ਪੰਚਾਇਤੀ ਜ਼ਮੀਨ ਪਿੰਡ ਦੇ ਵਿਕਾਸ ਕਾਰਜਾਂ ਲਈ ਹੁੰਦੀ ਹੈ। ਇਸ ’ਤੇ ਕਬਜ਼ਾ ਕਰਨਾ ਨਾ ਸਿਰਫ਼ ਗੈਰ-ਕਾਨੂੰਨੀ ਹੈ, ਸਗੋਂ ਆਮ ਲੋਕਾਂ ਦੇ ਅਧਿਕਾਰਾਂ ਦੀ ਉਲੰਘਣਾ ਵੀ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਤੁਰੰਤ ਪ੍ਰਭਾਵ ਨਾਲ ਨਾਜਾਇਜ਼ ਕਬਜ਼ਾ ਹਟਾਇਆ ਜਾਵੇ ਅਤੇ ਜ਼ਿੰਮੇਵਾਰ ਅਧਿਕਾਰੀਆਂ ਦੇ ਖ਼?ਲਾਫ਼ ਵੀ ਸਖ਼ਤ ਕਾਰਵਾਈ ਕੀਤੀ ਜਾਵੇ। ਦੂਜੇ ਪਾਸੇ, ਪਿੰਡ ਭਾਦਲਾ ਉਚਾ ਦੇ ਪੰਚਾਇਤ ਮੈਂਬਰ ਕੁਲਵੰਤ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਨੂੰ ਲੈ ਕੇ ਕਈ ਵਾਰ ਪ੍ਰਸ਼ਾਸਨ ਅਤੇ ਸਬੰਧਿਤ ਵਿਭਾਗਾਂ ਨੂੰ ਲਿਖਤੀ ਅਤੇ ਜੁਬਾਨੀ ਸ਼ਿਕਾਇਤਾਂ ਦਿੱਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਪਿੰਡ ਵਾਸੀ ਲਗਾਤਾਰ ਅਧਿਕਾਰੀਆਂ ਦੇ ਚੱਕਰ ਕੱਟ ਰਹੇ ਹਨ, ਪਰ ਹੁਣ ਤੱਕ ਕੋਈ ਸੁਣਵਾਈ ਨਹੀਂ ਹੋਈ। ਕੁਲਵੰਤ ਸਿੰਘ ਮੁਤਾਬਕ ਕਬਜ਼ਾ ਕਰਨ ਵਾਲੇ ਲੋਕ ਬੇਖੌਫ਼ ਹੋ ਕੇ ਨਿਰਮਾਣ ਕੰਮ ਜਾਰੀ ਰੱਖੇ ਹੋਏ ਹਨ, ਜਿਸ ਨਾਲ ਲੋਕਾਂ ਚ ਰੋਸ ਹੈ। ਜੇ ਜਲਦੀ ਹੀ ਪ੍ਰਸ਼ਾਸਨ ਨੇ ਸਖ਼ਤ ਕਦਮ ਨਾ ਚੁੱਕੇ ਤਾਂ ਉਹ ਵੱਡੇ ਪੱਧਰ ’ਤੇ ਅੰਦੋਲਨ ਕਰਨ ਲਈ ਮਜਬੂਰ ਹੋਣਗੇ। ਪਿੰਡ ਵਿਚ ਇਸ ਮਸਲੇ ਨੂੰ ਲੈ ਕੇ ਤਣਾਅ ਦਾ ਮਾਹੌਲ ਬਣਿਆ ਹੋਇਆ ਹੈ ਅਤੇ ਲੋਕ ਸਰਕਾਰ ਤੋਂ ਨਿਰਪੱਖ ਕਾਰਵਾਈ ਦੀ ਮੰਗ ਕਰ ਰਹੇ ਹਨ।



## ਦਿੱਲੀ ਸਰਕਾਰ ਵੱਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਪਟੀਸ਼ਨ ਨੂੰ ਰੱਦ ਕਰਨ ’ਤੇ ਐਡ. ਧਾਮੀ ਨੇ ਕੀਤਾ ਇਤਰਾਜ਼

ਅੰਮ੍ਰਿਤਸਰ 13 ਫਰਵਰੀ। ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਿੱਲੀ ਸਰਕਾਰ ਵੱਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਪਟੀਸ਼ਨ ਨੂੰ ਮੁੜ ਰੱਦ ਕਰਨ ਦੇ ਫੈਸਲੇ ਦੀ ਕਰੜੀ ਨਿੰਦਾ ਕਰਦਿਆਂ ਇਸ ਨੂੰ ਸਿੱਖਾਂ ਨਾਲ ਬੇਇਨਸਾਫ਼ੀ ਕਰਾਰ ਦਿੱਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਪਹਿਲਾਂ ਆਮ ਆਦਮੀ ਪਾਰਟੀ ਦੀ ਸਰਕਾਰ ਸਮੇਂ ਕਈ ਵਾਰ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਪਟੀਸ਼ਨ ਸਜ਼ਾ ਸਮੀਖਿਆ ਬੋਰਡ ਵੱਲੋਂ ਰੱਦ ਕੀਤੀ ਗਈ ਸੀ ਅਤੇ ਹੁਣ ਭਾਜਪਾ ਦੀ ਸਰਕਾਰ ਵੀ ਉਸੇ ਰਸਤੇ ’ਤੇ ਚੱਲਦਿਆਂ ਸਿੱਖ ਭਾਵਨਾਵਾਂ ਦੇ ਵਿਰੁੱਧ ਫੈਸਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਜ਼ਾ ਸਮੀਖਿਆ ਬੋਰਡ ਵੱਲੋਂ ਕਈ ਕੈਦੀਆਂ ਦੀ ਸਜ਼ਾ ਮੁਆਫ਼ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ, ਜਦਕਿ 33 ਸਾਲ ਤੋਂ ਸਜ਼ਾ ਭੁਗਤ ਰਹੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਮਾਮਲੇ ਨੂੰ ਰੱਦ ਕਰ ਦਿੱਤਾ ਗਿਆ ਹੈ। ਇਹ ਮਾਨਵੀ ਅਧਿਕਾਰਾਂ ਦਾ ਉਲੰਘਣ ਹੈ, ਜਿਸ ਨਾਲ ਸਿੱਖ ਜਗਤ ਅੰਦਰ ਨਿਰਾਸ਼ਾ ਪੈਦਾ ਹੋ ਰਹੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਭਾਜਪਾ ਇਕ ਪਾਸੇ ਸਿੱਖ ਹਤੈਸ਼ੀ ਹੋਣ ਦਾ ਦਾਅਵਾ ਕਰਦੀ ਹੈ, ਪਰ ਸਿੱਖਾਂ ਨਾਲ ਸਬੰਧਤ ਮਾਮਲਿਆਂ ਵਿਚ ਸਰਕਾਰ ਦੀ ਪਹੁੰਚ ਉਸ ਦੇ ਦੋਹਰੇ ਚਿਹਰੇ ਨੂੰ ਬਿਆਨ ਕਰਦੀ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਦੇਸ਼ ਲਈ ਹਮੇਸ਼ਾ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ, ਪ੍ਰੰਤੂ ਸਿੱਖਾਂ ਪ੍ਰਤੀ ਸਰਕਾਰਾਂ ਦੀ ਨਕਾਰਾਤਮਕ ਪਹੁੰਚ ਨੇ ਹਮੇਸ਼ਾ ਨਿਰਾਸ਼ਾ ਦਿੱਤੀ ਹੈ। ਸ਼?ਰੋਮਣੀ ਕਮੇਟੀ ਪ੍ਰਧਾਨ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਆਪਣੀ ਸਜ਼ਾ ਤੋਂ ਵਧੇਰੇ ਸਮਾਂ ਜੇਲ੍ਹ ਵਿਚ ਬਿਤਾ ਚੁੱਕੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਫੈਸਲੇ ਵਿਚ ਇਨਸਾਫ਼ ਕੀਤਾ ਜਾਵੇ ਅਤੇ ਉਨ੍ਹਾਂ ਦੀ ਤੁਰੰਤ ਰਿਹਾਈ ਕਰਨ ਦੇ ਆਦੇਸ਼ ਦਿੱਤੇ ਜਾਣ।



## ਪੁਲਸ ਦੀ ਵੱਡੀ ਕਾਰਵਾਈ ! ਵਿਦੇਸ਼ੀ ਪਿਸਤੌਲਾਂ ਤੇ ਜ਼ਿੰਦਾ ਕਾਰਤੂਸਾਂ ਸਣੇ 3 ਗੈਂਗਸਟਰ ਕਾਬੂ, ਗੈਂਗਵਾਰ ਦੀ ਸੀ ਤਿਆਰੀ

**ਏਜੰਸੀਆਂ**

ਬਠਿੰਡਾ 13 ਫਰਵਰੀ। ਬਠਿੰਡਾ ’ਚ ਸੰਭਾਵਿਤ ਗੈਂਗਵਾਰ ਦੀ ਵੱਡੀ ਸਾਜ਼ਿਸ਼ ਨੂੰ ਸਮੇਂ ਸਿਰ ਨਾਕਾਮ ਕਰਦਿਆਂ ਥਾਣਾ ਥਰਮਲ ਪੁਲਸ ਨੇ ਤਿੰਨ ਗੈਂਗਸਟਰਾਂ ਨੂੰ ਚਾਰ ਵਿਦੇਸ਼ੀ ਪਿਸਤੌਲਾਂ ਅਤੇ 26 ਜ਼ਿੰਦਾ ਕਾਰਤੂਸਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੇ ਕਬਜ਼ੇ ਤੋਂ ਇੱਕ ਬਿਨਾਂ ਨੰਬਰ ਦੀ ਵਰਨਾ ਕਾਰ ਵੀ ਬਰਾਮਦ ਕੀਤੀ ਗਈ ਹੈ। ਪੁਲਸ ਨੇ ਮੁਲਜ਼ਮਾਂ ਦੀ ਪਛਾਣ ਕੁਲਦੀਪ ਸਿੰਘ ਉਰਫ਼ ਗਿੱਲ ਪੱਟੀ, ਗੁਰਵਿੰਦਰ ਸਿੰਘ ਨਿਵਾਸੀ ਕੋਟਸ਼ਾਮੀਰ ਅਤੇ ਗਗਨਦੀਪ ਸਿੰਘ ਨਿਵਾਸੀ ਭੋਖੜਾ, ਜ਼ਿਲ੍ਹਾ ਬਠਿੰਡਾ ਵਜੋਂ ਕੀਤੀ ਹੈ। ਤਿੰਨਾਂ ਖ਼?ਲਾਫ਼ ਥਾਣਾ ਥਰਮਲ ’ਚ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਥਾਣਾ ਥਰਮਲ ਦੇ ਐੱਸਐੱਚਓ ਗੁਦਰਸ਼ਨ ਸਿੰਘ ਨੇ ਗ੍ਰਿਫ਼ਤਾਰੀ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਪੁਲਸ ਪਾਰਟੀ ਬੀਤੇ ਦਿਨ ਟਰਾਂਸਪੋਰਟ ਨਗਰ ਨੇੜੇ ਨਾਕਾਬੰਦੀ ਕਰਕੇ ਵਾਹਨਾਂ ਦੀ ਚੈਕਿੰਗ ਕਰ ਰਹੀ ਸੀ। ਇਸ ਦੌਰਾਨ ਇੱਕ ਬਿਨਾਂ ਨੰਬਰ ਦੀ ਵਰਨਾ ਕਾਰ ਨੂੰ ਰੋਕ ਕੇ ਤਲਾਸ਼ੀ ਲਈ ਗਈ, ਜਿਸ ’ਚ ਸਵਾਰ ਤਿੰਨਾਂ ਨੌਜਵਾਨਾਂ ਕੋਲੋਂ ਚਾਰ ਵਿਦੇਸ਼ੀ ਪਿਸਤੌਲ ਤੇ 26 ਜ਼ਿੰਦਾ ਕਾਰਤੂਸ ਬਰਾਮਦ ਹੋਏ। ਉਨ੍ਹਾਂ ਦੱਸਿਆ ਕਿ ਕਾਰ ਸੰਬੰਧੀ ਜਾਂਚ ਕੀਤੀ ਜਾ ਰਹੀ ਹੈ ਕਿ ਇਹ ਕਿੱਥੋਂ ਲਿਆਂਦੀ ਗਈ ਅਤੇ ਕਿਸ ਦੇ ਨਾਮ ’ਤੇ ਹੈ। ਪੁਲਸ ਸੂਤਰਾਂ ਮੁਤਾਬਕ ਸ਼ੁਰੂਆਤੀ ਪੁੱਛਗਿੱਛ ’ਚ ਮੁਲਜ਼ਮਾਂ ਨੇ ਕਬੂਲਿਆ ਹੈ ਕਿ ਉਹ ਬਠਿੰਡਾ ’ਚ ਗੈਂਗਵਾਰ ਦੀ ਵਾਰਦਾਤ ਨੂੰ ਅੰਜਾਮ ਦੇਣ ਦੀ ਯੋਜਨਾ ਬਣਾ ਰਹੇ ਸਨ ਅਤੇ ਉਨ੍ਹਾਂ ਦੇ ਨਿਸ਼ਾਨੇ ’ਤੇ ਜ਼ਿਲ੍ਹੇ ਦਾ ਇੱਕ ਵਾਂਟਡ ਗੈਂਗਸਟਰ ਸੀ। ਹਾਲਾਂਕਿ ਇਸ ਬਾਰੇ ਪੁਲਸ ਅਧਿਕਾਰੀਆਂ ਵੱਲੋਂ ਹਜੇ ਤੱਕ ਅਧਿਕਾਰਿਕ ਪੁਸ਼ਟੀ ਨਹੀਂ ਕੀਤੀ ਗਈ ਹੈ। ਪੁਲਸ ਹੁਣ ਮੁਲਜ਼ਮਾਂ ਦੇ ਅਪਰਾਧਿਕ ਰਿਕਾਰਡ, ਹਥਿਆਰਾਂ ਦੀ ਸਪਲਾਈ ਲਾਈਨ ਅਤੇ ਉਨ੍ਹਾਂ ਦੇ ਸੰਪਰਕਾਂ ਦੀ ਗਹਿਰੀ ਜਾਂਚ ਕਰ ਰਹੀ ਹੈ। ਇਸ ਕਾਰਵਾਈ ਨੂੰ ਜ਼ਿਲ੍ਹੇ ਵਿੱਚ ਕਾਨੂੰਨ-ਵਿਵਸਥਾ ਬਣਾਈ ਰੱਖਣ ਦੀ ਦਿਸ਼ਾ ਵਿੱਚ ਵੱਡੀ ਸਫਲਤਾ ਮੰਨਿਆ ਜਾ ਰਿਹਾ ਹੈ।

## ਪੰਜਾਬ ’ਚ ਬਿਜਲੀ ਬਿੱਲਾਂ ਨੂੰ ਲੈ ਕੇ ਪਿਆ ਵੱਡਾ ਪੰਗਾ ! ਮੁ.ਫਤ ਬਿਜਲੀ ਲੈਣ ਵਾਲੇ ਖ਼ਪਤਕਾਰਾਂ ਦੇ ਸੁੱਕੇ ਸਾਹ

**ਕੌਮੀ ਪਤ੍ਰਿਕਾ**

ਮਾਨਸਾ 13 ਫਰਵਰੀ। ਪਾਵਰਕਾਮ ਵਲੋਂ ਪਿਛਲੇ ਕਰੀਬ 2 ਤੋਂ 3 ਮਹੀਨਿਆਂ ਤੋਂ ਬਿਜਲੀ ਬਿੱਲ ਜਾਰੀ ਨਾ ਕੀਤੇ ਜਾਣ ਕਾਰਨ ਮਾਨਸਾ ਸਮੇਤ ਪੰਜਾਬ ਭਰ ’ਚ ਖ਼ਪਤਕਾਰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ। ਭਾਵੇਂ ਕਿ ਪੰਜਾਬ ਸਰਕਾਰ ਵਲੋਂ 300 ਯੂਨਿਟ ਤੱਕ ਮੁਫ਼ਤ ਬਿਜਲੀ ਦੀ ਸਹੂਲਤ ਦਿੱਤੀ ਜਾ ਰਹੀ ਹੈ ਪਰ ਇਸ ਦੇ ਬਾਵਜੂਦ ਲੋਕ ਆਪਣੇ ਬਿਜਲੀ ਬਿੱਲਾਂ ਨੂੰ ਲੈ ਕੇ ਚਿੰਤਤ ਹਨ। ਖ਼ਾਸ ਕਰ ਕੇ ਉਹ ਘਰ ਅਤੇ ਵਪਾਰਕ ਅਦਾਰੇ, ਜਿੱਥੇ ਬਿਜਲੀ ਦੀ ਖ਼ਪਤ ਜ਼ਿਆਦਾ ਹੈ, ਉਨ੍ਹਾਂ ਲਈ ਇਹ ਸਥਿਤੀ ਵੱਡੀ ਸਮੱਸਿਆ ਬਣਦੀ ਜਾ ਰਹੀ ਹੈ। ਖ਼ਪਤਕਾਰਾਂ ਦਾ ਕਹਿਣਾ ਹੈ ਕਿ ਬਿਜਲੀ ਬਿੱਲ ਸਮੇਂ ਸਿਰ ਨਾ ਮਿਲਣ ਕਾਰਨ ਉਹ ਆਪਣੀ ਖ਼ਪਤ ਦਾ ਅੰਦਾਜ਼ਾ ਨਹੀਂ ਲਗਾ ਪਾ ਰਹੇ। ਕਈ ਲੋਕ ਸਰਕਾਰੀ ਹਦਾਇਤਾਂ ਅਨੁਸਾਰ 2 ਮਹੀਨੇ ਬਿਜਲੀ ਦੀ ਬਚਤ ਕਰ ਕੇ 300 ਯੂਨਿਟ ਦੀ ਸੀਮਾ ਅੰਦਰ ਰਹਿਣ ਦੀ ਕੋਸ਼ਿਸ਼ ਕਰਦੇ ਹਨ ਪਰ ਜੇਕਰ ਤੀਜੇ ਮਹੀਨੇ ਕਿਸੇ ਕਾਰਨ ਕਰ ਕੇ ਖ਼ਪਤ ਵੱਧ ਜਾਵੇ ਤਾਂ ਉਨ੍ਹਾਂ ਨੂੰ 3 ਮਹੀਨਿਆਂ ਦੀ ਇਕੱਠੀ ਰੀਡਿੰਗ ਦੇ ਆਧਾਰ ’ਤੇ ਪੂਰਾ ਬਿੱਲ ਭਰਨਾ ਪੈ ਸਕਦਾ ਹੈ। ਇਸ ਕਾਰਨ ਮੁਫ਼ਤ ਬਿਜਲੀ ਦੀ ਸਹੂਲਤ ਤੋਂ ਵੀ ਉਹ ਵਾਂਝੇ ਰਹਿ ਸਕਦੇ ਹਨ, ਜੋ ਕਿ ਉਨ੍ਹਾਂ ਲਈ ਵੱਡਾ ਨੁਕਸਾਨ ਹੈ। ਸ਼ਹਿਰ ਦੇ ਕਈ ਵਪਾਰੀਆਂ ਅਤੇ ਦੁਕਾਨਦਾਰਾਂ ਨੇ ਦੱਸਿਆ ਕਿ ਵਪਾਰਕ ਅਦਾਰਿਆਂ ’ਚ ਪਹਿਲਾਂ ਹੀ ਬਿਜਲੀ ਦੀ ਖ਼ਪਤ ਜ਼ਿਆਦਾ ਹੁੰਦੀ ਹੈ। ਜੇਕਰ ਬਿੱਲ ਸਮੇਂ ਸਿਰ ਨਾ ਆਏ ਅਤੇ ਇਕੱਠਾ ਬਿੱਲ ਆ ਜਾਵੇ ਤਾਂ ਇਕੋ ਵਾਰ ਵੱਡੀ ਰਕਮ ਅਦਾ ਕਰਨੀ ਮੁਸ਼ਕਿਲ ਹੋ ਜਾਂਦੀ ਹੈ। ਕੁੱਝ ਵਪਾਰੀਆਂ ਨੇ ਇਹ ਵੀ ਦੋਸ਼ ਲਗਾਇਆ ਕਿ ਬਿੱਲ ਦੇਰੀ ਨਾਲ ਆਉਣ ’ਤੇ ਪੈਨਲਟੀ ਜਾਂ ਸਰਚਾਰਜ ਲੱਗਣ ਦਾ ਖ਼ਤਰਾ ਵੀ ਬਣਿਆ ਰਹਿੰਦਾ ਹੈ, ਜਿਸ ਦੀ ਜ਼ਿੰਮੇਵਾਰੀ ਖ਼ਪਤਕਾਰਾਂ ’ਤੇ ਥੋਪੀ ਜਾਂਦੀ ਹੈ। ਇਸ ਸਬੰਧੀ ਜਦੋਂ ਪਾਵਰਕਾਮ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨ੍ਹਾਂ ਵਲੋਂ ਖੁੱਲ੍ਹ ਕੇ ਕੁੱਝ ਵੀ ਕਹਿਣ ਤੋਂ ਪਰਹੇਜ਼ ਕੀਤਾ ਗਿਆ। ਹਾਲਾਂਕਿ ਕੁੱਝ ਅਧਿਕਾਰੀਆਂ ਨੇ ਗੈਰ-ਰਸਮੀ ਤੌਰ ’ਤੇ ਮੰਨਿਆ ਕਿ ਇਹ ਸਮੱਸਿਆ ਸਿਰਫ ਮਾਨਸਾ ਜ਼ਿਲ੍ਹੇ ਦੀ ਨਹੀਂ, ਸਗੋਂ ਪੂਰੇ ਪੰਜਾਬ ’ਚ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਸਿਸਟਮ ’ਚ ਤਕਨੀਕੀ ਖ਼ਾਮੀਆਂ ਅਤੇ ਪਿਛਲੇ ਦਿਨੀਂ ਕਰਮਚਾਰੀਆਂ ਦੀ ਹੜਤਾਲ ਕਾਰਨ ਬਿਲਿੰਗ ਪ੍ਰਕਿਰਿਆ ਪ੍ਰਭਾਵਿਤ ਹੋਈ ਹੈ। ਇਸ ਕਰ ਕੇ ਬਿਜਲੀ ਬਿੱਲ ਜਾਰੀ ਕਰਨ ’ਚ ਦੇਰੀ ਹੋ ਰਹੀ ਹੈ। ਖ਼ਪਤਕਾਰਾਂ ਦਾ ਇਹ ਵੀ ਕਹਿਣਾ ਹੈ ਕਿ ਬਿਜਲੀ ਦੀ ਰੀਡਿੰਗ ਸਮੇਂ ਸਿਰ ਨਾ ਹੋਣ ਨਾਲ ਉਨ੍ਹਾਂ ਨੂੰ ਭਵਿੱਖ ’ਚ ਵੱਡੀ ਮੁਸ਼ਕਲ ਪੇਸ਼ ਆ ਸਕਦੀ ਹੈ। ਕਈ ਲੋਕਾਂ ਨੂੰ ਡਰ ਹੈ ਕਿ ਜਦੋਂ ਇਕੱਠੇ ਕਈ ਮਹੀਨਿਆਂ ਦੀ ਰੀਡਿੰਗ ਕੀਤੀ ਜਾਵੇਗੀ ਤਾਂ ਬਿੱਲ ਅਚਾਨਕ ਕਾਫੀ ਵੱਡੀ ਰਕਮ ਦਾ ਆ ਸਕਦਾ ਹੈ। ਇਸ ਨਾਲ ਘਰੇਲੂ ਬਜਟ ਬਿਗੜ ਸਕਦਾ ਹੈ। ਗਰੀਬ ਅਤੇ ਮੱਧ ਵਰਗ ਦੇ ਪਰਿਵਾਰਾਂ ਲਈ ਇਹ ਸਥਿਤੀ ਹੋਰ ਵੀ ਜ਼ਿਆਦਾ ਤਕਲੀਫ਼ਦਾਇਕ ਸਾਬਤ ਹੋ ਸਕਦੀ ਹੈ। ਕੁੱਝ ਖਪਤਕਾਰਾਂ ਨੇ ਇਹ ਮੰਗ ਵੀ ਕੀਤੀ ਹੈ ਕਿ ਜੇਕਰ ਪਾਵਰਕਾਮ ਵਲੋਂ ਦੇਰੀ ਨਾਲ ਬਿੱਲ ਜਾਰੀ ਕੀਤੇ ਜਾਂਦੇ ਹਨ ਤਾਂ ਖ਼ਪਤਕਾਰਾਂ ਨੂੰ ਕਿਸੇ ਵੀ ਤਰ੍ਹਾਂ ਦਾ ਜੁਰਮਾਨਾ ਜਾਂ ਸਰਚਾਰਜ ਨਾ ਲਾਇਆ ਜਾਵੇ ਅਤੇ ਮੁਫ਼ਤ ਬਿਜਲੀ ਦੀ ਸਹੂਲਤ ਨੂੰ ਬਰਕਰਾਰ ਰੱਖਿਆ ਜਾਵੇ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਗਲਤੀ ਵਿਭਾਗ ਦੀ ਹੈ ਤਾਂ ਉਸ ਦਾ ਨੁਕਸਾਨ ਆਮ ਲੋਕਾਂ ਨੂੰ ਕਿਉਂ ਭੁਗਤਣਾ ਪਵੇ। ਇਸ ਮਾਮਲੇ ਨੂੰ ਲੈ ਕੇ ਖ਼ਪਤਕਾਰਾਂ ਨੇ ਪੰਜਾਬ ਸਰਕਾਰ ਅਤੇ ਪਾਵਰਕਾਮ ਪ੍ਰਬੰਧਨ ਤੋਂ ਉਚੇਚਾ ਧਿਆਨ ਦੇਣ ਦੀ ਮੰਗ ਕੀਤੀ ਹੈ।

